ਅਠਾਰ੍ਹਵੀਂ ਸਦੀ ਦਾ ਸਿੱਖ ਯੋਧਾ

## ਸਰਦਾਰ

# ਜੱਸਾ ਸਿੰਘ ਰਾਮਗੜ੍ਹੀਆ

[੧੭੨੩-੧੮੦੩]

ਪ੍ਰਿਥੀਪਾਲ ਸਿੰਘ ਕਪੂਰ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

The book entitled "Jassa Singh Ramgarhia" is an authentic readable biography and, in a way, a contribution to Sikh History. Many boigraphies of Sikh History have been vitiated because their authors have not taken a detached view of facts and figures of the subject matter of their biographies. S. Prithipal Singh a young scholar in the preparation of this biography, has tapped the original sources as a student of history should do and for that he deserves appraciation.

Kirpal Singh Narang
Deputy Registrar (Admn.) Panjab University,
Formerly Principal, Ramgarhia College, Phagwara.

I have read the book very carefully. I find it to be a very good first effort.

Ganda Singh
Retd. Director of Archives

ਸ੍ਰੀ ਪ੍ਰਿਥੀਪਾਲ ਸਿੰਘ ਜੀ ਨੇ ਜੱਸਾ ਸਿੰਘ ਰਾਮਗੜ੍ਹੀਏ ਦੀ ਜੀਵਨੀ ਲਿਖ ਕੇ ਪੰਜਾਬ ਦੀ ਮਹਾਨ ਸੇਵਾ ਕੀਤੀ ਹੈ। ਅਤੇ ਦੂਜੇ ਪੰਜਾਬੀ ਨੌਜਵਾਨ ਵਿਦਵਾਨਾਂ ਲਈ ਮਿਸਾਲ ਕਾਇਮ ਕਰ ਦਿੱਤੀ ਹੈ। ਇਸ ਜੀਵਨੀ ਦੇ ਲਿਖਣ ਵਿਚ ਸ੍ਰੀ ਪ੍ਰਿਥੀਪਾਲ ਸਿੰਘ ਜੀ ਨੇ ਫ਼ਾਰਸੀ, ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ ਦੇ ਉਨ੍ਹਾਂ ਸਭ ਰੀਕਾਰਡਾਂ ਦਾ ਅਧਿਐਨ ਕੀਤਾ ਹੈ ਜੋ ਹੁਣ ਤਕ ਸਾਡੇ ਗਿਆਨ ਵਿਚ ਆ ਚੁਕੇ ਹਨ ਅਤੇ ਉਨ੍ਹਾਂ ਦਾ ਠੀਕ ਇਤਿਹਾਸਕ ਮੁੱਲ ਪਾਣ ਵਜੋਂ ਪੂਰੀ ਛਾਣ-ਬੀਣ ਵੀ ਕੀਤੀ ਹੈ।........

ਮੈਨੂੰ ਪੂਰੀ ਆਸ ਹੈ ਕਿ ਪੰਜਾਬ ਦੇ ਵਿਦਵਾਨ ਇਸ ਮਾਨੋਗਰਾਫ਼ ਨੂੰ ਜੀ ਆਇਆਂ ਕਹਿਣਗੇ ਅਤੇ ਲੇਖਕ ਦੀ ਮਿਹਨਤ ਦੀ ਸ਼ਲਾਘਾ ਕਰਨਗੇ।

ਹਰੀ ਰਾਮ ਗੁਪਤਾ
ਹੈਡ ਆਫ਼ ਦੀ ਹਿਸਟਰੀ ਡੀਪਾਰਟਮੈਂਟ, ਪੰਜਾਬ ਯੂਨੀਵਰਸਿਟੀ, ਹੁਸ਼ਿਆਰਪੁਰ

ਲੇਖਕ ਨੇ ਬੜੀ ਮਿਹਨਤ ਕਰ ਕੇ ਮਸਾਲਾ ਇਕੱਤਰ ਕੀਤਾ ਹੈ। ਕਿਤਾਬ ਵਿਚ ਦਿੱਤੇ ਹਵਾਲੇ ਬੜੇ ਨਿੱਗਰ ਇਤਿਹਾਸਕ ਉਦਗਮਾਂ (sources) ਤੋਂ ਲਏ ਗਏ ਹਨ, ਜਿਹੜੇ ਇਸ ਪੁਸਤਕ ਨੂੰ ਇਕ ਖੰਜ-ਪੂਰਤ ਪੁਸਤਕ ਬਣਾਂਦੇ ਹਨ।

ਕਿਰਪਾਲ ਸਿੰਘ ਐਮ. ਏ. ਇਨਚਾਰਜ,
ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖ਼ਾਲਸਾ ਕਾਲਜ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਇਹ ਕੋਈ ਡੇਢ ਕੁ ਸੌ ਸਫ਼ੇ ਦੀ ਅਠਾਰ੍ਹਵੀਂ ਸ਼ਤਾਬਦੀ ਦੇ ਇਕ ਬਹਾਦਰ ਸਿੱਖ ਯੋਧੇ ਦੀ ਜੀਵਨੀ ਸ: ਪ੍ਰਿਥੀਪਾਲ ਸਿੰਘ ਦੀ ਸੁਚੱਜੀ ਇਤਿਹਾਸਕ ਖੋਜ ਦਾ ਸਿੱਟਾ ਹੈ। ਜਿੱਥੇ ਇਹ ਪੁਸਤਕ ਉਕਤ ਸਰਦਾਰ ਜੀ ਦਿਆਂ ਕਰਤਵਾਂ ਤੇ ਘਾਲਨਾਵਾਂ ਤੇ ਚਾਨਣ ਪਾਂਦੀ ਹੈ, ਉਥੇ ਸਿੱਖ ਆਚਰਣ ਤੇ ਗਿਰਾਉ ਦਾ ਵੀ ਨਕਸ਼ਾ ਖਿੱਚਦੀ ਹੈ।.........

ਲਾਇਕ ਲੇਖਕ ਨੇ ਜੀਵਨੀ ਦਾ ਆਧਾਰ ਆਪਣੀ ਕਲਪਨਾ ਨੂੰ ਨਹੀਂ ਬਣਾਇਆ। ਸਮਕਾਲੀ ਲੇਖਕਾਂ ਦੀਆਂ ਪੁਸਤਕਾਂ ਉਤੇ ਜੀਵਨੀ ਦੀ ਨੀਂਹ ਰੱਖੀ ਹੈ ਅਤੇ ਤੋੜ ਤੀਕ ਇਸ ਚਾਲ ਨੂੰ ਨਿਬਾਹਿਆ ਹੈ ਅਤੇ ਪਰਗਟ ਕੀਤਾ ਹੈ ਕਿ ਸ: ਜੱਸਾ ਸਿੰਘ ਰਾਮਗੜ੍ਹੀਆ ਇਕ ਅਦੁੱਤੀ ਯੋਧਾ ਹੋਣ ਦੇ ਬਾਵਜੂਦ ਸੀਨੇ ਵਿਚ ਸਿੱਖੀ ਦੀ ਤੜਪ ਵੀ ਰੱਖਦਾ ਸੀ, ਜਿਸ ਦਾ ਨਤੀਜਾ ਉਸ ਦਾ ਉੱਚਾ ਸਿੱਖੀ ਆਚਰਣ ਸੀ। ਆਸ ਹੈ ਕਿ ਇਸ ਛੋਟੀ ਜੇਹੀ ਪੁਸਤਕ ਦੀ ਕਦਰ ਕੀਤੀ ਜਾਵੇਗੀ।

ਭਾਈ ਜੋਧ ਸਿੰਘ
(ਰੀਟਾਇਰਡ ਪ੍ਰਿੰਸੀਪਲ)
੪੯੬, ਮਾਡਲ ਟਾਊਨ, ਲੁਧਿਆਣਾ

The book is written in a truly historical spirit and well up documented and authenticated. The language is good central Panjabi....... I congratulate the author on his success in producing a very useful and dependable book.

Teja Singh M.A.
Retd. Principal
25-Race Course Road, Amritsar.

Sri Satguru Jagjit Singh Ji eLibrary NamdhariElibrary@gmail.com

The book on Sardar Jassa Singh Ramgarhia, a prominent misaldar of the 18th Century, is an interesting and illuminating historical study. Though primarily intended to be a biography of the great leader, it brings into clear relief, the chaotic political condition that prevailed in the Punjab consequent upon the decline of once mighty Mughal Empire. The work illustrates how Sardar Jassa Singh Ramgarhia like many another military adventurers of the day, was able to carve out a principality under his control during the period of confusion and quick changes of authority in the region. It throws welcome light on a comparatively dark period of Punjab History and enables the student to properly understand the situation as it existed, immediately before the rise of Maharaja Ranjit Singh, who succeeded in welding the discordent elements into a sovereign state.

The monograph is an elaboration of his M. A. thesis already approved by the Panjab University and gives ample evidence of the critical study by Prof. Prithipal Singh Kapur of the vast historical material on the subject lying scattered at various plans. The work in Panjabi is sure to be read by a wider public and disseminate knowledge of authentic history among the people.

V. S. SURI M. A.
Keeper of Records
Punjab Govt., Simla.

Sri Satguru Jagjit Singh Ji eLibrary NamdhariElibrary@gmail.com

ਅਠਾਰ੍ਹਵੀਂ ਸਦੀ ਦਾ ਸਿਖ ਯੋਧਾ

# ਸਰਦਾਰ

# ਜੱਸਾ ਸਿੰਘ ਰਾਮਗੜ੍ਹੀਆ

(੧੭੨੩—੧੮੦੩)

ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

50th

Indian Independence Anniversary 1947-1997

"ABANDON THE WEAPONS FIRST
BE NON VIOLENT,
AND FORGIVE THE SINNERS;
NO ENMITY, AND FORGET
ABOUT REVENGE;
THEN WE GET WORLD-PEACE."

H.H. SHRI SATGURU JAGJIT SINGH JEE
V. & P. O. SRI BHAINI SAHIB INDIA

Sri Satguru Jagjit Singh Ji eLibrary NamdhariElibrary@gmail.com

ਕੋਊ ਕਿਸੀ ਕੋ ਰਾਜ ਨ ਦੇ ਹੈ ॥
ਜੋ ਲੇ ਹੈ, ਨਿਜ ਬਲ ਸੇ ਲੇ ਹੈ ॥

ਅਠਾਰ੍ਹਵੀਂ ਸਦੀ ਦਾ ਸਿੱਖ ਯੋਧਾ

# ਸ: ਜੱਸਾ ਸਿੰਘ ਰਾਮਗੜ੍ਹੀਆ

[੧੭੨੩-੧੮੦੨]

ਪ੍ਰਿੰ: ਪ੍ਰਿਥੀਪਾਲ ਸਿੰਘ ਕਪੂਰ, ਐਮ. ਏ.
ਗੁਰੂ ਨਾਨਕ ਨਵ ਭਾਰਤ ਕਾਲਜ, ਨਰੂੜ ਪੰਛਟ (ਕਪੂਰਥਲਾ)

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਰਾਖਵੇਂ ਹਨ ।

ਪਹਿਲੀ ਵਾਰ ਮਾਰਚ ੧੯੫੭
ਦੂਜੀ ਵਾਰ ਅਪ੍ਰੈਲ ੧੯੬੯
ਤੀਜੀ ਵਾਰ ਅਗਸਤ ੧੯੭੭
ਮੁੱਲ Rs 7/-

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :
ਜੀਊਲ ਫਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਆਪਣੇ ਸਵਰਗਸ ਦਾਦਾ

ਲਾਲਾ ਧਨੀ ਰਾਮ ਜੀ ਕਪੂਰ

ਨੂੰ

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | | |
|---|---|---|
| ਮੁਖ ਬੰਧ | ਡਾ: ਹਰੀ ਰਾਮ ਗੁਪਤਾ | ੫ |
| ਭੂਮਿਕਾ | ਪ੍ਰੋ: ਕਿਰਪਾਲ ਸਿੰਘ | ੭ |
| ਪ੍ਰਵੇਸ਼ਕਾ | ... ... ... ... | ੧੧ |

੧. ਮੁਢਲਾ ਜੀਵਨ (੧੭੨੩–੪੮) ੨੫

੨. ਜੱਸਾ ਸਿੰਘ ਨੂੰ ਰਾਮਗੜ੍ਹੀਆ ਪਦਵੀ ਮਿਲਣੀ (ਸਤੰਬਰ ੧੭੪੮ ਤੋਂ ਨਵੰਬਰ ੧੭੪੮) ੩੭

੩. ਨਾਂ ਦੀ ਲਾਜ (੧੭੪੮–੬੧) ੫੦

੪. ਅਬਦਾਲੀ ਨਾਲ ਜੰਗ (੧੭੬੧–੧੭੬੭) ੬੨

੫. ਰਾਜ ਭਾਗ (੧੭੬੭–੧੭੭੪) ੬੮

੬. ਸ਼ਰੀਕਾਂ ਨਾਲ ਟੱਕਰ (੧੭੭੪–੧੭੭੬) ੭੮

੭. ਜੱਸਾ ਸਿੰਘ ਦੀ ਅਵੱਨਤੀ (੧੭੭੬) ੮੮

੮. ਦੇਸ਼-ਨਿਕਾਲਾ (੧੭੭੬–੮੩) ੯੨

੯. ਪੁਨਰ ਸਥਾਪਨ (੧੭੮੩–੮੪) ੧੦੨

੧੦. ਹੋਰ ਮਿਸਲਾਂ ਨਾਲ ਝੜਪਾਂ (੧੭੮੪–੯੬) ੧੧੦

੧੧. ਲੰਮੇ ਜੀਵਨ-ਘੋਲ ਦਾ ਅੰਤ (੧੭੯੬–੧੮੦੩) ੧੧੭

੧੨. ਆਚਰਣ ੧੧੭

੧੩. ਅੰਤਿਕਾ ੧ (ਜੱਸਾ ਸਿੰਘ ਦੇ ਵਾਰਸ) ੧੩੩

੧੪. ਅੰਤਿਕਾ ੨ (ਜੱਸਾ ਸਿੰਘ ਦੀ ਬੰਸਾਵਲੀ) ੧੭-੨੪

੧੫. ਅੰਤਿਕਾ ੩ (ਪੁਸਤਕ ਸੂਚੀ) ੧੩੭

੧੬. ਇੰਡੈਕਸ ੧੪੭


Sri Satguru Jagjit Singh Ji eLibrary NamdhariElibrary@gmail.com

# ਮੁਖ-ਬੰਧ

ਇਤਿਹਾਸ ਅਤੇ ਜੀਵਨੀ ਦਾ ਬਹੁਤ ਡੂੰਘਾ ਸਬੰਧ ਹੈ। ਕਿਸੇ ਦੇਸ਼ ਦੇ ਇਤਿਹਾਸ ਨੂੰ ਠੀਕ ਢੰਗ ਨਾਲ ਸਮਝਣ ਲਈ, ਉਸ ਦੇਸ਼ ਦੇ ਮਹਾਂ ਪੁਰਸ਼ਾਂ ਦੀਆਂ ਜੀਵਨੀਆਂ ਪੜ੍ਹਨਾ ਅਤਿਅੰਤ ਲੋੜੀਂਦੀ ਗੱਲ ਹੈ। ਜੀਵਨੀਆਂ ਪੜ੍ਹਨ ਨਾਲ ਸਾਨੂੰ ਇਹ ਪਤਾ ਲਗਦਾ ਹੈ ਕਿ ਕਿਸੇ ਦੇਸ਼ ਵਿਚ, ਕਿਸੇ ਖ਼ਾਸ ਸਮੇਂ ਸਮਾਜ ਅਤੇ ਕੌਮ ਦੀਆਂ ਕੀ ਸਮੱਸਿਆਵਾਂ ਸਨ ਅਤੇ ਉਸ ਕੌਮ ਜਾਂ ਸਮਾਜ ਦੇ ਮਹਾਂ ਪੁਰਸ਼ਾਂ ਨੇ ਉਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀ ਕੀ ਤਰੀਕੇ ਸੋਚੇ, ਕਿਨ੍ਹਾਂ ਉਪਰ ਅਮਲ ਕੀਤਾ ਅਤੇ ਆਪਣੇ ਟੀਚੇ ਪੁਰ ਪਹੁੰਚਾਣ ਵਿਚ ਕਿਸ ਹਦ ਤਕ ਸਫ਼ਲ ਹੋਏ।

ਅਠਾਰ੍ਹਵੀਂ ਸਦੀ ਵਿਚ ਸਿਖ ਸਰਦਾਰਾਂ ਨੇ ਪੰਜਾਬ ਵਿਚ ਆਪਣੀ ਬੀਰਤਾ ਦੇ ਅਜਿਹੇ ਕਾਰਨਾਮੇ ਵਿਖਾਏ ਕਿ ਸੈਂਕੜੇ ਸਾਲਾਂ ਤੋਂ ਇਸ ਦੇਸ਼ ਉਪਰ ਹਮਲਾ ਕਰਨ ਵਾਲੇ ਬਦੇਸ਼ੀ ਜਰਵਾਣਿਆਂ ਦੇ ਦੰਦ ਖੱਟੇ ਕਰ ਦਿੱਤੇ ਅਤੇ ਉਨ੍ਹਾਂ ਦੇ ਵਗਦੇ ਹੜ੍ਹ ਨੂੰ ਇਸ ਤਰ੍ਹਾਂ ਬੰਨ੍ਹ ਲਾਇਆ ਕਿ ਉਨ੍ਹਾਂ ਨੇ ਫਿਰ ਕਦੀ ਇਸ ਦੇਸ਼ ਵਲ ਤਕਣ ਦਾ ਹੀਆ ਨਾ ਕੀਤਾ।

ਇਨ੍ਹਾਂ ਪਰਸਿਧ ਬੀਰ ਸਿਖ ਸਰਦਾਰਾਂ ਵਿਚੋਂ ਇਕ ਸਰਦਾਰ, ਜੱਸਾ ਸਿੰਘ ਰਾਮਗੜ੍ਹੀਆ ਸੀ। ਉਸ ਨੇ ਸਿੱਖਾਂ ਦੇ ਅੰਮ੍ਰਿਤਸਰ ਵਿਚਲੇ ਕਿਲ੍ਹੇ ਰਾਮ ਰਾਉਣੀ, ਜਿਸ ਨੂੰ ਮੀਰ ਮੰਨੂੰ ਨੇ ਵੀ ਢਾਹ ਦਿੱਤਾ ਸੀ, ਕਈ ਵਾਰੀ ਮੁੜ ਉਸਾਰਿਆ ਅਤੇ ਇਸ ਨੂੰ ਅਗੇ ਨਾਲੋਂ ਵੀ ਮਜ਼ਬੂਤ ਬਣਾ ਦਿੱਤਾ। ਇਸ ਕਿਲ੍ਹੇ ਦਾ ਨਾਂ ਸਰਦਾਰ ਜੱਸਾ ਸਿੰਘ ਨੇ ਰਾਮਗੜ੍ਹ ਰਖਿਆ। ਇਸ ਕਿਲ੍ਹੇ ਦੇ ਨਾਂ ਤੇ ਹੀ ਲੋਕੀਂ ਜੱਸਾ ਸਿੰਘ ਨੂੰ ਰਾਮਗੜ੍ਹੀਆ ਦੇ ਨਾਂ ਨਾਲ ਸੰਬੋਧਨ ਕਰਨ ਲਗੇ। ਜੱਸਾ ਸਿੰਘ ਤੋਂ ਪਿਛੋਂ ਉਸ ਦੀ ਆਪਣੀ ਬਰਾਦਰੀ ਦੇ ਭਾਈ-ਬੰਦ ਵੀ ਆਪਣੇ ਆਪ ਨੂੰ ਇਸੇ ਨਾਂ ਨਾਲ ਸਬੰਧਤ ਕਰਨ ਲਗ।



Sri Satguru Jagjit Singh Ji eLibrary NamdhariElibrary@gmail.com

ਪਏ। ਜੱਸਾ ਸਿੰਘ ਰਾਮਗੜ੍ਹੀਏ ਦੀ ਬੀਰਤਾ ਦੇ ਕਾਰਨ ਹੀ ਇਕ ਸਮਕਾਲੀ ਇਤਿਹਾਸਕਾਰ ਨੇ, ਜਿਸ ਨੇ ਜੱਸਾ ਸਿੰਘ ਨੂੰ ਆਪ ਲੜਦਿਆਂ ਵੇਖਿਆ ਸੀ, ਜੱਸਾ ਸਿੰਘ ਨੂੰ ਸ਼ੇਰ ਨਾਲ ਤੁਲਨਾ ਦਿੱਤੀ ਹੈ।

ਪੰਜਾਬ ਦੇ ਇਤਿਹਾਸ ਵਿਚ ਆਮ ਕਰਕੇ ਅਤੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਕਰਕੇ, ਉਘੇ ਲੀਡਰਾਂ ਦੀਆਂ ਜੀਵਨੀਆਂ ਬਹੁਤ ਘਟ ਮਿਲਦੀਆਂ ਹਨ। ਸ਼ਿਰੀ ਪ੍ਰਿਥੀਪਾਲ ਸਿੰਘ ਜੀ ਨੇ, ਸ: ਜੱਸਾ ਸਿੰਘ ਰਾਮਗੜ੍ਹੀਏ ਦੀ ਜੀਵਨੀ ਲਿਖ ਕੇ ਪੰਜਾਬ ਦੀ ਮਹਾਨ ਸੇਵਾ ਕੀਤੀ ਹੈ ਅਤੇ ਦੂਜੇ ਪੰਜਾਬੀ ਨੌਜਵਾਨ ਵਿਦਵਾਨਾਂ ਲਈ ਇਕ ਸੋਹਣੀ ਮਿਸਾਲ ਕਾਇਮ ਕਰ ਦਿੱਤੀ ਹੈ। ਇਸ ਜੀਵਨੀ ਦੇ ਲਿਖਣ ਵਿਚ ਸ਼ਿਰੀ ਪ੍ਰਿਥੀਪਾਲ ਸਿੰਘ ਜੀ ਨੇ ਫ਼ਾਰਸੀ, ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ ਦੇ ਉਨ੍ਹਾਂ ਸਾਰੇ ਰੀਕਾਰਡਾਂ ਦਾ ਅਧਿਅਨ ਕੀਤਾ ਹੈ ਜੋ ਹੁਣ ਤਕ ਸਾਡੇ ਗਿਆਨ ਵਿਚ ਆ ਚੁਕੇ ਹਨ ਅਤੇ ਉਨ੍ਹਾਂ ਦਾ ਠੀਕ ਇਤਿਹਾਸਕ ਮੁਲ ਪਾਣ ਵਜੋਂ ਪੂਰੀ ਛਾਣ-ਬੀਣ ਵੀ ਕੀਤੀ ਹੈ। ਇਨ੍ਹਾਂ ਸਭ ਰੀਕਾਰਡਾਂ ਦੇ ਆਧਾਰ ਤੇ ਹੀ ਇਹ ਪੁਸਤਕ ਲਿਖੀ ਗਈ ਹੈ। ਮੈਨੂੰ ਪੂਰੀ ਆਸ ਹੈ ਕਿ ਪੰਜਾਬ ਦੇ ਵਿਦਵਾਨ ਇਸ ਮਾਨੋਗਰਾਫ਼ (Monograph) ਨੂੰ ਜੀ ਆਇਆਂ ਕਹਿਣਗੇ ਅਤੇ ਲੇਖਕ ਦੀ ਮਿਹਨਤ ਦੀ ਸ਼ਲਾਘਾ ਕਰਨਗੇ, ਤਾਂ ਜੁ ਬਾਕੀ ਦੇ ਨੌਜਵਾਨ ਵਿਦਵਾਨਾਂ ਉਪਰ ਵੀ ਇਸ ਦਾ ਡੂੰਘਾ ਪ੍ਰਭਾਵ ਪਵੇ ਅਤੇ ਉਹ ਵੀ ਸ਼ਿਰੀ ਪ੍ਰਿਥੀਪਾਲ ਸਿੰਘ ਜੀ ਵਾਂਗ ਇਤਿਹਾਸਕ ਖੋਜ ਦੇ ਖੇਤਰ ਵਿਚ ਆ ਕੇ ਆਪਣੇ ਪਿਆਰੇ ਦੇਸ਼ ਦੀ ਸੇਵਾ ਕਰਨ। ਮੈਂ ਇਹ ਵੀ ਆਸ ਰਖਦਾ ਹਾਂ ਕਿ ਸ਼ਿਰੀ ਪ੍ਰਿਥੀਪਾਲ ਸਿੰਘ ਜੀ ਇਸ ਮਾਨੋਗਰਾਫ਼ (Monograph) ਤੇ ਹੀ ਬੱਸ ਨਹੀਂ ਕਰਨਗੇ, ਸਗੋਂ ਆਪਣੇ ਇਸ ਸ਼ੁਭ ਕੰਮ ਨੂੰ ਲਗਾਤਾਰ ਜਾਰੀ ਰਖਣਗੇ।

ਇਤਿਹਾਸ ਵਿਭਾਗ,<br>ਪੰਜਾਬ ਯੂਨੀਵਰਸਿਟੀ<br>ਹੁਸ਼ਿਆਰਪੁਰ<br>ਮਿਤੀ ੧੩. ੩. ੧੯੫੭

ਹਰੀ ਰਾਮ ਗੁਪਤਾ

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

ਭਾਰਤ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦਾ ਸਮਾਂ ਰਜਵਾੜੇ-ਸ਼ਾਹੀ ਦਾ ਸਮਾਂ ਸੀ। ਵਖ ਵਖ ਪ੍ਰਾਂਤਾਂ ਵਿਚ ਮੁਗ਼ਲ ਸਰਕਾਰ ਦੇ ਆਪਣੇ ਹੀ ਨਵਾਬ ਜਾਂ ਗਵਰਨਰ ਸੁਤੰਤਰ ਹੋ ਬੈਠੇ ਸਨ ਅਤੇ ਮੁਗ਼ਲ ਸਾਮਰਾਜ ਦਾ ਸੂਰਜ ਡੁਬ ਚੁਕਾ ਸੀ। ਪੰਜਾਬ ਇਕ ਸਰਹੱਦੀ ਪ੍ਰਾਂਤ ਹੋਣ ਦੇ ਕਾਰਨ ਫ਼ੌਜੀ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਤਾ ਰਖਦਾ ਸੀ। ਇਸ ਪ੍ਰਾਂਤ ਵਿਚ ਬਾਕੀ ਪ੍ਰਾਂਤਾਂ ਨਾਲੋਂ ਰਾਜ-ਰੋਲਾ ਵੀ ਵਧ ਸੀ, ਕਿਉਂਕਿ ਇਸ ਪ੍ਰਾਂਤ ਵਿਚ ਰਾਜ-ਨੀਤਕ ਬਲ ਪ੍ਰਾਪਤ ਕਰਨ ਦੀ ਲੜਾਈ ਦੋ ਧਿਰਾਂ ਵਿਚ ਨਹੀਂ, ਸਗੋਂ ਚਾਰ ਧਿਰਾਂ — ਅਫ਼ਗਾਨਾਂ, ਮੁਗ਼ਲਾਂ, ਮਰਹੱਟਿਆਂ ਅਤੇ ਸਿੱਖਾਂ ਵਿਚ ਸੀ।

ਅਠਾਰ੍ਹਵੀਂ ਸਦੀ ਦੇ ਮਧ ਵਿਚ, ਮਨੂੰਪੁਰ ਦੀ ਲੜਾਈ ਤੋਂ ਪਿੱਛੋਂ, ਮੁਗ਼ਲਾਂ ਵਲੋਂ ਮੀਰ ਮਨੂੰ ਨੂੰ ਪੰਜਾਬ ਦਾ ਗਵਰਨਰ ਨੀਅਤ ਕੀਤਾ ਗਿਆ। ਪਰ ਸ਼ੀਘਰ ਹੀ ਪਿੱਛੋਂ ਅਫ਼ਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਦੇ ਵਧਦੇ ਬਲ ਅਤੇ ਤੇਜ-ਪ੍ਰਤਾਪ ਨੂੰ ਵੇਖ ਕੇ ਮੀਰ ਮਨੂੰ, ਅਫ਼ਗਾਨਾਂ ਨਾਲ ਮਿਲ ਗਿਆ। ਉਸ ਦੀ ਮੌਤ ਤੋਂ ਪਿੱਛੋਂ ਜਦ ਉਸ ਦੀ ਬੇਗਮ, ਮੁਗ਼ਲਾਣੀ ਬੇਗ਼ਮ ਨੇ ਪੰਜਾਬ ਦੀ ਵਾਗ-ਡੋਰ ਸੰਭਾਲੀ ਤਾਂ ਉਸ ਨੇ ਵੀ ਅਬਦਾਲੀ ਦਾ ਸਾਥ ਦੇਣਾ ਹੀ ਠੀਕ ਸਮਝਿਆ। ਪਰ ਉਹ ਇਸ ਢੰਗ ਨਾਲ ਵੀ ਆਪਣੀ ਪਦਵੀ ਨੂੰ ਕਾਇਮ ਰਖਣ ਵਿਚ ਅਸਫਲ ਰਹੀ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਹਾਕਮ ਨੀਅਤ ਕਰ ਦਿੱਤਾ। ਇਧਰ ਮਰਹੱਟੇ ਸਰਦਾਰ ਵੀ ਦਿੱਲੀ ਪੁਜਣ ਤੋਂ ਉਪਰੰਤ ਪੰਜਾਬ ਦੀ ਰਮਣੀਕ ਧਰਤੀ ਨੂੰ ਆਪਣੇ ਅਧੀਨ ਕਰਨ ਲਈ ਉਤਾਵਲੇ ਸਨ। ਸਿੱਖਾਂ ਨੇ ਰਘੂਨਾਥ ਰਾਓ ਦੀ ਸਹਾਇਤਾ ਕੀਤੀ ਅਤੇ ਇਸ ਪਰਕਾਰ ਮਰਹੱਟਿਆਂ ਨੇ ਅਟਕ ਤਕ ਪੰਜਾਬ ਦੇ ਇਲਾਕੇ ਤੇ ਆਪਣਾ ਅਧਿਕਾਰ ਜਮਾ ਲਿਆ। ਇਸ ਤ੍ਰਿਪੱਖੀ ਘੋਲ ਵਿਚੋਂ ਹੁਣ ਮੁਗ਼ਲ ਤਾਂ ਭਾਂਜ ਖਾ ਗਏ ਅਤੇ ਲੜਾਈ ਕੇਵਲ



Sri Satguru Jagjit Singh Ji eLibrary NamdhariElibrary@gmail.com

ਮਰਹੱਟਿਆਂ ਅਤੇ ਅਫ਼ਗਾਨਾਂ ਵਿਚਕਾਰ ਰਹਿ ਗਈ। ਪਾਨੀਪਤ ਦੀ ਤੀਜੀ ਲੜਾਈ ਵਿਚ ਅਫ਼ਗਾਨਾਂ ਦੀ ਵਿਜੇ ਨਾਲ ਪੰਜਾਬ ਵਿਚ ਮਰਹੱਟਾ ਤਾਕਤ ਦਾ ਵੀ ਅੰਤ ਹੋ ਗਿਆ ਅਤੇ ਮੁਕਾਬਲਾ ਕੇਵਲ ਪੰਜਾਬ ਦੀ ਦੁਖੀ ਪਰਜਾ ਦੇ ਰਖਸ਼ਕ ਸਿੱਖਾਂ ਅਤੇ ਜ਼ਾਲਮ ਅਫ਼ਗਾਨਾਂ ਵਿਚਕਾਰ ਰਹਿ ਗਿਆ। ਅਬਦਾਲੀ ਦੇ ਨਿਤ ਦੇ ਹੱਲੇ ਅਤੇ ਉਸ ਦੇ ਅਫ਼ਸਰਾਂ ਦੀਆਂ ਸਖ਼ਤੀਆਂ ਨੇ ਦੋਹਾਂ ਧਿਰਾਂ ਵਿਚਕਾਰ ਮੁਕਾਬਲਾ ਹੋਰ ਵੀ ਸਖ਼ਤ ਬਣਾ ਦਿੱਤਾ। ਇਨ੍ਹਾਂ ਸਖ਼ਤੀਆਂ ਤੋਂ ਪੰਜਾਬ ਦੀ ਜਨਤਾ ਇੰਨੀ ਤੰਗ ਆ ਗਈ ਕਿ ਲੋਕਾਂ ਵਿਚ ਇਹ ਅਖਾਣ ਮਸ਼ਹੂਰ ਹੋ ਗਿਆ :—

> ਖਾਧਾ ਪੀਤਾ ਲਾਹੇ ਦਾ,
> ਰਹਿੰਦਾ ਅਹਿਮਦ ਸ਼ਾਹੇ ਦਾ।

ਅੰਤ ਸਿੱਖਾਂ ਨੇ ਇਨ੍ਹਾਂ ਜ਼ੁਲਮਾਂ ਦਾ ਅੰਤ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾਣ ਦਾ ਫ਼ੈਸਲਾ ਕਰ ਲਿਆ। ਧਾੜਵੀ ਅਤੇ ਵਿਭਚਾਰੀ ਅਫ਼ਗਾਨਾਂ ਦਾ ਮੁਕਾਬਲਾ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਦੇ ਉਹ ਦ੍ਰਿੜ੍ਹ ਵਿਸ਼ਵਾਸੀ ਸਿੱਖ ਸਨ, ਜਿਨ੍ਹਾਂ ਦਾ ਆਚਰਣ ਅਤੇ ਜੀਵਨ ਉਸ ਅੰਧ-ਅੰਧਾਰ ਦੇ ਸਮੇਂ ਵਿਚ ਚਾਨਣ-ਮੁਨਾਰੇ ਦਾ ਕੰਮ ਦਿੰਦਾ ਸੀ। ਕਾਜ਼ੀ ਨੂਰ ਮੁਹੰਮਦ, ਜਿਸ ਨੇ ਆਪਣੇ ਜੰਗਨਾਮੇ ਵਿਚ ਸਿੱਖਾਂ ਨੂੰ ਬੜੇ ਘਿਰਣਤ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ, ਸਿੱਖਾਂ ਦੇ ਉਚ ਆਚਰਣ ਦੀ ਸਾਖੀ ਭਰਦਾ ਹੈ ਅਤੇ ਲਿਖਦਾ ਹੈ ਕਿ "ਸਿਖ ਕਿਸੇ ਭੱਜੇ ਜਾਂਦੇ ਕਮਜ਼ੋਰ ਨੂੰ ਨਹੀਂ ਮਾਰਦੇ"। ਵਰਨਣ ਯੋਗ ਗੱਲ ਇਹ ਹੈ ਕਿ ਕਾਜ਼ੀ ਨੂਰ ਮੁਹੰਮਦ ਨੇ ਮੰਨਿਆ ਹੈ ਕਿ "ਸਿਖ ਕਿਸੇ ਇਸਤ੍ਰੀ ਨਾਲ ਬੁਰਾ ਸਲੂਕ ਨਹੀਂ ਕਰਦੇ, ਭਾਵੇਂ ਉਹ ਜੁਆਨ ਹੋਵੇ ਭਾਵੇਂ ਬੁੱਢੀ, ਜੰਗ ਵਿਚ ਆ ਜਾਵੇ ਤਾਂ ਉਸ ਨੂੰ ਪਿਛਾਂਹ ਕਰ ਦੇਂਦੇ ਹਨ।" ਇਸ ਪਰਕਾਰ ਦੀਆਂ ਕਈ ਘਟਨਾਵਾਂ ਹੋਰ ਮਿਲਦੀਆਂ ਹਨ, ਜੋ ਅਠਾਰ੍ਹਵੀਂ ਸਦੀ ਦੇ ਸਿਖ ਸਰਦਾਰਾਂ ਦੇ ਉਚ-ਆਚਰਣ ਨੂੰ ਦ੍ਰਿੜ੍ਹਾਉਂਦੀਆਂ ਹਨ।

ਉਚ ਕੋਟੀ ਦੇ ਬੀਰ ਪੰਜਾਬੀ ਸਿਤਾਰਿਆਂ ਵਿਚੋਂ ਸ: ਜੱਸਾ ਸਿੰਘ ਰਾਮਗੜ੍ਹੀਆ ਵੀ ਇਕ ਸੀ। ਉਹ ਸਭ ਤੋਂ ਪਹਿਲਾ ਸਿਖ ਸਰਦਾਰ ਸੀ, ਜਿਸ ਨੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਨੂੰ ਆਪਣੀ ਸ਼ਕਤੀ ਅਤੇ ਯੋਗਤਾ ਦੇ ਸਦਕੇ ਆਪਣੇ ਅਧੀਨ ਕੀਤਾ। ਇਹ ਕੇਵਲ ਸਰਦਾਰ ਜੱਸਾ ਸਿੰਘ ਦੀ ਪਹਾੜੀ ਖੇਤਰ ਵਿਚ ਸਫਲਤਾ ਦਾ ਸਦਕਾ ਹੀ ਸੀ ਕਿ ਬਾਕੀ ਸਿਖ ਸਰਦਾਰਾਂ ਨੇ ਵੀ ਪਹਾੜੀ ਇਲਾਕਿਆਂ ਦੀ ਜਿੱਤ ਵਲ ਧਿਆਨ ਦਿਤਾ। ਸਤਲੁਜ ਦੇ



Sri Satguru Jagjit Singh Ji eLibrary NamdhariElibrary@gmail.com

ਉੱਤਰ ਵਲ ਦੀਆਂ ਜਿੱਤਾਂ ਤੋਂ ਛੁਟ ਸਰਦਾਰ ਜੱਸਾ ਸਿੰਘ ਦਾ ਨਾਂ ਸਤਲੁਜ ਦੇ ਦਖਣੀ ਇਲਾਕੇ ਦੇ ਸਿਖ ਇਤਿਹਾਸ ਵਿਚ ਵੀ ਉੱਘਾ ਹੈ। ਇਸ ਇਲਾਕੇ ਵਿਚ ਭੱਟੀ ਮੁਸਲਮਾਨਾਂ ਦੀ ਸਿੱਖਾਂ ਨਾਲ ਬਹੁਤ ਲੜਾਈ ਰਹਿੰਦੀ ਸੀ, ਜਿਸ ਕਰਕੇ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਨੂੰ ਆਪਣੇ ਇਲਾਕੇ ਇਨ੍ਹਾਂ ਤੋਂ ਸੁਰੱਖਿਅਤ ਰਖਣ ਦਾ ਫ਼ਿਕਰ ਰਹਿੰਦਾ ਸੀ। ਜੱਸਾ ਸਿੰਘ ਰਾਮਗੜ੍ਹੀਏ ਨੇ ਇਨ੍ਹਾਂ ਸਭ ਲੜਾਈਆਂ ਵਿਚ ਰਾਜੇ ਅਮਰ ਸਿੰਘ ਦੀ ਸਹਾਇਤਾ ਕੀਤੀ ਅਤੇ ਭਟਿਆਨੇ ਦਾ ਇਲਾਕਾ (ਜ਼ਿਲਾ ਹਿਸਾਰ ਆਦਿ) ਆਪਣੇ ਅਧੀਨ ਕਰ ਲਿਆ। ਇਸ ਪਰਕਾਰ ਜੱਸਾ ਸਿੰਘ ਨੇ ਸਤਲੁਜ ਦੇ ਦਖਣੀ ਇਲਾਕੇ ਵਲ ਦੀ ਸਭ ਤੋਂ ਉੱਘੀ ਰਿਆਸਤ ਪਟਿਆਲਾ ਦੀ ਉਸਾਰੀ ਵਿਚ ਵੀ ਆਪਣਾ ਯੋਗ ਹਿੱਸਾ ਪਾਇਆ।

ਇਸ ਬੀਰਤਾ ਤੋਂ ਛੁਟ ਸ: ਜੱਸਾ ਸਿੰਘ ਉਸ ਸਮੇਂ ਦੀ ਇਖ਼ਲਾਕੀ ਪੱਧਰ ਤੋਂ ਵੀ ਬਹੁਤ ਉੱਚਾ ਸੀ। ਹਿਸਾਰ ਵਿਖੇ ਜੱਸਾ ਸਿੰਘ ਪਾਸ ਇਕ ਹਿੰਦੂ ਸ਼ਿਕਾਇਤ ਲੈ ਕੇ ਆਇਆ ਕਿ ਉਸ ਦੀਆਂ ਦੋ ਲੜਕੀਆਂ ਕੋਈ ਮੁਸਲਮਾਨ ਸਰਦਾਰ ਲੈ ਗਿਆ ਹੈ। ਇਹ ਸੁਣ ਕੇ ਸਰਦਾਰ ਜੱਸਾ ਸਿੰਘ ਨੂੰ ਬਹੁਤ ਰੋਹ ਚੜ੍ਹਿਆ ਅਤੇ ਉਸ ਨੇ ਸ਼ੀਘਰ ਹੀ ਉਸ ਮੁਸਲਮਾਨ ਹਾਕਮ ਤੇ ਹੱਲਾ ਬੋਲ ਦਿੱਤਾ। ਉਸ ਪਾਸੋਂ ਇਸ ਹਿੰਦੂ ਬ੍ਰਾਹਮਣ ਦੀਆਂ ਲੜਕੀਆਂ ਵਾਪਸ ਲੈ ਕੇ, ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਦੇ ਹਵਾਲੇ ਕਰ ਦਿੱਤਾ।

ਅਜਿਹੀ ਜੀਵਨੀ ਦੇ ਕਈ ਹੋਰ ਗੁਣ ਵੀ ਵਰਣਨ ਯੋਗ ਹਨ। ਜੱਸਾ ਸਿੰਘ ਨੇ ਆਪਣੇ ਸਾਰੇ ਜੀਵਨ ਵਿਚ ਪੰਥਕ ਲਾਭਾਂ ਨੂੰ ਕਦੀ ਅਖੋਂ ਉਹਲੇ ਨਹੀਂ ਹੋਣ ਦਿੱਤਾ। ਇਕ ਵਾਰੀ ਇਸ ਦੇ ਭਰਾਵਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ, ਜਿਸ ਨਾਲ ਰਾਮਗੜ੍ਹੀਏ ਸਰਦਾਰ ਦਾ ਵਿਰੋਧ ਰਹਿੰਦਾ ਸੀ, ਕੈਦ ਕਰ ਲਿਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਪਾਸ ਪੇਸ਼ ਕਰ ਦਿੱਤਾ। ਜੱਸਾ ਸਿੰਘ ਆਹਲੂਵਾਲੀਆ ਸਾਰੇ ਪੰਥ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ ਅਤੇ ਇਸ ਨੂੰ ਸਿੱਖਾਂ ਦਾ ਬਾਦਸ਼ਾਹ ਵੀ ਕਹਿੰਦੇ ਸਨ। ਇਸ ਸਾਰੇ ਸਤਿਕਾਰ ਨੂੰ ਮੁਖ ਰਖਦਿਆਂ, ਜੱਸਾ ਸਿੰਘ ਰਾਮਗੜ੍ਹੀਏ ਨੇ ਉਸ ਨੂੰ ਰਿਹਾ ਕਰ ਦਿੱਤਾ ਅਤੇ ਸਿਰੋਪਾ ਦੇ ਕੇ ਵਿਦਾ ਕੀਤਾ ਅਤੇ ਨਿੱਜੀ ਮਾਨ ਜਾਂ ਅਪਮਾਨ ਦੀ ਕੋਈ ਪਰਵਾਹ ਨਾ ਕੀਤੀ।

ਸਿੱਖੀ ਦੇ ਮਹਾਨ ਕੇਂਦਰ ਅੰਮ੍ਰਿਤਸਰ ਦੀ ਵੀ ਜੱਸਾ ਸਿੰਘ ਨੇ ਬਹੁਤ



Sri Satguru Jagjit Singh Ji eLibrary NamdhariElibrary@gmail.com

ਸੇਵਾ ਕੀਤੀ । ਅਰੰਭ ਵਿਚ ਸਿੱਖਾਂ ਨੇ ਅੰਮ੍ਰਿਤਸਰ ਦੀ ਰਖਿਆ ਲਈ ਇਕ ਕੱਚਾ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਰਾਮ ਰਾਉਣੀ ਰਖਿਆ । ਕੁਝ ਚਿਰ ਪਿਛੋਂ ਇਸ ਕਿਲ੍ਹੇ ਦਾ ਨਾਂ ਰਾਮਗੜ੍ਹ ਹੋ ਗਿਆ । ਸਰਦਾਰ ਜੱਸਾ ਸਿੰਘ ਨੇ ਇਸ ਕਿਲ੍ਹੇ ਦੀ ਬਹੁਤ ਦਲੇਰੀ ਅਤੇ ਯੋਗਤਾ ਨਾਲ ਰਖਿਆ ਕੀਤੀ । ਰਾਮਗੜ੍ਹ ਦੀ ਇਸ ਅਤੁਟ ਸੇਵਾ ਦਾ ਸਦਕਾ ਜੱਸਾ ਸਿੰਘ ਖ਼ਾਲਸਾ ਪੰਥ ਵਿਚ "ਰਾਮਗੜ੍ਹੀਆ" ਕਰਕੇ ਪਰਸਿੱਧ ਹੋ ਗਿਆ । ਸਿਖ ਸੰਸਾਰ ਵਿਚ ਅੱਜ ਵੀ ਰਾਮਗੜ੍ਹੀਆ ਸ਼ਬਦ ਨਾਲ ਸਿੱਖੀ ਭਾਵਨਾ ਅਤੇ ਸੇਵਾ ਸਬੰਧਤ ਹੈ ।

ਪੰਜਾਬ ਦੇ ਇਤਿਹਾਸ ਦੇ ਸਭ ਵਿਦਿਆਰਥੀ ਇਨ੍ਹਾਂ ਉੱਚ-ਵਿਅਕਤੀਆਂ ਦੇ ਜੀਵਨ ਪੜ੍ਹ ਕੇ ਪ੍ਰਭਾਵਤ ਹੁੰਦੇ ਹਨ । ਪੰਜਾਬ ਦੇ ਇਤਿਹਾਸ ਦੇ ਖੋਜੀ ਦੀ ਹੈਸੀਅਤ ਵਿਚ ਮੇਰੀ ਇਹ ਇੱਛਾ ਸੀ ਕਿ ਅਠਾਰ੍ਹਵੀਂ ਸਦੀ ਦੀਆਂ ਪ੍ਰਭਾਵਸ਼ਾਲੀ ਵਿਅਕਤੀਆਂ ਪੁਰ ਖੋਜ ਕੀਤੀ ਜਾਏ, ਪਰ ਕੁਝ ਕੁ ਹੋਰ ਰੁਝੇਵਿਆਂ ਕਾਰਨ ਮੈਂ ਇਸ ਪਾਸੇ ਧਿਆਨ ਨਹੀਂ ਦੇ ਸਕਿਆ । ਜਿਸ ਲਿਵ ਅਤੇ ਉਤਸ਼ਾਹ ਨਾਲ ਜੱਸਾ ਸਿੰਘ ਰਾਮਗੜ੍ਹੀਏ ਦੀ ਜੀਵਨੀ ਨੂੰ ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਨੇ ਲਿਖਿਆ ਹੈ, ਉਹ ਇਸ ਗੱਲ ਦੀ ਆਸ ਦਿਵਾਉਂਦੀ ਹੈ ਕਿ ਆਉਂਦੇ ਸਮੇਂ ਵਿਚ ਪੰਜਾਬ ਦੀਆਂ ਉੱਚ-ਵਿਅਕਤੀਆਂ ਦੀਆਂ ਕਈ ਹੋਰ ਅਜਿਹੀਆਂ ਜੀਵਨੀਆਂ ਪਾਠਕਾਂ ਤਕ ਪੁਜਣਗੀਆਂ । ਮੈਂ ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਨੂੰ ਉਨ੍ਹਾਂ ਦੀ ਸਫਲਤਾ ਤੇ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ।

ਸਿਖ ਇਤਿਹਾਸ ਖੋਜ ਵਿਭਾਗ,
ਖ਼ਾਲਸਾ ਕਾਲਜ, ਅੰਮ੍ਰਿਤਸਰ
ਮਿਤੀ ੧੪. ੩. ੫੭

**ਕਿਰਪਾਲ ਸਿੰਘ**

# ਪ੍ਰਵੇਸ਼ਿਕਾ

ਆਧੁਨਿਕ ਪੰਜਾਬ ਦੇ ਕਈ ਸਿਖ 'ਰਾਮਗੜ੍ਹੀਆ' ਪਦ ਨਾਲ ਸੰਬੋਧਨ ਕੀਤੇ ਜਾਣ ਵਿਚ ਮਾਣ ਪਰਤੀਤ ਕਰਦੇ ਹਨ। ਰਾਮਗੜ੍ਹੀਆ ਪਦ ਇਨ੍ਹਾਂ ਨੂੰ ਕਿਵੇਂ ਮਿਲਿਆ ਅਤੇ ਇਸ ਨਾਂ ਨਾਲ ਇਨ੍ਹਾਂ ਨੂੰ ਕਿਉਂ ਸਦਿਆ ਜਾਂਦਾ ਹੈ, ਇਹ ਪੰਜਾਬ ਦੇ ਇਤਿਹਾਸ ਦਾ ਇਕ ਮਹੱਤਵ-ਪੂਰਣ ਪ੍ਰਸ਼ਨ ਹੈ। ਰਾਮਗੜ੍ਹੀਆ ਮਿਸਲ ਦੇ ਮੋਢੀ ਜੱਸਾ ਸਿੰਘ ਨੇ ਸਭ ਤੋਂ ਪਹਿਲੋਂ ਰਾਮਗੜ੍ਹੀਆ (ਰਾਮ ਰੌਣੀ ਕਿਲ੍ਹੇ ਦਾ ਰਹਿਣ ਵਾਲਾ) ਨਾਂ ਅਪਣਾਇਆ ਅਤੇ ਉਸ ਤੋਂ ਪਿਛੋਂ ਉਸ ਦੇ ਹਜ਼ਾਰਾਂ ਹੀ ਸਾਥੀਆਂ ਨੇ ਵੀ ਇਸ ਪਦ ਨੂੰ ਆਪਣੇ ਨਾਵਾਂ ਨਾਲ ਜੋੜ ਲਿਆ। ਇਸ ਪਰਕਾਰ ਜੱਸਾ ਸਿੰਘ ਨੇ ਅਠਾਰਵੀਂ ਸਦੀ ਦੇ ਇਤਿਹਾਸ ਵਿਚ ਖ਼ਾਸ ਮਹੱਤਤਾ ਪ੍ਰਾਪਤ ਕਰ ਲਈ ਹੈ। ਇਸ ਲਈ ਇਸ ਉੱਘੇ ਸਿਖ ਯੋਧੇ ਦੀਆਂ ਜੀਵਨ-ਘਟਨਾਵਾਂ ਨੂੰ ਠੀਕ ਇਤਿਹਾਸਕ ਲੀਹਾਂ ਤੇ ਉਸਾਰਨਾ ਅਤਿਅੰਤ ਲੋੜੀਂਦਾ ਭਾਸਦਾ ਹੈ।

ਇਸ ਤੋਂ ਪਹਿਲੋਂ ਜੱਸਾ ਸਿੰਘ ਦੇ ਜੀਵਨ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਨ ਦਾ ਕੋਈ ਜਤਨ ਨਹੀਂ ਕੀਤਾ ਗਿਆ। ਪਹਿਲੀਆਂ ਸਾਰੀਆਂ ਲਿਖਤਾਂ ਰਾਮਗੜ੍ਹੀਆਂ ਉਤਸ਼ਾਹੀਆਂ ਵਲੋਂ ਲਿਖੀਆ ਜਾਣ ਕਰਕੇ ਇਕ-ਪੱਖੀ ਤਸਵੀਰ ਹੀ ਪੇਸ਼ ਕਰਦੀਆਂ ਹਨ। ਸੂਰਜ ਸਿੰਘ ਅਤੇ ਦਰਬਾਰਾ ਸਿੰਘ ਦੇ 'ਇਤਿਹਾਸ ਰਾਮਗੜ੍ਹੀਆਂ' ਵਿਚ ਜੱਸਾ ਸਿੰਘ ਦੇ ਹਾਲ ਨੂੰ ਕੇਵਲ ਰਵਾਇਤ ਦੇ ਆਧਾਰ ਤੇ ਲਿਖਿਆ ਗਿਆ ਜਾਪਦਾ ਹੈ। ਸੁੰਦਰ ਸਿੰਘ ਦੀ ਪੁਸਤਕ "ਐਨਲਜ਼ ਆਫ਼ ਰਾਮਗੜ੍ਹੀਆ ਸਰਦਾਰਜ਼" ਵੀ ਗ੍ਰਿਫ਼ਨ, ਲਤੀਫ਼ ਅਤੇ ਗਿਆਨ ਸਿੰਘ ਦੀਆਂ ਨਵੀਨ ਪੁਸਤਕਾਂ ਦੀ ਸਹਾਇਤਾ ਨਾਲ ਲਿਖੀ ਗਈ ਹੈ। ਹਜ਼ਾਰਾ ਸਿੰਘ ਗੁਰਦਾਸਪੁਰੀ ਦੇ



Sri Satguru Jagjit Singh Ji eLibrary NamdhariElibrary@gmail.com

''ਸਿੰਘ ਬਹਾਦਰ ਜੱਸਾ ਸਿੰਘ ਰਾਮਗੜ੍ਹੀਆ'' ਨੂੰ ਵੀ ਉਤਸ਼ਾਹੀ ਪੱਧਰ ਤੋਂ ਉੱਚਾ ਨਹੀਂ ਸਮਝਿਆ ਜਾ ਸਕਦਾ। ਇਸ ਤੋਂ ਛੁਟ ਇਹਨਾਂ ਸਭ ਇਤਿਹਾਸਕਾਰਾਂ ਨੇ ਜੱਸਾ ਸਿੰਘ ਦੀਆਂ ਜੀਵਨ-ਘਟਨਾਵਾਂ ਨੂੰ ਫ਼ਾਰਸੀ ਦੇ ਸਮਕਾਲੀ ਸੋਮਿਆਂ ਦੀ ਰੋਸ਼ਨੀ ਵਿਚ ਪਰਖਣ ਦਾ ਜਤਨ ਨਹੀਂ ਕੀਤਾ। ਜੱਸਾ ਸਿੰਘ ਦੀ ਜੀਵਨੀ ਲਿਖਣ ਲਈ ਫ਼ਾਰਸੀ ਦੇ ਸੋਮੇ ਬਹੁਤ ਮਹਾਨਤਾ ਰਖਦੇ ਹਨ। ਇਸ ਪੁਸਤਕ ਦੇ ਲੇਖਕ ਨੇ ਪਹਿਲੀ ਵਾਰ ਸਮਕਾਲੀ ਅਤੇ *ਅਰਧ ਸਮਕਾਲੀ ਫ਼ਾਰਸੀ ਅਤੇ ਅੰਗਰੇਜ਼ੀ ਦੇ ਸਭ ਸੋਮਿਆਂ ਤੋਂ ਲਾਭ ਉਠਾਇਆ ਹੈ। ਇਨ੍ਹਾਂ ਸੋਮਿਆਂ ਵਿਚੋਂ ਮਸਕੀਨ ਦਾ 'ਤਾਮਾਸ ਨਾਮਾ', ਅਹਿਮਦ ਸ਼ਾਹ ਬਟਾਲੀਏ ਦੀ 'ਤਾਰੀਖ਼-ਇ-ਹਿੰਦ', 'ਅਹਿਵਾਲ-ਇ-ਅਦੀਨਾ ਬੇਗ'; 'ਪਰਸ਼ੀਅਨ ਰੀਕਾਰਡਜ਼ ਆਫ਼ ਮਰਾਠਾ ਹਿਸਟਰੀ', 'ਫਾਰਸਟਰਜ਼ ਟ੍ਰੈਵਲਜ਼' ਅਤੇ ਫ੍ਰੈਂਕਲਿਨ ਦਾ 'ਸ਼ਾਹ ਆਲਮ' ਦੇ ਨਾਂ ਵਰਣਨ ਯੋਗ ਹਨ।

ਜੱਸਾ ਸਿੰਘ ਦੀ ਜੀਵਨ-ਕਥਾ ਲਿਖਣ ਵਿਚ ਕਈ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਕੋਈ ਵੀ ਸਮਕਾਲੀ ਲੇਖਕ ਇਸ ਉੱਘੇ ਆਗੂ ਦਾ ਵਿਸਥਾਰ ਪੂਰਬਕ ਹਾਲ ਨਹੀਂ ਲਿਖਦਾ। ਸਮਕਾਲੀ ਅਤੇ ਅਰਧ-ਸਮਕਾਲੀ ਸੋਮਿਆਂ ਵਿਚ ਕੇਵਲ ਹਵਾਲੇ ਹੀ ਮਿਲਦੇ ਹਨ ਅਤੇ ਉਹ ਵੀ ਫਾਰਸੀ, ਅੰਗਰੇਜ਼ੀ, ਪੰਜਾਬੀ† (ਗੁਰਮੁਖੀ ਲਿਪੀ) ਭਾਸ਼ਾਵਾਂ ਵਿਚ ਖਿਲਰੇ ਹੋਏ ਹਨ। ਇਸ ਲਈ ਜੱਸਾ ਸਿੰਘ ਦੇ ਜੀਵਨ-ਲੇਖਕ ਨੂੰ

---

*ਅਰਧ ਸਮਕਾਲੀ ਸੋਮੇ :—

ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ

ਅਲੀ-ਉਦ-ਦੀਨ : ਇਬਰਤ ਨਾਮਾ

ਬੂਟੇ ਸ਼ਾਹ : ਤਾਰੀਖ਼-ਇ-ਪੰਜਾਬ

ਬਖ਼ਤ ਮਲ : ਖ਼ਾਲਸਾ ਨਾਮਾ

'ਤਜ਼ਕਰਾ-ਇ-ਖ਼ਾਨਦਾਨ-ਇ-ਰਾਜਾਹਾਏ ਫੂਲਕੀਆਂ'

ਬਰਾਊਨ—'ਹਿਸਟਰੀ ਆਫ਼ ਔਰੀਜਨ ਐਂਡ ਪ੍ਰਾਗਰੇਸ ਆਫ਼ ਦੀ ਸਿਖਸ'

†ਜੱਸਾ ਸਿੰਘ ਬਿਨੋਦ।



Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਖੋਜਾਂ ਦਾ ਖੇਤਰ ਇਨ੍ਹਾਂ ਸਭ ਭਾਸ਼ਾਵਾਂ ਤਕ ਵਿਸ਼ਾਲ ਕਰਨਾ ਪੈਂਦਾ ਹੈ। ਇਸ ਲੇਖਕ ਨੇ ਸਾਰੇ ਹੀ ਹੱਥ ਲਗਦੇ ਸੋਮਿਆਂ ਨੂੰ ਇਕੱਠੇ ਕਰਨ ਦਾ ਜਤਨ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਜੱਸਾ ਸਿੰਘ ਦੇ ਜੀਵਨ ਦੀਆਂ ਕਈ ਘਟਨਾਵਾਂ ਹੋਰ ਉਜਾਗਰ ਹੋ ਗਈਆਂ ਹਨ। ਅਤੇ ਉਨ੍ਹਾਂ ਦੇ ਸਦਕਾ ਜੱਸਾ ਸਿੰਘ ਬਾਰੇ ਪਹਿਲਾ ਬਣਿਆ ਦ੍ਰਿਸ਼ਟੀਕੋਣ ਬਿਲਕੁਲ ਬਦਲ ਗਿਆ ਹੈ। ਪਿਛਲੇ ਸਭ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਜੱਸਾ ਸਿੰਘ ਨੂੰ ਸਿਖਾਂ ਵਲੋਂ ਵਕੀਲ ਥਾਪ ਕੇ ਗੱਲ-ਬਾਤ ਕਰਨ ਲਈ ਜਲੰਧਰ ਦੇ ਫੌਜਦਾਰ ਅਦੀਨਾ ਬੇਗ਼ ਖ਼ਾਂ ਪਾਸ ਭੇਜਿਆ ਗਿਆ, ਪਰ ਇਸ ਘਟਨਾ ਦਾ ਕਦੀ ਵੀ 'ਜੱਸਾ ਸਿੰਘ ਬਿਨੋਦ' ਖਰੜੇ ਨਾਲ ਟਾਕਰਾ ਨਹੀਂ ਕੀਤਾ ਗਿਆ। ਜੱਸਾ ਸਿੰਘ ਬਿਨੋਦ ਵਿਚ ਇਹ ਸਾਫ ਲਿਖਿਆ ਹੈ ਕਿ ਸਿਖਾਂ ਵਿਚ ਦੋ ਪਾਰਟੀਆਂ ਸਨ ਅਤੇ ਉਹਨਾਂ ਦੋਹਾਂ ਪਾਰਟੀਆਂ ਨੂੰ ਹੀ ਅਦੀਨਾ ਬੇਗ਼ ਖ਼ਾਂ ਨੇ ਗੱਲ-ਬਾਤ ਲਈ ਸਦਾ-ਪੱਤਰ ਭੇਜਿਆ ਸੀ। ਜੱਸਾ ਸਿੰਘ ਆਹਲੂਵਾਲੀਏ ਨੇ ਉਸ ਨਾਲ ਕੋਈ ਗੱਲ ਕਰਨੀ ਯੋਗ ਨਾ ਸਮਝੀ, ਪਰ ਜੱਸਾ ਸਿੰਘ ਰਾਮਗੜ੍ਹੀਆ ਗੱਲ-ਬਾਤ ਕਰਨ ਲਈ ਗਿਆ ਅਤੇ ਉਥੇ ਉਸ ਦੀ ਅਦੀਨਾ ਬੇਗ਼ ਨਾਲ ਸੁਲ੍ਹਾ ਹੋ ਗਈ। ਇਸ ਦੇ ਸਿਟੇ ਵਜੋਂ, ਜੱਸਾ ਸਿੰਘ ਉਸ ਦੇ ਕੋਲ ਹੀ ਰਹਿ ਪਿਆ। ਇਸ ਤੋਂ ਛੁਟ ਇਹ ਵੀ ਪਹਿਲੀ ਵਾਰੀ ਸਿੱਧ ਕੀਤਾ ਗਿਆ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ਅਦੀਨਾ ਬੇਗ਼ ਪਾਸ ਨੌਕਰੀ ਦੇ ਸਮੇਂ ਵੀ ਆਪਣੇ ਸਿੱਖੀ ਹੱਕਾਂ ਅਤੇ ਕਰਤਬਾਂ ਤੋਂ ਸੁਚੇਤ ਸੀ। ਇਸੇ ਲਈ ਉਸ ਨੇ ਸਿਖਾਂ ਨੂੰ ਲਾਭ ਪਹੁੰਚਾਉਣ ਲਈ ਅਦੀਨਾ ਬੇਗ਼ ਦੇ ਇਲਾਕਿਆਂ ਵਿਚ ਵੀ ਕਈ ਸਿਖ ਥਾਣੇਦਾਰ ਨੀਅਤ ਕੀਤੇ*।

ਇਸ ਹੱਥ-ਲੱਗੇ ਸਾਰੇ ਇਤਿਹਾਸਕ ਮਸਾਲੇ ਦੀ ਖੋਜ ਅਤੇ ਛਾਣ-ਬੀਣ ਕਰਨ ਲਈ ਲੇਖਕ ਚਾਰ ਸਾਲ ਲਗਾਤਾਰ ਮਿਹਨਤ ਕਰਦਾ ਰਿਹਾ ਹੈ। ਵੱਖ ਵੱਖ ਪੁਸਤਕਾਂ ਵਿਚ ਆਈਆਂ ਘਟਨਾਵਾਂ ਦੀ ਪ੍ਰਸਪਰ

*ਅਲੀ-ਉਦ-ਦੀਨ : ਇਬਰਤ ਨਾਮਾ, ੩੬੦.



Sri Satguru Jagjit Singh Ji eLibrary NamdhariElibrary@gmail.com

ਤੁਲਨਾ ਕੀਤੀ ਗਈ ਹੈ ਅਤੇ ਕੇਵਲ ਉਹੀ ਘਟਨਾਵਾਂ ਦਿੱਤੀਆਂ ਗਈਆਂ ਹਨ, ਜੋ ਇਤਿਹਾਸ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ, ਪਰੰਤੂ ਕਈ ਥਾਈਂ ਫੁਟਨੋਟਾਂ ਵਿਚ ਉਹ ਰਾਵਾਂ ਵੀ ਦਰਜ ਕਰ ਦਿੱਤੀਆਂ ਹਨ, ਜਿਨ੍ਹਾਂ ਨਾਲ ਲੇਖਕ ਸਹਿਮਤ ਨਹੀਂ ਸੀ। ਪੁਸਤਕ ਦਾ ਮੂਲ ਅਧਾਰ ਤਾਂ ਉਹੀ ਥੀਸਸ (Thesis) ਹੈ, ਜੋ ਲੇਖਕ ਨੇ ਆਪਣੀ ਐਮ. ਏ. ਦੀ ਪ੍ਰੀਖਿਆ ਵਿਚ ਪੰਜਾਬ ਯੂਨੀਵਰਸਿਟੀ ਨੂੰ ਪੇਸ਼ ਕੀਤਾ ਸੀ, ਪਰੰਤੂ ਮੌਜੂਦਾ ਪੁਸਤਕ ਵਿਚ ਕਈ ਉਹ ਗੱਲਾਂ ਵਧਾਈਆਂ ਗਈਆਂ ਹਨ, ਜੋ ਪਿਛਲੇ ਦੋ ਵਰ੍ਹਿਆਂ ਵਿਚ ਲੇਖਕ ਦੀ ਦ੍ਰਿਸ਼ਟੀ ਗੋਚਰ ਹੋਈਆਂ ਹਨ। ਇਸ ਤੋਂ ਛੁਟ ਸਾਰੇ ਮਸਾਲੇ ਨੂੰ ਨਵੀਂ ਤਰਤੀਬ ਦਿੱਤੀ ਗਈ ਹੈ ਤੇ ਕਈ ਗੱਲਾਂ ਦਾ ਵਿਸਥਾਰ ਕਰ ਕੇ ਸਪੱਸ਼ਟ ਨਤੀਜੇ ਕੱਢੇ ਗਏ ਹਨ। ਲੇਖਕ ਨੂੰ ਤਸੱਲੀ ਹੈ ਕਿ ਉਹ ਇਸ ਮਹਾਨ ਕੰਮ ਵਿਚ ਕਾਫ਼ੀ ਹਦ ਤਕ ਸਫ਼ਲ ਰਿਹਾ ਹੈ ਤੇ ਜੱਸਾ ਸਿੰਘ ਦੀਆਂ ਜੀਵਨ-ਘਟਨਾਵਾਂ ਨੂੰ ਪਰਪਕ ਇਤਿਹਾਸਕ ਲੀਹਾਂ ਉਤੇ ਉਸਾਰ ਕੇ ਇਤਿਹਾਸ ਦੀ ਕੁਝ ਸੇਵਾ ਕਰ ਸਕਿਆ ਹੈ। ਲੇਖਕ ਦਾ ਜਤਨ ਇਹ ਰਿਹਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀਆਂ ਜੀਵਨ-ਘਟਨਾਵਾਂ ਨੂੰ ਨਾਵਲੀ ਰੰਗ ਚਾੜ੍ਹਨ ਤੋਂ ਬਿਨਾਂ ਸਾਦ-ਮੁਰਾਦੀ ਬੋਲੀ ਵਿਚ ਪੇਸ਼ ਕੀਤਾ ਜਾਏ।

ਅੰਤ ਵਿਚ ਮੈਂ ਪ੍ਰੋ: ਕਿਰਪਾਲ ਸਿੰਘ ਐਮ. ਏ. ਇਨਚਾਰਜ, ਸਿਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਅਤੀ ਕ੍ਰਿਤਗ ਹਾਂ, ਜਿਨ੍ਹਾਂ ਨੇ ਖ਼ਾਲਸਾ ਕਾਲਜ ਲਾਇਬ੍ਰੇਰੀ ਦੀਆਂ ਦੁਰਲਭ ਲਿਖਤਾਂ ਮੈਨੂੰ ਵਿਖਾਉਣ ਵਿਚ ਜ਼ਰਾ ਸੰਕੋਚ ਨਾ ਕੀਤਾ। ਉਨ੍ਹਾਂ ਦੀ ਮਿਲਵਰਤਣ ਅਤੇ ਅਗਵਾਈ ਤੋਂ ਬਿਨਾਂ ਸ਼ਾਇਦ ਇਹ ਪੁਸਤਕ ਪਾਠਕਾਂ ਦੇ ਹੱਥਾਂ ਤਕ ਨਾ ਪਹੁੰਚ ਸਕਦੀ। ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਦੇ ਪ੍ਰੋਫ਼ੈਸਰ ਡਾ: ਹਰੀ ਰਾਮ ਗੁਪਤਾ ਐਮ. ਏ.; ਪੀ. ਐਚ. ਡੀ., ਡੀ. ਲਿਟ. ਦਾ ਵੀ ਲੇਖਕ ਰਿਣੀ ਹੈ ਕਿ ਉਨ੍ਹਾਂ ਨੇ ਕਈ ਮਹੱਤਵ-ਪੂਰਣ ਮਸਲਿਆਂ ਉੱਪਰ ਮੇਰੇ ਨਾਲ ਵਿਚਾਰ-ਵਟਾਂਦਰਾ ਕੀਤਾ। ਲੇਖਕ ਸਵਰਗੀ ਬਾਬਾ ਪ੍ਰੇਮ ਸਿੰਘ ਹੋਤੀ ਦਾ ਵੀ ਧੰਨਵਾਦੀ ਹੈ, ਜਿਨ੍ਹਾਂ ਨੇ ਕਿ



Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਦੀ ਜੀਵਨੀ ਲਿਖਣ ਵਿਚ ਸੁਝਾਉ ਦਿੱਤੇ। ਪਟਿਆਲੇ ਦੇ ਸਿਖ ਇਤਿਹਾਸਕਾਰ ਡਾ: ਗੰਡਾ ਸਿੰਘ ਦਾ ਧੰਨਵਾਦ ਕਰਨੋਂ ਵੀ ਲੇਖਕ ਨਹੀਂ ਰਹਿ ਸਕਦਾ, ਕਿਉਂਜੁ ਉਨ੍ਹਾਂ ਨੇ ਵੀ ਲੇਖਕ ਨੂੰ ਪੁਸਤਕ ਲਿਖਣ ਵਿਚ ਪਟਿਆਲਾ ਆਰਕਾਈਵਜ਼ ਲਾਇਬ੍ਰੇਰੀ ਅਤੇ ਆਪਣੇ ਨਿਜੀ ਰੀਕਾਰਡ ਵਿਖਾ ਕੇ ਸਹਾਇਤਾ ਕੀਤੀ। ਪੰਜਾਬ ਯੂਨੀਵਰਸਿਟੀ ਦੇ ਡਿਪਟੀ ਰਜਿਸਟਰਾਰ ਸ: ਕ੍ਰਿਪਾਲ ਸਿੰਘ ਨਾਰੰਗ ਐਮ. ਏ. (ਆਨਰਜ) ਲਈ ਵੀ ਲੇਖਕ ਆਪਣੀ ਹਾਰਦਿਕ ਕ੍ਰਿਤਗਤਾ ਪਰਗਟ ਕਰਦਾ ਹੈ, ਕਿਉਂਕਿ ਉਨ੍ਹਾਂ ਨੇ ਹੀ ਇਸ ਵਿਸ਼ੇ ਉਪਰ ਖੋਜ ਕਰਨ ਦੀ ਪ੍ਰੇਰਨਾ ਕੀਤੀ ਸੀ।

ਇਸ ਪੁਸਤਕ ਦੀ ਬੋਲੀ ਸੋਧਣ ਵਿਚ ਗਿਆਨੀ ਲਾਲ ਸਿੰਘ ਐਮ. ਏ. ਕਰਨਾਲ, ਪ੍ਰੋ: ਕਿਰਪਾਲ ਸਿੰਘ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਅਤੇ ਸ: ਗੁਰਸ਼ਰਨ ਸਿੰਘ ਐਮ. ਏ. ਪੰਜਾਬ ਯੂਨੀਵਰਸਿਟੀ ਨੇ ਲੇਖਕ ਦੀ ਬਹੁਤ ਸਹਾਇਤਾ ਕੀਤੀ ਹੈ। ਇਸ ਪੁਸਤਕ ਦੀ ਹੱਥ-ਲਿਖਤ ਨੂੰ ਗਹੁ ਨਾਲ ਪੜ੍ਹਨ, ਵਾਚਣ ਤੇ ਮੁੜ ਲਿਖਣ ਵਿਚ ਗਿਆਨੀ ਲਾਲ ਸਿੰਘ ਜੀ ਦੀਆਂ ਘਾਲਨਾਵਾਂ ਖ਼ਾਸ ਵਰਣਨ ਯੋਗ ਹਨ। ਲੇਖਕ ਇਹਨਾਂ ਸਭ ਸਜਣਾਂ ਦਾ ਅਤੀ ਧੰਨਵਾਦੀ ਹੈ।

ਇਤਿਹਾਸ ਵਿਭਾਗ,
ਖ਼ਾਲਸਾ ਕਾਲਜ, ਗੁਰੂਸਰ ਸੁਧਾਰ
ਮਿਤੀ ੧੭.੧.੧੯੫੭ (ਲੁਧਿਆਣਾ)

**ਪ੍ਰਿਥੀਪਾਲ ਸਿੰਘ ਕਪੂਰ**
**ਐਮ. ਏ.**

Sri Satguru Jagjit Singh Ji eLibrary NamdhariElibrary@gmail.com

ਸਫ਼ਾ ੧੭ ਤੋਂ ੨੪ ਵੇਖੋ ਅੰਤਿਕਾ ਨੰਬਰ ੨ ਬੰਸਾਵਲੀ

Sri Satguru Jagjit Singh Ji eLibrary NamdhariElibrary@gmail.com

# ਸ: ਜੱਸਾ ਸਿੰਘ ਰਾਮਗੜ੍ਹੀਆ

## ੧

## ਮੁਢਲਾ ਜੀਵਨ

## [੧੭੨੩-੪੮]

ਲਾਹੌਰ ਤੋਂ ਬਾਰ੍ਹਾਂ ਮੀਲ ਦੂਰ ਪੂਰਬ ਵਲ ਇਕ ਪਿੰਡ ਈਚੋ-ਗਿੱਲ ਨਾਉਂ ਦਾ ਹੈ। ਅਠਾਰ੍ਹਵੀਂ ਸਦੀ ਦੀ ਪਹਿਲੀ ਚੁਥਾਈ ਵਿਚ ਇੱਥੇ ਭਗਵਾਨ ਸਿੰਘ ਨਾਉਂ ਦਾ ਇਕ ਕਿਰਤੀ ਸਿੱਖ ਰਹਿੰਦਾ ਸੀ*। ਗੁਰੂ ਗ੍ਰੰਥ ਸਾਹਿਬ ਦਾ ਪਾਠੀ, ਬਾਣੀ ਦਾ ਪ੍ਰੇਮੀ ਤੇ ਨਿਤਨੇਮੀ ਹੋਣ ਕਰਕੇ ਉਹ ਆਮ ਲੋਕਾਂ ਵਿਚ 'ਗਿਆਨੀ' ਦੇ ਨਾਉਂ ਨਾਲ ਮਸ਼ਹੂਰ ਸੀ। ਉਸ ਦਾ ਜੀਵਨ ਪੂਰਨ ਗੁਰਸਿੱਖਾਂ ਵਾਂਗ ਸੇਵਾ ਤੇ ਪਰਉਪਕਾਰ ਦਾ ਜੀਵਨ ਸੀ, ਇਸ ਲਈ ਉਹ ਇਕ ਹਰ-ਮਨ-ਪਿਆਰੀ ਤੇ ਸਤਿਕਾਰੀ ਜਾਂਦੀ ਸ਼ਖ਼ਸੀਅਤ ਸੀ ਤੇ ਆਪਣੇ ਪਿੰਡ ਦੇ ਉੱਘੇ ਵਿਅਕਤੀਆਂ ਵਿਚ ਗਿਣਿਆ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦਾ ਸੂਬੇਦਾਰ

---

*ਤਾਰੀਖ-ਇ-ਮਖ਼ਜ਼ਨ-ਇ-ਪੰਜਾਬ', ਪੰਨਾ ੪੮੦



Sri Satguru Jagjit Singh Ji eLibrary NamdhariElibrary@gmail.com

ਜ਼ਕਰੀਆ ਖ਼ਾਂ* ਸਿੱਖਾਂ ਉੱਤੇ ਬੜੀਆਂ ਸਖ਼ਤੀਆਂ ਕਰ ਰਿਹਾ ਸੀ ਤੇ ਉਸ ਨੇ ਉਨ੍ਹਾਂ ਦਾ ਖੁਰਾ-ਖੋਜ ਮਿਟਾਉਣ ਲਈ ਪਿੰਡ ਪਿੰਡ ਵਿਚ ਗਸ਼ਤੀ ਫ਼ੌਜ ਭੇਜੀ ਹੋਈ ਸੀ, ਪਰ ਗਿਆਨੀ ਭਗਵਾਨ ਸਿੰਘ ਵਰਗੇ ਪਰਉਪਕਾਰੀ ਨੂੰ ਲੋਕ ਹਮੇਸ਼ਾ ਹੀ ਇਸ ਫ਼ੌਜ ਦੇ ਹੱਥੋਂ ਬਚਾ ਲੈਂਦੇ ਸਨ।

ਗਿਆਨੀ ਭਗਵਾਨ ਸਿੰਘ ਦੇ ਪਿਤਾ ਦਾ ਨਾਂ ਭਾਈ ਹਰਦਾਸ ਸਿੰਘ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ ਤੇ ਉਨ੍ਹਾਂ ਨਾਲ ਕਈ ਲੜਾਈਆਂ ਵਿਚ ਸ਼ਾਮਲ ਹੋ ਕੇ ਬੜੀ ਸੂਰਬੀਰਤਾ ਨਾਲ ਲੜਿਆ ਸੀ†। ਉਸ ਦਾ ਪਿਛਲਾ ਪਿੰਡ ਸੁਰ ਸਿੰਘ‡ ਸੀ। ਇੱਥੋਂ ਹੀ ਉਠ ਕੇ ਉਹ ਬੰਦਾ ਬਹਾਦਰ ਦੀ ਫ਼ੌਜ ਵਿਚ ਜਾ

---

*ਜ਼ਕਰੀਆ ਖ਼ਾਂ, ਅਬਦੁਲ ਸਮੱਦ ਖ਼ਾਂ ਦਾ ਸਭ ਤੋਂ ਵੱਡਾ ਪੁੱਤਰ ਸੀ। ਅਬਦੁਲ ਸਮੱਦ ਨੇ ਹੀ ਬੰਦਾ ਬਹਾਦਰ ਨੂੰ ਗ੍ਰਿਫਤਾਰ ਕਰ ਕੇ ਮੁਗ਼ਲ ਰਾਜ ਵਿਚ ਪਰਸਿਧਤਾ ਤੇ ਮਹਾਨਤਾ ਪਰਾਪਤ ਕੀਤੀ ਸੀ। ਜ਼ਕਰੀਆ ਖ਼ਾਂ ੧੭੨੬ ਤੋਂ ੧੭੪੫ ਤਕ ਪੰਜਾਬ ਦਾ ਗਵਰਨਰ ਰਿਹਾ। ਉਸ ਨੇ ਆਪਣੇ ਸਮੇਂ ਸਿੱਖਾਂ ਉੱਤੇ ਬੜੇ ਅਤਿਆਚਾਰ ਕੀਤੇ। ਉਹ ਇਕ ਚੰਗਾ ਬਹਾਦਰ ਜਰਨੈਲ ਤੇ ਸਿਆਣਾ ਪਰਬੰਧਕ ਸੀ। ਆਪਣੀ ਯੋਗਤਾ ਦੇ ਕਾਰਨ ਉਹ ਨਿਰਸੰਦੇਹ ਪੰਜਾਬ ਵਿਚ ਇਕ ਸੁਤੰਤਰ ਰਿਆਸਤ ਕਾਇਮ ਕਰ ਸਕਦਾ ਸੀ, ਪਰੰਤੂ ਸਿੱਖਾਂ ਦੀ ਵਿਰੋਧਤਾ ਤੇ ਅਫ਼ਗਾਨਾਂ ਦੇ ਹਮਲਿਆਂ ਸਦਕਾ ਉਹ ਅਜਿਹਾ ਨਾ ਕਰ ਸਕਿਆ। ਜ਼ਕਰੀਆ ਖ਼ਾਂ ਨੂੰ ਮੁਗ਼ਲ ਦਰਬਾਰ ਵੱਲੋਂ ਖ਼ਾਨ ਬਹਾਦਰ ਦਾ ਖ਼ਿਤਾਬ ਮਿਲਿਆ ਹੋਇਆ ਸੀ, ਪਰੰਤੂ ਇਸ ਦੇ ਸਤਾਏ ਹੋਏ ਸਿੱਖ ਇਸ ਨੂੰ ਖ਼ਾਨੂੰ ਦੇ ਨਾਂ ਨਾਲ ਸੰਬੋਧਨ ਕਰਦੇ ਸਨ। ਸਰਕਾਰ : ਫ਼ਾਲ ਔਫ਼ ਦੀ ਮੁਗ਼ਲ ਐਮਪਾਇਰ I (੧੦੫-੬); ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ੧੯੩; ਸਿਨਹਾ : ਰਾਈਜ਼ ਔਫ਼ ਦੀ ਸਿਖ ਪਾਵਰ (੬-੯)।

†ਗਿਆਨ ਸਿੰਘ : ਰਾਜ ਖ਼ਾਲਸਾ, ੮-੯.

‡ਇਹ ਪਿੰਡ ਜ਼ਿਲਾ ਅੰਮ੍ਰਿਤਸਰ ਤਹਿਸੀਲ ਪੱਟੀ ਵਿਚ ਖੇਮ ਕਰਨ ਤੋਂ ੧੯ ਮੀਲ ਦੂਰ ਉੱਤਰ-ਪੂਰਬ ਵਲ ਹੈ। (ਲਾਹੌਰ ਗਜ਼ੇਟੀਅਰ, ੨੦੦)



Sri Satguru Jagjit Singh Ji eLibrary NamdhariElibrary@gmail.com

ਸ਼ਾਮਲ ਹੋਇਆ ਸੀ ਤੇ ਬਜਵਾੜੇ ਦੀ ਲੜਾਈ ਵਿਚ ਬੜੀ ਬੀਰਤਾ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।

ਪਿਤਾ ਦੀ ਸ਼ਹੀਦੀ ਤੋਂ ਬਾਅਦ ਗਿਆਨੀ ਭਗਵਾਨ ਸਿੰਘ ਵੀ ਉਸ ਸਮੇਂ ਦੇ ਸਭ ਸਿੱਖਾਂ ਵਾਂਗ ਮੁਗ਼ਲ ਸੂਬੇਦਾਰ ਦੀਆਂ ਸਖ਼ਤੀਆਂ ਤੋਂ ਬਚਣ ਲਈ ਕਈ ਸਾਲ ਥਾਂ ਥਾਂ ਭਟਕਦਾ ਫਿਰਿਆ ਸੀ ਤੇ ਅੰਤ ਈਚੋ ਗਿੱਲ ਵਿਚ ਆਬਾਦ ਹੋ ਗਿਆ ਸੀ।

ਗਿਆਨੀ ਭਗਵਾਨ ਸਿੰਘ ਦੇ ਘਰ ਪੰਜ ਪੁੱਤਰ : ਜੱਸਾ ਸਿੰਘ, ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਪੈਦਾ ਹੋਏ*। ਇਨ੍ਹਾਂ ਵਿੱਚੋਂ ਜੱਸਾ ਸਿੰਘ ਸਭ ਤੋਂ ਵੱਡਾ ਸੀ ਤੇ ਉਸ ਦਾ ਜਨਮ ੧੭੨੩ ਈਸਵੀ ਵਿਚ ਹੋਇਆ ਸੀ। ਭਗਵਾਨ ਸਿੰਘ ਆਪਣੇ ਘਰ ਵਿਚ ਬੈਠਿਆਂ ਕਈ ਵਾਰੀ ਆਪਣੇ ਪਿਤਾ ਹਰਦਾਸ ਸਿੰਘ ਦੀ ਬੀਰਤਾ ਦੀਆਂ ਗੱਲਾਂ ਆਪਣੇ ਬੱਚਿਆਂ ਨੂੰ ਸੁਣਾਇਆ ਕਰਦਾ ਸੀ। ਆਪਣੇ ਖ਼ਾਨਦਾਨ ਦਾ ਇਹ ਗੌਰਵ ਭਰਿਆ ਇਤਿਹਾਸ ਸੁਣ ਕੇ ਬੱਚਿਆਂ ਦੇ ਉੱਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਸੀ। ਉਹ ਆਪਣੀ ਅੱਖੀਂ ਹਿੰਦੂਆਂ-ਸਿੱਖਾਂ ਉੱਤੇ ਰੋਜ਼ ਜ਼ੁਲਮ ਹੁੰਦੇ ਵੇਖਦੇ ਸਨ, ਇਸ ਲਈ ਬਚਪਨ ਵਿਚ ਹੀ ਉਨ੍ਹਾਂ ਦੇ ਹਿਰਦੇ ਅੰਦਰ ਆਪਣੇ ਵੱਡਿਆਂ ਦਾ ਸਿੱਖੀ ਖ਼ੂਨ ਜੋਸ਼ ਮਾਰਨ ਲਗ ਪਿਆ ਤੇ ਉਹ ਮੁਗ਼ਲ ਸਰਕਾਰ ਦੇ ਜਬਰ ਦਾ ਟਾਕਰਾ ਕਰਨ ਲਈ ਉਤਾਵਲੇ ਹੋ ਉੱਠੇ।

ਆਪ ਉੱਚ ਆਚਰਨ ਵਾਲਾ ਸਿਦਕੀ ਸਿੱਖ ਹੋਣ ਕਰਕੇ ਭਗਵਾਨ ਸਿੰਘ ਚਾਹੁੰਦਾ ਸੀ ਕਿ ਉਹਦੇ ਬੱਚੇ ਵੀ ਸਿੱਖੀ ਜੀਵਨ ਦੇ ਸੱਚੇ ਵਿਚ ਢਲੇ ਹੋਏ ਹੋਣ ਤੇ ਸਦਾ ਉੱਚੇ ਸਿੱਖੀ ਆਦਰਸ਼ਾਂ ਨੂੰ ਆਪਣੇ ਸਾਮ੍ਹਣੇ ਰੱਖਣ। ਸੋ ਮੁਢ ਤੋਂ ਹੀ ਉਸ ਨੇ ਜੱਸਾ ਸਿੰਘ ਦੀ ਧਾਰਮਕ ਸਿੱਖਿਆ ਵਲ ਵਿਸ਼ੇਸ਼ ਧਿਆਨ ਦਿੱਤਾ। ਉਸ ਸਮੇਂ ਦੇ ਬਿਖੜੇ

---

*ਸੁੰਦਰ ਸਿੰਘ : ਐਨਲਜ਼ ਔਫ਼ ਰਾਮਗੜ੍ਹੀਆ ਸਰਦਾਰ (੧-੨)



Sri Satguru Jagjit Singh Ji eLibrary NamdhariElibrary@gmail.com

ਹਾਲਾਤ ਵਿਚ ਜੱਸਾ ਸਿੰਘ ਨੂੰ ਕਿਸੇ ਸਕੂਲ ਜਾਂ ਪਾਠਸ਼ਾਲਾ ਵਿਚ ਤਾਂ ਸਿੱਖਿਆ ਦਿਵਾਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੋ ਸਕਦਾ, ਪਰ ਗਿਆਨੀ ਭਗਵਾਨ ਸਿੰਘ ਨੇ ਆਪ ਉਸ ਨੂੰ ਗੁਰਮੁਖੀ ਅੱਖਰ ਪੜ੍ਹਾਏ, ਜਿਸ ਕਰਕੇ ਉਹ ਛੇਤੀ ਹੀ ਨਿਤਨੇਮ ਦੀਆਂ ਪੰਜਾਂ ਬਾਣੀਆਂ ਦਾ ਪਾਠ ਕਰਨਾ ਸਿਖ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਿਆ। ਇਸ ਤੋਂ ਛੁੱਟ ਉਸ ਵੇਲੇ ਦੇ ਆਮ ਵਰਤਾਰੇ ਤੇ ਲੋੜ ਮੁਜਬ ਉਸ ਨੂੰ ਸ਼ਸਤਰ ਵਿੱਦਿਆ ਵਿਚ ਵੀ ਨਿਪੁੰਨ ਕਰ ਦਿੱਤਾ ਗਿਆ। ਸਿੱਖੀ ਵਿਚ ਵਧੇਰੇ ਪਰਪੱਕ ਕਰਨ ਲਈ ਜੱਸਾ ਸਿੰਘ ਨੂੰ ਦਸਮੇਸ਼ ਪਿਤਾ ਦਾ ਅੰਮ੍ਰਿਤ ਵੀ ਛਕਾਇਆ ਗਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸ: ਗੁਰਦਿਆਲ ਸਿੰਘ ਪੰਜਗੜ੍ਹ ਦੇ ਹੱਥੋਂ ਪਾਹੁਲ ਲਈ ਸੀ*।

ਉਨ੍ਹਾਂ ਦਿਨਾਂ ਵਿਚ ਸਰਕਾਰ ਦੀ ਸਖ਼ਤੀ ਨੇ ਸਿੱਖਾਂ ਨੂੰ ਬਹੁਤ ਗ਼ਰੀਬ ਕਰ ਦਿੱਤਾ ਸੀ। ਗਿਆਨੀ ਭਗਵਾਨ ਸਿੰਘ ਵੀ ਆਪਣੇ ਦਿਨ ਬਹੁਤ ਤੰਗੀ ਵਿਚ ਗੁਜ਼ਾਰ ਰਿਹਾ ਸੀ, ਇਸ ਲਈ ਉਸ ਦੀ ਇੱਛਾ ਸੀ

---

*ਲਤੀਫ਼ ਅਤੇ ਉਸ ਦੇ ਪਿੱਛੋਂ ਦੇ ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਜੱਸਾ ਸਿੰਘ ਨੇ ਨੰਦ ਸਿੰਘ ਸੰਘਾਣੀਏ ਪਾਸੋਂ ਪਾਹੁਲ ਲਈ ਸੀ, ਪਰ ਇਨ੍ਹਾਂ ਇਤਿਹਾਸਕਾਰਾਂ ਨੂੰ ਕੁਝ ਭੁਲੇਖਾ ਲਗਦਾ ਜਾਪਦਾ ਹੈ ਅਤੇ ਇਸ ਭੁਲੇਖੇ ਦਾ ਵੱਡਾ ਕਾਰਨ ਇਹ ਹੈ ਕਿ 'ਦੱਲ ਖ਼ਾਲਸਾ' ਵਿਚ ਸ਼ਾਮਲ ਹੋਣ ਵੇਲੇ ਸਭ ਤੋਂ ਪਹਿਲਾਂ ਜੱਸਾ ਸਿੰਘ, ਨੰਦ ਸਿੰਘ ਸੰਘਾਣੀਏ ਦੇ ਜੱਥੇ ਵਿਚ ਸ਼ਾਮਲ ਹੋਇਆ ਸੀ। ਇਸ ਦੇ ਉਲਟ ਅਲੀ-ਉਦ-ਦੀਨ ਤੇ ਕਨ੍ਹਈਆ ਲਾਲ ਦਾ ਵਿਚਾਰ ਇਹ ਹੈ ਕਿ ਜੱਸਾ ਸਿੰਘ ਨੇ ਗੁਰਦਿਆਲ ਸਿੰਘ ਪੰਜ ਗੜ੍ਹ ਦੇ ਹੱਥੋਂ ਪਾਹੁਲ ਲਈ ਸੀ। ਇਸ ਗੱਲ ਦੀ ਪੁਸ਼ਟੀ ਵਿਚ ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਜੱਸਾ ਸਿੰਘ ਇਕ ਉੱਚੇ ਸਿੱਖੀ ਘਰਾਣੇ ਦਾ ਸਪੂਤ ਸੀ, ਇਸ ਲਈ ਦੱਲ ਖ਼ਾਲਸਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਸ ਨੇ ਜ਼ਰੂਰ ਅੰਮ੍ਰਿਤ ਛਕ ਲਿਆ ਹੋਵੇਗਾ। ਸੋ ਸਾਨੂੰ ਅਲੀ-ਉਦ-ਦੀਨ ਤੇ ਕਨ੍ਹਈਆ ਲਾਲ ਦਾ ਕਥਨ ਹੀ ਠੀਕ ਜਾਪਦਾ ਹੈ। (ਅਲੀ-ਉਦ-ਦੀਨ : ਇਬਰਤ ਨਾਮਾ, ੩੬੦; ਕਨ੍ਹਈਆ ਲਾਲ : ਤਾਰੀਖ਼-ਇ-ਪੰਜਾਬ, ੮੪)



Sri Satguru Jagjit Singh Ji eLibrary NamdhariElibrary@gmail.com

ਕਿ ਜਿੰਨੀ ਜਲਦੀ ਹੋ ਸਕੇ, ਬਾਲ-ਜੱਸਾ ਸਿੰਘ ਉਸ ਦੇ ਜੱਦੀ ਕਮਾਮ ਵਿਚ ਉਸ ਦਾ ਹੱਥ ਵਟਾਏ ਤੇ ਇਸ ਤਰ੍ਹਾਂ ਪਰਵਾਰ ਦੀ ਆਮਦਨੀ ਵਿਚ ਕੁਝ ਵਾਧਾ ਕੀਤਾ ਜਾ ਸਕੇ। ਜੱਸਾ ਸਿੰਘ ਅਜੇ ਨਾ-ਬਾਲਗ ਹੀ ਸੀ ਕਿ ਪਿਤਾ ਨੇ ਉਸ ਨੂੰ ਤਰਖਾਣੇ ਕੰਮ ਵਿਚ ਪਾਉਣ ਦਾ ਜਤਨ ਕੀਤਾ, ਪਰੰਤੂ ਭਗਵਾਨ ਸਿੰਘ ਦੇ ਸਿਰਤੋੜ ਜਤਨਾਂ ਦੇ ਬਾਵਜੂਦ ਜੱਸਾ ਸਿੰਘ ਦਾ ਮਨ ਇਸ ਕੰਮ ਵਿਚ ਨਾ ਖੁਭ ਸਕਿਆ। ਉਸ ਦਾ ਮਨ ਕੁਝ ਉੱਡਿਆ ਉੱਡਿਆ ਰਹਿੰਦਾ ਸੀ, ਜਿਵੇਂ ਉਸ ਦੇ ਹਿਰਦੇ ਨੂੰ ਕਿਸੇ ਉਚੇਰੀ ਤੇ ਵਡੇਰੀ ਸੋਚ ਨੇ ਮੱਲ ਲਿਆ ਹੋਵੇ ਤੇ ਉਹ ਉਸ ਆਦਰਸ਼ ਦੀ ਪ੍ਰਾਪਤੀ ਲਈ ਤਿਆਰੀ ਕਰ ਰਿਹਾ ਹੋਵੇ। ਕਿਹਾ ਜਾਂਦਾ ਹੈ ਕਿ ਇਕ ਵਾਰੀ ਭਾਈ ਭਗਵਾਨ ਸਿੰਘ ਨੇ ਆਪਣੇ ਤਰਖਾਣੇ ਕੰਮ ਵਿੱਚੋਂ ਕੁਝ ਕੰਮ ਜੱਸਾ ਸਿੰਘ ਦੇ ਜ਼ਿੰਮੇ ਲਾਇਆ। ਪਰੰਤੂ ਕੰਮ ਨੂੰ ਪੂਰਾ ਕਰਨਾ ਤਾਂ ਕਿਤੇ ਰਿਹਾ, ਜੱਸਾ ਸਿੰਘ ਨੇ ਉਸ ਨੂੰ ਹੱਥ ਲਾਉਣ ਦੀ ਵੀ ਖੇਚਲ ਨਾ ਕੀਤੀ। ਨਤੀਜਾ ਇਹ ਹੋਇਆ ਕਿ ਭਗਵਾਨ ਸਿੰਘ ਨੂੰ ਆਪਣੇ ਗਾਹਕਾਂ ਪਾਸੋਂ ਸ਼ਰਮਿੰਦਾ ਹੋਣਾ ਪਿਆ ਤੇ ਇਸ ਘਟਨਾ ਨੇ ਘਰ ਵਿਚ ਬਹੁਤ ਖਿੱਚੋਤਾਣ ਪੈਦਾ ਕਰ ਦਿੱਤੀ।*ਇਸ ਘਰੋਗੀ ਖਿੱਚੋਤਾਣ ਦਾ ਅੰਤ ਓਦੋਂ ਹੋਇਆ, ਜਦੋਂ ਇਸ ਪਰਵਾਰ ਨੂੰ ਨਾਦਰ ਸ਼ਾਹ† ਦੇ ਹੱਲੇ ਦੇ

---

*ਜੱਸਾ ਸਿੰਘ ਬਿਨੋਦ, ਪੰਨਾ ੩੯੫

†ਨਾਦਰ ਕੁਲੀ, ਜੋ ਮਗਰੋਂ ਨਾਦਰ ਸ਼ਾਹ ਦੇ ਨਾਂ ਨਾਲ ਪਰਸਿਧ ਹੋਇਆ, ਈਰਾਨ ਦਾ ਇਕ ਡਾਕੂ ਸੀ। ੧੭੨੪-੨੫ ਵਿਚ ਅਫ਼ਗਾਨਾਂ ਨੇ ਈਰਾਨ ਉੱਤੇ ਹੱਲਾ ਕਰ ਕੇ ਉੱਥੋਂ ਦੇ ਬਾਦਸ਼ਾਹ, ਸ਼ਾਹ ਤਹਿਮਾਸਪ ਨੂੰ ਦੇਸ਼-ਨਿਕਾਲਾ ਦੇ ਦਿੱਤਾ ਤੇ ਹਕੂਮਤ ਆਪ ਸਾਂਭ ਲਈ। ਇਸ ਵੇਲੇ ਤੱਕ ਨਾਦਰ ਕੁਲੀ ਆਪਣੀ ਨਿਡਰਤਾ ਤੇ ਸੂਰਬੀਰਤਾ ਦੇ ਕਾਰਨ ਬਹੁਤ ਮਹੱਤਤਾ ਤੇ ਨਾਮਣਾ ਪਰਾਪਤ ਕਰ ਚੁਕਾ ਸੀ। ਸ਼ਾਹ ਤਹਿਮਾਸਪ ਨੇ ਉਸ ਨੂੰ ਆਪਣੀਆਂ ਫ਼ੌਜਾਂ ਦਾ ਜਰਨੈਲ ਥਾਪ ਦਿੱਤਾ ਤੇ ਉਸ ਦੀ ਸਹਾਇਤਾ ਨਾਲ ਅਫਗਾਨਾਂ ਨੂੰ ਆਪਣੇ ਦੇਸ਼ ਵਿੱਚੋਂ ਕੱਢਣ ਦਾ ਯਤਨ ਕੀਤਾ। ਨਵੰਬਰ ੧੭੨੭ ਵਿਚ ਨਾਦਰ ਕੁਲੀ ਨੇ

(ਬਾਕੀ ਅਗਲੇ ਸਫੇ ਤੇ)



Sri Satguru Jagjit Singh Ji eLibrary NamdhariElibrary@gmail.com

ਕਾਰਨ ਆਪਣਾ ਪਿੰਡ ਛਡਣਾ ਪਿਆ।

੧੭੩੯ ਵਿਚ ਜਦ ਜ਼ਕਰੀਆ ਖ਼ਾਂ ਨੂੰ ਪਤਾ ਲੱਗਾ ਕਿ ਨਾਦਰ ਸ਼ਾਹ ਮਾਰੋ-ਮਾਰ ਕਰਦਾ ਪੰਜਾਬ ਉੱਤੇ ਚੜ੍ਹਿਆ ਆ ਰਿਹਾ ਹੈ, ਤਾਂ ਉਸ ਵਿਹੀ ਮੁਨਾਸਬ ਸਮਝਿਆ ਕਿ ਬਹਾਦਰ ਸਿੱਖਾਂ ਨਾਲ ਸੁਲ੍ਹਾ-ਸਫ਼ਾਈ ਕਰ ਕੇ ਇਹ ਔਖਾ ਸਮਾਂ ਲੰਘਾਇਆ ਜਾਏ ਤੇ ਨਾਦਰ ਸ਼ਾਹ ਦਾ ਟਾਕਰਾ ਕਰਨ ਲਈ ਉਨ੍ਹਾਂ ਦੀ ਸਹਾਇਤਾ ਲਈ ਜਾਏ। ਇਸ ਮੰਤਵ ਦੀ ਪਰਾਪਤੀ ਲਈ ਉਸ ਨੇ ਸਿੱਖਾਂ ਨੂੰ ਇਕ ਜਾਗੀਰ ਤੇ ਖ਼ਿਲਅਤ ਪੇਸ਼

---

(ਪਿਛਲੇ ਸਫੇ ਦੇ ਫੁਟ ਨੋਟ ਦੀ ਬਾਕੀ)

ਅਫ਼ਗਾਨਾਂ ਪੁਰ ਜਿੱਤ ਪਰਾਪਤ ਕੀਤੀ ਤੇ ਇਸਫ਼ਹਾਨ ਦੇ ਸ਼ਹਿਰ ਤੇ ਕਬਜ਼ਾ ਕਰ ਲਿਆ। ਪਰੰਤੂ ਉਹ ਇਸ ਜਿੱਤ ਉੱਤੇ ਹੀ ਸੰਤੁਸ਼ਟ ਨਾ ਰਿਹਾ, ਸਗੋਂ ਉਸ ਨੇ ਸ਼ਾਹ ਤਹਿਮਾਸਪ ਨੂੰ ਕੈਦ ਕਰ ਕੇ ਖ਼ੁਰਾਸਾਨ ਭੇਜ ਦਿੱਤਾ ਤੇ ਸਾਰੀ ਤਾਕਤ ਆਪ ਸਾਂਭ ਲਈ। ੧੭੩੬ ਵਿਚ ਉਸ ਨੇ ਨਾਦਰ ਸ਼ਾਹ ਦੇ ਨਾਂ ਹੇਠ ਆਪਣੇ ਆਪ ਨੂੰ ਈਰਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ।

ਤਖ਼ਤ ਸੰਭਾਲਣ ਪਿੱਛੋਂ ਨਾਦਰ ਸ਼ਾਹ ਨੇ ਅਫ਼ਗਾਨਾਂ ਨੂੰ,ਜੋ ਭਾਰਤ ਵਲ ਨੱਠ ਆਏ ਸਨ, ਦੰਡ ਦੇਣ ਦਾ ਇਰਾਦਾ ਕੀਤਾ। ਉਸ ਨੇ ਮੁਗ਼ਲ ਪਾਤਸ਼ਾਹ ਪਾਸ ਆਪਣਾ ਦੂਤ ਭੇਜਿਆ ਕਿ ਉਹ ਭਗੌੜੇ ਅਫ਼ਗਾਨਾਂ ਨੂੰ ਉਹਦੇ ਹਵਾਲੇ ਕਰ ਦੇਵੇ, ਪਰ ਕੋਈ ਤਸੱਲੀ-ਬਖ਼ਸ਼ ਉੱਤਰ ਨਾ ਮਿਲਣ ਕਰਕੇ ਉਸ ਨੇ ਭਾਰਤ ਪੁਰ ਹੱਲਾ ਕਰਨ ਦਾ ਫ਼ੈਸਲਾ ਕਰ ਲਿਆ। ਭਾਰਤ ਦੀ ਖ਼ੁਸ਼ਹਾਲੀ ਤੇ ਮੁਗ਼ਲਾਂ ਦੀ ਦੌਲਤ ਦੇ ਅੰਬਾਰ ਵੀ ਉਸ ਨੂੰ ਹਿੰਦ ਉੱਤੇ ਹਮਲਾ ਕਰਨ ਲਈ ਉਕਸਾ ਰਹੇ ਸਨ। ਸੋ ੧੭੩੮ ਵਿਚ ਨਾਦਰ ਸ਼ਾਹ ਕਾਬਲ,ਕੰਧਾਰ ਤੇ ਗਜ਼ਨੀ ਵੱਲੋਂ ਹੁੰਦਾ ਹੋਇਆ ਭਾਰਤ ਦੀ ਰਮਣੀਕ ਧਰਤੀ ਤੇ ਪੁੱਜਾ ਤੇ ਉਸ ਨੇ ਮੁਗ਼ਲਾਂ ਦੀ ਰਾਜਧਾਨੀ ਦਿੱਲੀ ਨੂੰ ਜਾ ਲੁੱਟਿਆ। ਉਸ ਨੇ ਆਪਣੇ ਪੁੱਤਰ ਦਾ ਵਿਆਹ ਔਰੰਗਜ਼ੇਬ ਦੀ ਪੋਤੀ ਨਾਲ ਕੀਤਾ। ਪੰਜਾਬ ਵਿਚ ਜ਼ਕਰੀਆ ਖ਼ਾਂ ਨੇ ਵੀ ਉਹਦੀ ਈਨ ਮੰਨ ਲਈ। ਵਾਪਸੀ ਉੱਤੇ ਉਸ ਨੇ ਸਿੰਧ ਦੇ ਕਈ ਇਲਾਕਿਆਂ ਨੂੰ ਲੁੱਟਿਆ। ਆਪਣੀ ਨਿਡਰਤਾ ਤੇ ਬਹਾਦਰੀ ਕਰਕੇ ਉਹ "ਪੂਰਬ ਦਾ ਨੈਪੋਲੀਅਨ" ਕਰਕੇ ਮਸ਼ਹੂਰ ਹੈ।

(ਐਨਸਾਈਕਲੋਪੀਡੀਆ ਬ੍ਰਿਟੈਨਿਕਾ XVIII, ੬੪੦-੪੨.)



Sri Satguru Jagjit Singh Ji eLibrary NamdhariElibrary@gmail.com

ਕੀਤੀ, ਜੋ 'ਦੱਲ ਖ਼ਾਲਸਾ' ਨੇ ਸਰਬ-ਸੰਮਤੀ ਨਾਲ ਨਵਾਬ ਕਪੂਰ ਸਿੰਘ* ਦੇ ਹਵਾਲੇ ਕਰ ਦਿੱਤੀ। ਇਸ ਮਿੱਤਰਤਾ ਦੇ ਫ਼ੈਸਲੇ ਨੂੰ ਸਾਰੇ ਸਿੱਖਾਂ ਨੇ ਪਰਵਾਨ ਕਰ ਲਿਆ ਤੇ ਨਾਦਰਸ਼ਾਹ ਦੇ ਵਿਰੁੱਧ ਜ਼ਕਰੀਆ ਖ਼ਾਂ ਦੀ ਸਹਾਇਤਾ ਕਰਨ ਦਾ ਫ਼ੈਸਲਾ ਹੋ ਗਿਆ। ਇਸ ਫ਼ੈਸਲੇ ਅਨੁਸਾਰ ਬਹੁਤ ਸਾਰੇ ਸਿੰਘ ਨਾਦਰ ਸ਼ਾਹ ਦੇ ਵਿਰੁੱਧ ਲੜਨ ਵਾਲੀ ਫ਼ੌਜ ਵਿਚ ਭਰਤੀ ਹੋ ਗਏ। ਭਗਵਾਨ ਸਿੰਘ ਤੇ ਜੱਸਾ ਸਿੰਘ ਵੀ ਇਨ੍ਹਾਂ ਵਿਚ ਸ਼ਾਮਲ ਸਨ।

**ਨਾਦਰ ਸ਼ਾਹ ਅਤੇ ਜ਼ਕਰੀਆ ਖ਼ਾਂ ਦੀਆਂ ਫ਼ੌਜਾਂ ਦਾ ਟਾਕਰਾ**

---

*ਨਵਾਬ ਕਪੂਰ ਸਿੰਘ ਅਠਾਰ੍ਹਵੀਂ ਸਦੀ ਦੇ ਮੰਨੇ-ਪ੍ਰਮੰਨੇ ਸਿੱਖ ਲੀਡਰਾਂ ਵਿੱਚੋਂ ਇਕ ਸੀ। ਉਹਨੂੰ ਸਿੱਖਾਂ ਦੀ ਪਹਿਲੀ ਜੱਥੇਬੰਦੀ 'ਦਲ ਖ਼ਾਲਸਾ' ਸਥਾਪਨ ਕਰਨ ਦਾ ਮਾਣ ਪਰਾਪਤ ਹੋਇਆ। ਆਪਣੇ ਸਮੇਂ ਵਿਚ ਉਹ ਆਪਣੀ ਦਲੇਰੀ, ਸੂਰਬੀਰਤਾ ਤੇ ਨਿਡਰਤਾ ਕਰਕੇ ਬੜਾ ਮਸ਼ਹੂਰ ਸੀ। ਉਸ ਨੇ 'ਬੁੱਢਾ ਦਲ' ਤੇ 'ਤਰੁਣਾ ਦਲ' ਦੀ ਵੰਡ ਕਰ ਕੇ ਸਿੱਖ ਫ਼ੌਜ ਨੂੰ ਪੂਰੀ ਤਰ੍ਹਾਂ ਸੰਗਠਤ ਕੀਤਾ ਤੇ ਇਸ ਤਰ੍ਹਾਂ ਇਸ ਨੂੰ ਆਪਣੇ ਵੈਰੀਆਂ—ਮੁਗ਼ਲਾਂ ਤੇ ਅਫ਼ਗਾਨਾਂ ਦਾ ਟਾਕਰਾ ਕਰਨ ਦੇ ਯੋਗ ਬਣਾਇਆ। ੧੭੩੪ ਵਿਚ ਜਦ ਨਵਾਬ ਜ਼ਕਰੀਆ ਖ਼ਾਂ ਨੇ ਨਾਦਰਸ਼ਾਹ ਦੇ ਹਮਲੇ ਦੇ ਡਰ ਕਰਕੇ ਸਿੱਖਾਂ ਨਾਲ ਸਮਝੌਤਾ ਕੀਤਾ ਤੇ ਉਨ੍ਹਾਂ ਨੂੰ ਜਾਗੀਰ ਤੇ ਖ਼ਿਲਅਤ ਦਿੱਤੀ, ਤਾਂ ਸਿੱਖਾਂ ਨੇ ਸਰਬ-ਸੰਮਤੀ ਨਾਲ ਕਪੂਰ ਸਿੰਘ ਨੂੰ ਹੀ ਨਵਾਬੀ ਦੀ ਪਦਵੀ ਦੇਣ ਦਾ ਫ਼ੈਸਲਾ ਕੀਤਾ। ਇਸੇ ਕਰਕੇ ਉਸ ਨੂੰ ਸਿੱਖਾਂ ਦਾ ਪੇਸ਼ਵਾ ਵੀ ਕਿਹਾ ਜਾਂਦਾ ਹੈ। ਰਾਜ-ਨੀਤਕ ਖੇਤਰ ਵਿਚ ਜਿੰਨੀ ਮਹੱਤਤਾ ਤੋਂ ਛੁਟ ਨਵਾਬ ਕਪੂਰ ਸਿੰਘ ਧਾਰਮਕ ਖੇਤਰ ਵਿਚ ਵੀ ਬਹੁਤ ਉੱਘਾ ਸੀ। ਉਸ ਨੇ ਕਈ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਇਸ ਤਰ੍ਹਾਂ ਉਹ ਸਰਬਤ ਖ਼ਾਲਸੇ ਦਾ ਪਹਿਲਾ ਜੱਥੇਦਾਰ ਮੰਨਿਆ ਜਾਂਦਾ ਸੀ। ਉਹ ਸਿੰਘ ਪੁਰੀਆ ਜਾਂ ਫ਼ੈਜ਼ਲ ਪੁਰੀਆ ਮਿਸਲ ਦਾ ਮੋਢੀ ਵੀ ਸੀ ਤੇ ਉਸ ਦੇ ਇਲਾਕੇ ਜਲੰਧਰ ਦੁਆਬੇ ਵਿਚ ਸਨ। ਬੰਦੇ ਬਹਾਦਰ ਤੋਂ ਪਿੱਛੋਂ ਉਸ ਨੂੰ ਸਿੱਖਾਂ ਦਾ ਸਭ ਤੋਂ ਮੋਹਰੀ ਤੇ ਸੂਝਵਾਨ ਆਗੂ ਕਹਿ ਲਿਆ ਜਾਏ, ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ। (ਪ੍ਰੇਮ ਸਿੰਘ ਹੋਤੀ : ਨਵਾਬ ਕਪੂਰ ਸਿੰਘ)



Sri Satguru Jagjit Singh Ji eLibrary NamdhariElibrary@gmail.com

੧੭੩੮ ਈਸਵੀ ਵਿਚ ਵਜ਼ੀਰਾਬਾਦ (ਜ਼ਿਲਾ ਗੁਜਰਾਂਵਾਲਾ, ਪਾਕਿਸਤਾਨ) ਦੇ ਨੇੜੇ ਹੋਇਆ। ਇਸ ਲੜਾਈ ਵਿਚ ਭਗਵਾਨ ਸਿੰਘ ਤੇ ਜੱਸਾ ਸਿੰਘ ਨੇ ਬੜੀ ਬਹਾਦਰੀ ਵਿਖਾਈ, ਜਿਸ ਦਾ ਜ਼ਕਰੀਆ ਖ਼ਾਂ ਉੱਤੇ ਬੜਾ ਪਰਭਾਵ ਪਿਆ। ਅੰਤ ਇਸੇ ਲੜਾਈ ਵਿਚ ਗਿਆਨੀ ਭਗਵਾਨ ਸਿੰਘ ਸ਼ਹੀਦੀ ਪਰਾਪਤ ਕਰ ਗਿਆ। *ਇਹ ਲੜਾਈ ਨੌਜੁਆਨ ਜੱਸਾ ਸਿੰਘ ਦੇ ਜੀਵਨ ਵਿਚ ਇਕ ਮੀਲ-ਪੱਥਰ ਸਾਬਤ ਹੋਈ। ਇਸ ਵੇਲੇ ਤਕ ਉਹ ਆਪਣੀ ਸੂਰਬੀਰਤਾ, ਦਲੇਰੀ ਤੇ ਨਿਡਰਤਾ ਦੇ ਕਾਰਨ ਚੋਖੀ ਮਹਾਨਤਾ ਪਰਾਪਤ ਕਰ ਚੁਕਾ ਸੀ। ਹੁਣ ਉਸ ਨੇ ਪੂਰਨ ਤੌਰ ਤੇ ਫ਼ੌਜੀ ਜੀਵਨ ਨੂੰ ਅਪਣਾ ਲਿਆ ਤੇ ਉਹ ਮੱਲਾਂ ਮਾਰਨ ਦੇ ਮਾਰਗ ਉੱਤੇ ਚਲ ਪਿਆ। ਜ਼ਕਰੀਆ ਖ਼ਾਂ ਨੇ ਭਾਈ ਭਗਵਾਨ ਸਿੰਘ ਦੇ ਪਰਵਾਰ ਨੂੰ ਅੰਮ੍ਰਿਤਸਰ ਦੇ ਜ਼ਿਲੇ ਵਿਚ ਪੰਜਾਂ ਪਿੰਡਾਂ—ਵੱਲਾ, ਵੇਰਕਾ, ਸੁਲਤਾਨਪਿੰਡ, ਤੁੰਗ, ਅਤੇ ਚੱਬਾ—ਦੀ ਜਾਗੀਰ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਬਖ਼ਸ਼ੀ। ਜਾਗੀਰ ਵਿੱਚੋਂ ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਸੇ ਪਿੰਡ ਵਿਚ ਆਪਣੀ ਜਾਗੀਰ ਦਾ ਪਰਬੰਧ ਕਰਦਿਆਂ ਜੱਸਾ ਸਿੰਘ ਨੇ ਰਾਜ ਪਰਬੰਧ ਦਾ ਤਜਰਬਾ ਪਰਾਪਤ ਕੀਤਾ। †ਇਸੇ ਪਿੰਡ ਵਿਚ ਰਹਿੰਦਿਆਂ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ‡ ਨਾਲ ਉਸ ਦੀ ਮੁਠ-ਭੇੜ ਹੋਈ।

---

*ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੫; ਇਤਿਹਾਸ ਰਾਮਗੜ੍ਹੀਆ ਮਿਸਲ, ਪੰਨਾ ੩੮-੩੯।

†ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੯; ਸੁੰਦਰ ਸਿੰਘ : ਐਨਲਜ਼ ਔਫ ਰਾਮਗੜ੍ਹੀਆ ਸਰਦਾਰਜ਼, ਪੰਨਾ ੫।

‡ਅਦੀਨਾ ਬੇਗ ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿਚ ਇਕ ਉੱਘੀ ਵਿਅਕਤੀ ਹੋਇਆ ਹੈ। ਇਕ ਗਰੀਬ ਖ਼ਾਨਦਾਨ ਵਿਚ ਪੈਦਾ ਹੋ ਕੇ ਉਹ ਆਪਣੀ ਯੋਗਤਾ ਸਦਕਾ ਬਹੁਤ ਉੱਚੇ ਮੁਰਾਤਬੇ ਤੇ ਪਹੁੰਚਿਆ।

(ਬਾਕੀ ਅਗਲੇ ਸਫ਼ੇ ਤੇ)



Sri Satguru Jagjit Singh Ji eLibrary NamdhariElibrary@gmail.com

ਹੱਦਾਂ ਦੀ ਵੰਡ ਵੇਲੇ ਉਸ ਦੀ ਅਦੀਨਾ ਬੇਗ ਨਾਲ ਟੱਕਰ ਹੋ ਪਈ, ਜਿਸ ਕਰਕੇ ਨੌਰੰਗਾਬਾਦ ਦੇ ਅਸਥਾਨ ਤੇ ਇਕ ਲੜਾਈ ਲੜੀ ਗਈ, ਜੋ 'ਵੱਲੇ ਦੀ ਲੜਾਈ' ਕਰਕੇ ਮਸ਼ਹੂਰ ਹੈ* ।

ਜ਼ਕਰੀਆ ਖ਼ਾਂ ੧੭੪੫ ਈਸਵੀ ਵਿਚ ਚਲਾਣਾ ਕਰ ਗਿਆ । ਉਸ ਦੀ ਮੌਤ ਪੰਜਾਬ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਮਹਾਨਤਾ ਰਖਦੀ ਹੈ, ਕਿਉਂ ਜੁ ਇਸ ਤੋਂ ਛੇਤੀ ਬਾਅਦ ਇੱਥੇ ਗੜਬੜ ਤੇ ਰਾਜ-ਰੌਲਾ

---

(ਪਿਛਲੇ ਫੁਟਨੋਟ ਦੀ ਬਾਕੀ)

ਛੋਟੀ ਉਮਰ ਵਿਚ ਹੀ ਉਸ ਨੇ ਮੁਗ਼ਲ ਅਫ਼ਸਰਾਂ ਕੋਲ ਨੌਕਰੀ ਕਰ ਲਈ ਤੇ ਫਿਰ ਫ਼ੌਜ ਵਿਚ ਭਰਤੀ ਹੋ ਕੇ ਚੰਗੀ ਪਰਸਿਧਤਾ ਪਰਾਪਤ ਕੀਤੀ । ਸੁਲਤਾਨਪੁਰ ਦਾ ਇਕ ਸਾਹੂਕਾਰ ਸ੍ਰੀ ਨਿਵਾਸ ਧੌਰ ਇਸ ਦਾ ਮਿੱਤਰ ਸੀ । ਇਹ ਸ਼ਾਹੂਕਾਰ ਇਸ ਉੱਤੇ ਇੰਨਾ ਪਰਸੰਨ ਸੀ ਕਿ ਉਸ ਨੇ ਇਹਨੂੰ ਪੰਜਾਂ ਛੇਆਂ ਪਿੰਡਾਂ ਦਾ ਮਾਲੀਆ ਇਕੱਠਾ ਕਰਨ ਦਾ ਠੇਕਾ ਲੈ ਦਿੱਤਾ । ਇਸ ਕੰਮ ਵਿਚ ਅਦੀਨਾ ਬੇਗ ਨੇ ਲਾਹੌਰ ਦਰਬਾਰ ਨਾਲ ਮੇਲ-ਮਿਲਾਪ ਪੈਦਾ ਕਰ ਲਿਆ । ਜ਼ਕਰੀਆ ਖ਼ਾਂ ਕਿਸੇ ਆਦਮੀ ਦੀ ਯੋਗਤਾ ਨੂੰ ਛੇਤੀ ਹੀ ਪਛਾਣ ਲੈਂਦਾ ਸੀ । ਸੋ ਜਦ ਸੁਲਤਾਨਪੁਰ ਦੇ ਜ਼ਿਲੇ ਦਾ ਉਚ-ਅਧਿਕਾਰੀ ਚਲਾਣਾ ਕਰ ਗਿਆ, ਤਾਂ ਜ਼ਕਰੀਆ ਖ਼ਾਂ ਨੇ ਉਸ ਦੀ ਥਾਂ ਅਦੀਨਾ ਬੇਗ ਨੂੰ ਨੀਅਤ ਕਰ ਦਿੱਤਾ । ਅਦੀਨਾ ਬੇਗ ਨੇ ਸੁਲਤਾਨਪੁਰ ਦਾ ਪਰਬੰਧ ਇੰਨੇ ਸੁਚੱਜੇ ਢੰਗ ਨਾਲ ਨਿਭਾਇਆ ਕਿ ਉਹ ਪੰਜਾਬ ਦੇ ਸਭ ਗਵਰਨਰਾਂ ਦੇ ਸਮੇਂ ਸੁਲਤਾਨਪੁਰ ਦਾ ਫ਼ੌਜਦਾਰ ਰਿਹਾ । ਅੰਤ ਉਸ ਦੀ ਤਾਕਤ ਇੱਥੋਂ ਤਕ ਵਧੀ ਕਿ ਉਸ ਨੇ ਤੈਮੂਰ ਸ਼ਾਹ ਪਾਸੋਂ ਲਾਹੌਰ ਦੀ ਮਾਲਕੀ ਖੋਹ ਲਈ ਤੇ ਪੰਜਾਬ ਦਾ ਗਵਰਨਰ ਬਣ ਬੈਠਾ । ਪਰੰਤੂ ਇਸ ਤੋਂ ਛੇਤੀ ਪਿੱਛੋਂ ਉਸ ਦੀ ਮੌਤ ਹੋ ਗਈ, ਜਿਸ ਕਰਕੇ ਉਹ ਇਸ ਪਦਵੀ ਨੂੰ ਬਹੁਤਾ ਚਿਰ ਨਾ ਮਾਣ ਸਕਿਆ ।

(ਅਹਿਵਾਲ-ਇ-ਅਦੀਨਾ ਬੇਗ; ਹਰੀ ਰਾਮ ਗੁਪਤਾ : ਲੇਟਰ ਮੁਗ਼ਲਜ਼ ਹਿਸਟਰੀ ਔਫ਼ ਦੀ ਪੰਜਾਬ, ੫੬-੧੦੮)

*ਅਹਿਵਾਲ-ਇ-ਅਦੀਨਾ ਬੇਗ, ਪੰਨਾ ੫



Sri Satguru Jagjit Singh Ji eLibrary NamdhariElibrary@gmail.com

ਪੈ ਗਿਆ। ਉਸ ਦੇ ਦੋ ਪੁੱਤਰ ਸ਼ਾਹ ਨਵਾਜ਼ ਖ਼ਾਂ ਤੇ ਯਾਹਯਾ ਖ਼ਾਂ ਪੰਜਾਬ ਦੇ ਹਾਕਮ ਬਣਨ ਲਈ ਆਪਸ ਵਿਚ ਗੁੱਥਮ-ਗੁੱਥਾ ਹੋ ਗਏ । ਉਨ੍ਹਾਂ ਦੀ ਪ੍ਰਸਪਰ ਲੜਾਈ ਨੇ ਸਰਕਾਰ ਨੂੰ ਕਮਜ਼ੋਰ ਕਰ ਦਿੱਤਾ ਤੇ ਅਜਿਹੀ ਹਾਲਤ ਵਿਚ ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲ ਗਿਆ, ਇੱਥੋਂ ਤਕ ਕਿ ਉਨ੍ਹਾਂ ਨੇ ਇਕ ਤਕੜੀ ਸੈਨਾ ਵਿਚ ਆਪਣੇ ਆਪ ਨੂੰ ਜੱਥੇਬੰਦ ਕਰ ਲਿਆ । ਉਹ ਜੰਗਲਾਂ ਵਿਚਲੇ ਆਪਣੇ ਗੁਪਤ ਘਰਾਂ ਵਿਚੋਂ ਬਾਹਰ ਨਿਕਲੇ ਤੇ ਛੋਟੇ ਛੋਟੇ ਜੱਥੇ ਬਣਾ ਕੇ ਥਾਂ ਥਾਂ ਛਾਪੇ ਮਾਰਨ ਲੱਗੇ । ਇਸ ਹਾਲਤ ਵਿਚ ਜੱਸਾ ਸਿੰਘ ਵਰਗਾ ਉਤਸ਼ਾਹੀ ਗਭਰੂ ਕਦ ਪਿੱਛੇ ਰਹਿਣ ਵਾਲਾ ਸੀ। ਉਹ ਵੀ 'ਦੱਲ ਖ਼ਾਲਸਾ' ਦਾ ਮੈਂਬਰ ਬਣ ਕੇ ਨੰਦ ਸਿੰਘ ਸੰਘਾਣੀਏ ਦੇ ਜੱਥੇ ਵਿਚ ਸ਼ਾਮਲ ਹੋ ਗਿਆ।

ਸਿੱਖਾਂ ਨੇ ਛੇਤੀ ਹੀ ਆਪਣੀ ਵਧਦੀ ਤਾਕਤ ਦਾ ਵਿਖਾਵਾ ਕਰਨਾ ਅਰੰਭ ਕਰ ਦਿੱਤਾ। ਉਹ ਆਪਣੇ ਧਾਰਮਕ ਤਿਉਹਾਰ ਵਖ ਵਖ ਥਾਵਾਂ ਤੇ ਮਨਾਉਣ ਲਗ ਪਏ। ਇਸ ਤਰ੍ਹਾਂ ਉਨ੍ਹਾਂ ਨੂੰ ਸਮੇਂ ਸਮੇਂ ਇਕੱਠੇ ਹੋ ਕੇ ਪੰਥਕ ਬਿਹਤਰੀ ਲਈ ਤਜਵੀਜ਼ਾਂ ਸੋਚਣ, ਫ਼ੈਸਲੇ ਕਰਨ ਅਤੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਮੌਕੇ ਮਿਲਣ ਲੱਗੇ । ੧੭੪੭ ਵਿਚ ਅਨੰਦਪੁਰ ਸਾਹਿਬ (ਜ਼ਿਲਾ ਹੁਸ਼ਿਆਰਪੁਰ) ਵਿਚ ਹੋਲੇ ਦਾ ਮੇਲਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਫਿਰ ਇਸੇ ਸਾਲ ਵਿਸਾਖੀ ਦੇ ਪੁਰਬ ਉੱਤੇ ਅੰਮ੍ਰਿਤਸਰ ਵਿਚ ਬੜਾ ਭਾਰੀ ਇਕੱਠ ਹੋਇਆ। ਇਸ ਇਕੱਤਰਤਾ ਵਿਚ ਉੱਘੇ ਸਿੱਖ ਆਗੂਆਂ ਨੇ ਸਰਬ-ਸੰਮਤੀ ਨਾਲ ਫ਼ੈਸਲਾ ਕੀਤਾ ਕਿ ਖ਼ਾਲਸੇ ਨੂੰ ਆਪਣੀ ਤਾਕਤ ਵਧਾਉਣ ਲਈ ਆਪਣੇ ਕਿਲ੍ਹੇ ਉਸਾਰਨੇ ਚਾਹੀਦੇ ਹਨ, ਤਾਂ ਜੁ ਸ਼ਹਿਰਾਂ ਵਿਚ ਵੀ ਦੁਸ਼ਮਣ ਦੀਆਂ ਵਧੀਕੀਆਂ ਦਾ ਚੰਗੀ ਤਰ੍ਹਾਂ ਟਾਕਰਾ ਕੀਤਾ ਜਾ ਸਕੇ । ਪਰੰਤੂ ਪਹਿਲਾ ਕਿਲ੍ਹਾ ਉਸਾਰਨ ਵਾਲੇ ਅਸਥਾਨ ਬਾਰੇ ਕੁਝ ਮਤਭੇਦ ਹੋ ਗਿਆ । ਅੰਤ ਮਾੜੀ ਕੰਬੋਕੇ ਵਾਲੇ ਸਰਦਾਰ



Sri Satguru Jagjit Singh Ji eLibrary NamdhariElibrary@gmail.com

ਸੁੱਖਾ ਸਿੰਘ* ਨੇ ਇਕ ਪ੍ਰਭਾਵਸ਼ਾਲੀ ਭਾਸ਼ਨ ਵਿਚ ਸਭ ਸਿੱਖਾਂ ਪਾਸ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਪਣਾ ਪਹਿਲਾ ਕਿਲ੍ਹਾ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਹੀ ਬਣਾਉਣਾ ਚਾਹੀਦਾ ਹੈ। ਇਸ ਅਪੀਲ ਦਾ ਲੋੜੀਂਦਾ ਅਸਰ ਹੋਇਆ ਤੇ ਅੰਮ੍ਰਿਤਸਰ ਵਿਚ ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਇਹ ਕਿਲ੍ਹਾ ਛੇਤੀ ਹੀ ਉੱਸਰ ਗਿਆ ਤੇ ਇਸ ਦਾ ਨਾਂ ਸ਼ਹਿਰ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਨਾਂ ਉੱਤੇ 'ਰਾਮ ਰੌਣੀ' ਰੱਖਿਆ ਗਿਆ। ਇਸ ਕਿਲ੍ਹੇ ਵਿਚ ਪੰਜ ਸੌ ਸਿਪਾਹੀਆਂ ਲਈ ਥਾਂ ਸੀ ਤੇ ਇਸ ਨੂੰ ਸਭ ਸਿੱਖਾਂ ਨੇ ਰਲ ਦੇ ਆਪਣੀ ਹੱਥੀਂ ਉਸਾਰਿਆ ਸੀ। ਹਾਂ, ਜੱਸਾ ਸਿੰਘ ਤੇ ਉਸ ਦੇ ਕਈ ਕਿਰਤੀ (ਤਰਖਾਣ) ਸਾਥੀਆਂ ਦਾ ਇਸ ਦੀ ਉਸਾਰੀ ਵਿਚ ਵਿਸ਼ੇਸ਼ ਹੱਥ ਸੀ।

ਇਸ ਵੇਲੇ ਜੱਸਾ ਸਿੰਘ ਸਿੱਖਾਂ ਦੇ ਉੱਘੇ ਆਗੂਆਂ ਵਿਚ ਗਿਣਿਆ ਜਾਂਦਾ ਸੀ, ਪਰੰਤੂ ਸਬੱਬ ਨਾਲ ਇਕ ਅਜਿਹੀ ਘਟਨਾ ਹੋ ਗਈ, ਜਿਸ ਕਰਕੇ ਉਸ ਦੀ ਮਸ਼ਹੂਰੀ ਨੂੰ ਬੜਾ ਧੱਕਾ ਵੱਜਾ। ਉਨ੍ਹੀਂ ਦਿਨੀਂ ਜੱਸਾ ਸਿੰਘ ਦੇ ਘਰ ਇਕ ਲੜਕੀ ਨੇ ਜਨਮ ਲਿਆ। ਉਸ ਸਮੇਂ ਦੇ ਸਮਾਜ ਵਿਚ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਆਮ ਸੀ। ਸੋ ਜੱਸਾ ਸਿੰਘ ਦੇ ਘਰ ਦਿਆਂ ਨੇ ਵੀ ਉਸ

---

*ਸੁੱਖਾ ਸਿੰਘ ਮਾੜੀ ਕੰਬੋ ਕੇ ਪਿੰਡ ਦਾ ਇਕ ਤਰਖਾਣ ਸਿੰਘ ਸੀ, ਜਿਸ ਨੇ ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿਚ ਆਪਣੀ ਨਿਡਰਤਾ ਤੇ ਬੀਰਤਾ ਦੇ ਕਾਰਨ ਉੱਘਾ ਨਾਂ ਪਰਾਪਤ ਕੀਤਾ। ਇਸ ਨੇ ਹੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦੁਆਲੇ ਦੇ ਅੰਮ੍ਰਿਤ ਸਰੋਵਰ ਵਿਚ ਦਿਨ ਦੀਵੀਂ ਇਸ਼ਨਾਨ ਕਰਨ ਦੀ ਦਲੇਰੀ ਕੀਤੀ ਸੀ, ਜਦ ਕਿ ਮੁਗ਼ਲਾਂ ਨੇ ਇਥੇ ਆਉਣ ਦੇ ਸਭ ਰਸਤੇ ਬੰਦ ਕੀਤੇ ਹੋਏ ਸਨ। ਉਨ੍ਹਾਂ ਦਿਨਾਂ ਵਿਚ ਸਿੱਖਾਂ ਵਿਖੇ ਉਸ ਦੀ ਬੀਰਤਾ ਦੀ ਆਮ ਚਰਚਾ ਸੀ। ੧੭੫੨ ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਮਾਰਨ ਦਾ ਜਤਨ ਕਰਦਾ ਹੋਇਆ ਇਹ ਸ਼ਹੀਦ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

ਲੜਕੀ ਨੂੰ ਮਾਰ ਦਿੱਤਾ। ਜੱਸਾ ਸਿੰਘ ਸਿਪਾਹੀ ਹੋਣ ਕਰਕੇ ਆਪ ਬਹੁਤਾ ਚਿਰ ਘਰੋਂ ਬਾਹਰ ਹੀ ਰਹਿੰਦਾ ਸੀ, ਇਸ ਲਈ ਨਿਸਚਿਤ ਤੌਰ ਤੇ ਉਸ ਨੂੰ ਇਸ ਅਪਰਾਧ ਦਾ ਦੋਸ਼ੀ ਨਹੀਂ ਸੀ ਠਹਿਰਾਇਆ ਜਾ ਸਕਦਾ*। ਪਰੰਤੂ ਇਹ ਘੋਰ ਪਾਪ ਹੋਇਆ ਤਾਂ ਉਸ ਦੇ ਘਰ ਵਿਚ ਹੀ ਸੀ। ਸਿੱਖ ਧਰਮ ਵਿਚ ਕੁੜੀ ਮਾਰਨ ਨੂੰ ਇਕ ਬੱਜਰ ਪਾਪ ਸਮਝਿਆ ਜਾਂਦਾ ਸੀ, ਇੱਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਕੁੜੀ ਮਾਰ' ਨਾਲ ਵਰਤਣ-ਵਿਹਾਰ ਦੀ ਮਨਾਹੀ ਕੀਤੀ ਹੋਈ ਸੀ। ਸੋ ਜੱਸਾ ਸਿੰਘ ਨੂੰ ਖ਼ਾਲਸਾ ਪੰਥ ਵਿਚੋਂ ਛੇਕ ਕੇ 'ਦੱਲ ਖ਼ਾਲਸਾ' ਵਿੱਚੋਂ ਕਢ ਦਿੱਤਾ ਗਿਆ†। ਇਸ ਘਟਨਾ ਨਾਲ ਜੱਸਾ ਸਿੰਘ ਦੀ ਉੱਨਤੀ ਨੂੰ ਬੜੀ ਭਾਰੀ ਸੱਟ ਵੱਜੀ ਤੇ ਅੰਤ ਇਸ ਦੇ ਪ੍ਰਾਸਚਿਤ ਲਈ ਉਸ ਨੂੰ ਬੜੀ ਭਾਰੀ ਕੁਰਬਾਨੀ ਕਰਨੀ ਪਈ।

---

*ਕਪੂਰ ਸਿੰਘ : ਜੱਸਾ ਸਿੰਘ ਰਾਮਗੜ੍ਹੀਆ (ਲੇਖ 'ਸਪੋਕਸਮੈਨ' ੧੫ ਜੁਲਾਈ ੧੯੫੩)

†ਇਹ ਗੱਲ ਵਰਣਨ ਯੋਗ ਹੈ ਕਿ ਮੁਢਲੇ ਲਿਖਾਰੀਆਂ ਨੇ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ। ਵਿਸ਼ੇਸ਼ ਕਰਕੇ ਅਲੀ-ਉਦ-ਦੀਨ ਨੇ ਆਪਣੀ ਪੁਸਤਕ 'ਇਬਰਤ ਨਾਮਾ' ਵਿਚ ਇਸ ਘਟਨਾ ਬਾਰੇ ਕੁਝ ਨਹੀਂ ਲਿਖਿਆ। ਸਿੱਖਾਂ ਦੇ ਲਿਖੇ ਇਤਿਹਾਸਾਂ ਵਿਚ ਇਸ ਦਾ ਜ਼ਿਕਰ ਆਉਂਦਾ ਹੈ, ਜਿਵੇਂ :—

ਸਿੰਘ ਤਰਖਾਣ ਜੱਸਾ ਸਿੰਘ ਜੋਇ।
ਦੀਨੋ ਸਿੰਘਨ ਛੇਕ ਥੋ ਸੋਇ।
(ਰਤਨ ਸਿੰਘ : ਪ੍ਰਾਚੀਨ ਪੰਥ ਪ੍ਰਕਾਸ਼, ੩੧੪)



Sri Satguru Jagjit Singh Ji eLibrary NamdhariElibrary@gmail.com

## ੨

# ਜੱਸਾ ਸਿੰਘ ਨੂੰ 'ਰਾਮਗੜ੍ਹੀਆ' ਪਦਵੀ ਮਿਲਣੀ

### [ਸਤੰਬਰ ੧੭੪੮ ਤੋਂ ਨਵੰਬਰ ੧੭੪੮]

੧੭੪੮ ਈਸਵੀ ਦਾ ਸਾਲ ਪੰਜਾਂ ਦਰਿਆਵਾਂ ਦੀ ਧਰਤੀ ਦੇ ਇਤਿਹਾਸ ਵਿਚ ਬੜੀ ਮਹਾਨਤਾ ਰਖਦਾ ਹੈ। ਇਸ ਸਾਲ ਅਹਿਮਦ ਸ਼ਾਹ ਅਬਦਾਲੀ* ਨੇ ਪਹਿਲੀ ਵਾਰ ਪੰਜਾਬ ਤੇ ਹਮਲਾ ਕੀਤਾ ਤੇ ਉਸ ਨੂੰ ਦਿੱਲੀ ਦੇ ਵਜ਼ੀਰ ਕਮਰ-ਉਦ-ਦੀਨ ਦੇ ਪੁੱਤਰ ਮੁਈਨ-ਉਲ-ਮੁਲਕ ਨੇ, ਮਨੂੰ ਪੁਰ ਦੇ ਅਸਥਾਨ ਤੇ ਬੜੀ ਭਾਰੀ ਹਾਰ ਦਿੱਤੀ। ਇਸ ਜਿੱਤ ਤੋਂ ਪਰਸੰਨ ਹੋ ਕੇ ਬਾਦਸ਼ਾਹ ਨੇ ਮੁਈਨ-ਉਲ-ਮੁਲਕ ਨੂੰ,

---

*ਅਹਿਮਦ ਸ਼ਾਹ ਅਬਦਾਲੀ ਨਾਦਰ ਸ਼ਾਹ ਤੋਂ ਪਿੱਛੋਂ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਿਆ। ਇਸੇ ਲਈ ਪੰਜਾਬ ਤੇ ਦਿੱਲੀ ਦੇ ਇਲਾਕੇ ਉੱਤੇ ਆਪਣਾ ਹਕ ਸਮਝਦਾ ਸੀ। ਇਹਨੂੰ ਪਰਾਪਤ ਕਰਨ ਲਈ ਉਸ ਨੇ ਹਿੰਦੁਸਤਾਨ ਉੱਤੇ ੧੩ ਹਮਲੇ ਕੀਤੇ। ਭਾਵੇਂ ਪਹਿਲੀ ਵਾਰੀ ਮਾਰਚ ੧੭੪੮ ਵਿਚ ਉਸ ਨੂੰ ਮੀਰ ਮਨੂੰ ਦੇ ਹੱਥੋਂ ਹਾਰ ਹੋਈ, ਪਰੰਤੂ ਉਸ ਨੇ ਦਿਲ ਨਾ ਛੱਡਿਆ ਤੇ ਇਸ ਤੋਂ ਪਿੱਛੋਂ ਹੋਰ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਵਿਚ ਸਿੱਖ ਉਸ ਦੇ ਸਭ ਤੋਂ ਖ਼ਤਰਨਾਕ ਵੈਰੀ ਸਾਬਤ ਹੋਏ, ਕਿਉਂ ਜੁ ਉਹੀ ਪੰਜਾਬ ਵਿਚ ਉਸ ਦੇ ਪੈਰ ਨਹੀਂ ਲੱਗਣ ਦੇਂਦੇ ਸਨ। ਓਂ ਉਹ ਇਕ ਉੱਘਾ ਜਰਨੈਲ ਤੇ ਬਹਾਦਰ ਸਿਪਾਹੀ ਸੀ ਤੇ ਉਸ ਨੇ ਬੜੀ ਸਫ਼ਲਤਾ ਨਾਲ ਮਰਹੱਟਿਆਂ ਦਾ ਟਾਕਰਾ ਕੀਤਾ। ਇਸ ਤੋਂ ਛੁਟ ਉਹ ਇਕ ਉੱਚ ਇਤਿਹਾਸਕ ਵਿਅਕਤੀ, ਇਕ ਚੰਗਾ ਪਰਬੰਧਕ ਅਤੇ ਸਾਹਿੱਤ ਤੇ ਕਲਾ ਦਾ ਰਸੀਆ ਸੀ।

[ਗੰਡਾ ਸਿੰਘ : ਅਹਿਮਦ ਸ਼ਾਹ ਦੁਰੱਾਨੀ



Sri Satguru Jagjit Singh Ji eLibrary NamdhariElibrary@gmail.com

ਜੋ 'ਮਨੂੰਪੁਰ ਦਾ ਜੋਧਾ' ਤੇ 'ਮੀਰ ਮਨੂੰ'* ਦੇ ਨਾਂ ਨਾਲ ਵੀ ਮਸ਼ਹੂਰ ਹੈ, ਪੰਜਾਬ ਦਾ ਗਵਰਨਰ ਨੀਅਤ ਕਰ ਦਿੱਤਾ। ਸਭ ਤੋਂ ਵੱਡੀ ਗੱਲ ਇਹ ਕਿ ਇਹ ਸਾਲ ਜੱਸਾ ਸਿੰਘ ਦੇ ਜੀਵਨ ਵਿਚ ਵੀ ਇਕ ਮੀਲ-ਪੱਥਰ ਸਿਧ ਹੋਇਆ, ਕਿਉਂ ਜੁ ਉਸ ਨੇ ਆਪਣੀ ਕੁਰਬਾਨੀ ਨਾਲ ਆਪਣੀ ਭੁੱਲ ਦਾ ਪ੍ਰਾਸਚਿਤ ਕਰ ਕੇ ਫਿਰ ਖ਼ਾਲਸਾ ਪੰਥ ਵਿਚ ਉੱਚੀ ਪਦਵੀ ਤੇ ਮਾਨਯੋਗ ਅਸਥਾਨ ਪਰਾਪਤ ਕਰ ਲਿਆ।

ਇਸ ਵੇਲੇ ਕੇਂਦਰੀ ਪੰਜਾਬ ਵਿਚ ਸਿਖਾਂ ਦੀ ਤਾਕਤ ਦਿਨੋ ਦਿਨ ਵਧ ਰਹੀ ਸੀ। 'ਰਾਮ ਰੌਣੀ' ਦੀ ਉਸਾਰੀ ਤੋਂ ਇਹ ਪਰਤੱਖ ਦਿਸ ਰਿਹਾ ਸੀ ਕਿ ਸਿੱਖ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਦਾਖ਼ਲ ਹੋਣ ਦੀਆਂ ਨਿਸਚਿਤ ਤਿਆਰੀਆਂ ਕਰ ਰਹੇ ਸਨ। ਮੀਰ ਮਨੂੰ ਸਿੱਖਾਂ ਦੀ ਇਸ ਵਧਦੀ ਤਾਕਤ ਤੋਂ ਬਹੁਤ ਘਬਰਾ ਰਿਹਾ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਨੂੰ ਖ਼ਤਮ ਕੀਤੇ ਤੋਂ ਬਗ਼ੈਰ ਮੁਗ਼ਲ ਰਾਜ ਪੰਜਾਬ ਵਿਚ

---

*ਮੁਈਨ-ਉਲ-ਮੁਲਕ ਜਾਂ ਮੀਰ ਮਨੂੰ ਬਹਾਦਰ ਸਾਹ ਦੇ ਵਜ਼ੀਰ ਕਮਰ-ਉਦ-ਦੀਨ ਦਾ ਪੁੱਤਰ ਸੀ। ਇਹਦਾ ਪਿਤਾ ੧੭੪੮ ਵਿਚ ਮਨੂੰ ਪੁਰ ਦੀ ਲੜਾਈ ਵਿਚ ਅਬਦਾਲੀ ਦੇ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ ਸੀ। ਮਨੂੰ ਨੇ ਇਸੇ ਲੜਾਈ ਵਿਚ ਬਹੁਤ ਸੂਰਬੀਰਤਾ ਵਿਖਾਈ ਤੇ ਅਹਿਮਦ ਸ਼ਾਹ ਨੂੰ ਹਾਰ ਦਿੱਤੀ, ਜਿਸ ਕਰਕੇ ਉਸ ਨੂੰ ਪੰਜਾਬ ਦਾ ਗਵਰਨਰ ਨੀਅਤ ਕੀਤਾ ਗਿਆ। ਇਸ ਨੇ ਆਪਣੇ ਸਮੇਂ ਵਿਚ ਸਿੱਖਾਂ ਉੱਤੇ ਬਹੁਤ ਸਖ਼ਤੀਆਂ ਕੀਤੀਆਂ। ਅਹਿਮਦ ਸ਼ਾਹ ਦੇ ਦੂਜੇ ਹੱਲੇ ਵਿਚ ਇਸ ਨੇ ਹਾਰ ਖਾਧੀ, ਕਿਉਂ ਜੁ ਦਿੱਲੀ ਵੱਲੋਂ ਇਸ ਨੂੰ ਕੋਈ ਸਹਾਇਤਾ ਨਹੀਂ ਪਹੁੰਚੀ ਸੀ। ਸੋ ਇਸ ਨੇ ਪੰਜਾਬ ਦੇ ਚਾਰ ਪਰਗਣੇ ਅਹਿਮਦ ਸ਼ਾਹ ਦੇ ਹਵਾਲੇ ਕਰ ਕੇ ਉਸ ਦੀ ਅਧੀਨਗੀ ਪਰਵਾਨ ਕਰ ਲਈ। ਇਸ ਤਰ੍ਹਾਂ ਉਸ ਦੀ ਤਾਕਤ ਬਹੁਤ ਘਟ ਗਈ। ਅੰਤ ੧੭੫੩ ਵਿਚ ਉਹ ਆਪਣੇ ਆਸ਼ੇ ਵਿਚ ਅਸਫਲ ਰਹਿ ਕੇ ਟੁੱਟੇ ਦਿਲ ਨਾਲ ਇਸ ਸੰਸਾਰ ਤੋਂ ਚਲਾਣਾ ਕਰ ਗਿਆ।

[ਜਾਦੂ ਨਾਥ ਸਰਕਾਰ : ਫ਼ਾਲ ਔਫ਼ ਦੀ ਮੁਗਲ ਐਂਪਾਇਰ, ਪੰਨਾ ੨੩੩-੪੯



Sri Satguru Jagjit Singh Ji eLibrary NamdhariElibrary@gmail.com

ਸੁਰੱਖਿਅਤ ਨਹੀਂ ਸੀ ਹੋ ਸਕਦਾ। ਸੋ ਉਸ ਨੇ ਜ਼ਕਰੀਆ ਖਾਂ ਤੇ ਯਹਯਾ ਖ਼ਾਂ ਵਾਲਾ ਸਖ਼ਤੀ ਦਾ ਦੌਰ ਮੁੜ ਕੇ ਜਾਰੀ ਕੀਤਾ ਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਸਭ ਪਾਸੇ ਗਸ਼ਤੀ ਫ਼ੋਜ ਭੇਜੀ। ਸਿੱਖਾਂ ਨੇ ਸਦਾ ਵਾਂਗ ਆਪਣੇ ਘਰ-ਬਾਰ ਛੱਡ ਕੇ ਪਹਾੜਾਂ ਤੇ ਜੰਗਲਾਂ ਵਿਚ ਜਾ ਪਨਾਹ ਲਈ। ਇਸ ਵਾਰੀ ਸਿੱਖਾਂ ਦੀ ਭਾਰੀ ਗਿਣਤੀ ਜਲੰਧਰ ਦੁਆਬੇ ਵਿਚ ਜਾ ਵੱਸੀ। ਇਸ ਵੇਲੇ ਇੱਥੋਂ ਦਾ ਫ਼ੌਜਦਾਰ ਅਦੀਨਾ ਬੇਗ ਸੀ, ਇਸ ਲਈ ਹੋਰ ਸਥਾਨਕ ਅਫ਼ਸਰਾਂ ਵਾਂਗ ਉਸ ਨੂੰ ਵੀ ਹੁਕਮ ਮਿਲਿਆ ਕਿ ਉਹ ਸਿੱਖਾਂ ਨੂੰ ਸਖ਼ਤੀ ਨਾਲ ਕੁਚਲਣ ਲਈ ਯੋਗ ਕਾਰਵਾਈ ਕਰੇ।

ਅਦੀਨਾ ਬੇਗ ਬੜਾ ਸਿਆਣਾ ਤੇ ਚਤਰ ਹਾਕਮ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਦੇ ਖ਼ਤਮ ਹੋਇਆਂ ਲਾਹੌਰ ਦੇ ਸੂਬੇਦਾਰ ਦੀ ਤਾਕਤ ਬਹੁਤ ਵਧ ਜਾਏਗੀ, ਜਿਸ ਕਰਕੇ ਉਸ ਦੀ ਆਪਣੀ ਅਜ਼ਾਦੀ ਘਟ ਜਾਏਗੀ। ਸੋ ਉਹਦੇ ਲਈ ਸਿੱਖਾਂ ਨੂੰ ਖ਼ਤਮ ਕਰਨਾ ਆਪਣੀ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਸੀ। ਇਸ ਲਈ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਥਾਂ ਉਨ੍ਹਾਂ ਨਾਲ ਗੰਢ-ਤੁਪ ਕਰਨ ਦਾ ਵਿਚਾਰ ਕੀਤਾ ਤੇ ਉਨ੍ਹਾਂ ਵਲ ਕਈ ਦੂਤ ਭੇਜੇ*। ਜੱਸਾ ਸਿੰਘ ਆਹਲੂਵਾਲੀਏ† ਨੇ ਤਾਂ ਉਹਦੇ ਨਾਲ ਕਿਸੇ ਤਰ੍ਹਾਂ ਦਾ ਮੇਲ ਜੋਲ

---

*ਜੱਸਾ ਸਿੰਘ ਬਿਨੋਦ, ਪੰਨਾ ੬੪

†ਜੱਸਾ ਸਿੰਘ ਆਹਲੂਵਾਲੀਆ ਅਠਾਰ੍ਹਵੀਂ ਸਦੀ ਦੇ ਸਿੱਖ ਸਰਦਾਰਾਂ ਵਿੱਚੋਂ ਸਭ ਤੋਂ ਵਧ ਬਲਵਾਨ ਤੇ ਕਾਮਯਾਬ ਜਰਨੈਲ ਸੀ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਪਤਨੀ ਮਾਤਾ ਸੁੰਦਰੀ ਦੀ ਅਸ਼ੀਰਵਾਦ ਪਰਾਪਤ ਸੀ ਤੇ ਉਹਦੇ ਪਾਸ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਤਲਵਾਰ ਸੀ। ਉਸ ਨੇ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਈਚੋਗਿੱਲੀਏ ਨਾਲ ਮਿਲ ਕੇ 'ਦੱਲ ਖ਼ਾਲਸਾ' ਦੀ ਜੱਥੇਬੰਦੀ ਸਥਾਪਤ ਕੀਤੀ। ਆਪਣੀ ਬੀਰਤਾ, ਦਲੇਰੀ ਤੇ ਧਰਮ-ਭਾਵ ਦੇ

(ਬਾਕੀ ਅਗਲੇ ਸਫ਼ੇ ਤੇ)



Sri Satguru Jagjit Singh Ji eLibrary NamdhariElibrary@gmail.com

ਕਰਨੋਂ ਨਾਂਹ ਕਰ ਦਿੱਤੀ, ਪਰੰਤੂ ਜੱਸਾ ਸਿੰਘ ਈਚੋਗਿੱਲੀਏ ਨੇ ਉਹਦੇ ਨਾਲ ਸੁਲ੍ਹਾ ਕਰਨੀ ਪਰਵਾਨ ਕਰ ਲਈ । ਅਦੀਨਾ ਬੇਗ ਨੌਰੰਗਾਬਾਦ ਦੀ ਲੜਾਈ ਵਿਚ ਜੱਸਾ ਸਿੰਘ ਦੇ ਹੱਥ ਵੇਖ ਚੁਕਾ ਸੀ ਤੇ ਉਸ ਦੀ ਬੀਰਤਾ, ਦਲੇਰੀ ਤੇ ਰਾਜਨੀਤਕ ਸੂਝ ਬੂਝ ਤੋਂ ਬਹੁਤ ਪ੍ਰਭਾਵਤ ਹੋਇਆ ਸੀ। ਸੋ ਅਦੀਨਾ ਬੇਗ ਇਹੋ ਜਹੇ ਸੁਘੜ ਜਰਨੈਲ ਨੂੰ ਆਪਣੇ ਹੱਥ ਵਿਚ ਰੱਖਣ ਦਾ ਬੜਾ ਚਾਹਵਾਨ ਸੀ।

ਜਿੱਥੇ ਅਦੀਨਾ ਬੇਗ ਆਪਣੀ ਗ਼ਰਜ਼ ਲਈ ਜੱਸਾ ਸਿੰਘ ਨੂੰ ਵਰਤਣਾ ਚਾਹੁੰਦਾ ਸੀ, ਉੱਥੇ ਜੱਸਾ ਸਿੰਘ ਆਪਣੀ ਚਾਲ ਤੇ ਸੀ। ਆਮ ਖਿਆਲ ਇਹ ਹੈ ਕਿ ਅਦੀਨਾ ਬੇਗ ਕੋਲ ਮੁਲਾਜ਼ਮਤ ਕਰ ਕੇ ਉਹ ਸਿੱਖਾਂ ਦੇ ਵਿਰੁੱਧ ਮੁਸਲਮਾਨਾਂ ਦੇ ਇਰਾਦਿਆਂ ਤੇ ਸਾਜ਼ਸ਼ਾਂ ਅਤੇ ਮੁਗ਼ਲਈ ਫ਼ੌਜ ਦੇ ਲੜਾਈ ਦੇ ਤਰੀਕਿਆਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਸ਼ਾਇਦ ਉਸ ਦਾ ਇਹ ਖ਼ਿਆਲ ਹੋਵੇ ਕਿ ਮੁਗ਼ਲਾਂ ਦੇ ਵਿਚ ਰਹਿ ਕੇ ਉਹ ਆਪਣੀ ਕੌਮ ਦੀ ਵਧੀਕ ਸੇਵਾ ਕਰ ਸਕੇਗਾ।

---

(ਪਿਛਲੇ ਸਫ਼ੇ ਦੇ ਫੁਟਨੋਟ ਦੀ ਬਾਕੀ)

ਕਾਰਨ ਉਹ ਛੇਤੀ ਹੀ ਸਿੱਖਾਂ ਵਿਚ ਬਹੁਤ ਹਰ-ਮਨ-ਪਿਆਰਾ ਹੋ ਗਿਆ ਤੇ ਨਵਾਬ ਕਪੂਰਸਿੰਘ ਤੋਂ ਬਾਅਦ 'ਦੱਲ ਖ਼ਾਲਸਾ' ਦਾ ਜੱਥੇਦਾਰ ਚੁਣਿਆ ਗਿਆ। ਉਹ ਪਹਿਲਾ ਸਿੱਖ ਸੀ, ਜਿਸ ਨੇ ਲਾਹੌਰ ਵਿਚ ਮੁਗ਼ਲਾਂ ਦੀ ਸਰਕਾਰੀ ਟਕਸਾਲ ਉੱਤੇ ਖ਼ਾਲਸੇ ਦੇ ਨਾਂ ਦਾ ਸਿੱਕਾ ਚਲਾਇਆ। ਇੱਸੇ ਕਰਕੇ ਸਿੱਖ ਉਸ ਨੂੰ 'ਸੁਲਤਾਨ-ਉਲ-ਕੌਮ' ਜਾਂ 'ਕੌਮ ਦਾ ਬਾਦਸ਼ਾਹ' ਵੀ ਆਖਣ ਲਗ ਪਏ। ੧੭੬੭ ਵਿਚ ਉਸ ਨੇ ਸਤਲੁਜ ਦੇ ਦੋਹੀਂ ਪਾਸੀਂ ਕੁਝ ਇਲਾਕਿਆਂ ਉੱਤੇ ਆਪਣਾ ਅਧਿਕਾਰ ਜਮਾ ਲਿਆ ਤੇ ਕਪੂਰਥਲੇ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਤੋਂ ਛੁਟ ਉਹ ਇਕ ਧਰਮਾਤਮਾ ਪੁਰਸ਼ ਵੀ ਮੰਨਿਆ ਜਾਂਦਾ ਸੀ ਤੇ ਰਾਜਾ ਅਮਰ ਸਿੰਘ ਪਟਿਆਲਾ ਵਰਗੇ ਕਈ ਵੱਡੇ ਸਿਖ ਸਰਦਾਰਾਂ ਨੇ ਉਸ ਪਾਸੋਂ ਪਾਹੁਲ ਲਈ ਸੀ।

{ਗ੍ਰਿਫ਼ਨ : ਰਾਜਾਜ਼ ਔਫ਼ ਦੀ ਪੰਜਾਬ, ਪੰਨਾ ੪੫੭-੬੮.
ਰਾਮ ਜੱਸ : ਤਾਰੀਖ਼-ਇ-ਕਪੂਰਥਲਾ.



Sri Satguru Jagjit Singh Ji eLibrary NamdhariElibrary@gmail.com

ਦੀਵਾਨ ਕੌੜਾ ਮੱਲ* ਦੀ ਮਿਸਾਲ ਉਸ ਦੇ ਸਾਮ੍ਹਣੇ ਸੀ। ਉਹ ਮੀਰ ਮਨੂੰ ਦਾ ਮੰਨਿਆ-ਪ੍ਰਮੰਨਿਆ ਵਿਸ਼ਵਾਸੀ ਵਜ਼ੀਰ ਸੀ। ਪਰ ਇਸ ਤੇ ਵੀ ਸਿੱਖ ਉਸ ਨੂੰ ਆਪਣਾ ਮਿੱਤਰ ਤੇ ਸ਼ੁੱਭ-ਚਿੰਤਕ ਮੰਨਦੇ ਤੇ ਉਸ ਦੀ ਇੱਜ਼ਤ ਕਰਦੇ ਸਨ। ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖ ਕੇ ਜੱਸਾ ਸਿੰਘ ਨੇ ਆਪਣੇ ਜੱਥੇ ਦੇ ਸਭ ਸਿੱਖਾਂ ਸਮੇਤ ਅਦੀਨਾ ਬੇਗ ਕੋਲ ਮੁਲਾਜ਼ਮਤ ਕਰਨ ਦਾ ਫੈਸਲਾ ਕਰ ਲਿਆ†।

---

*ਦੀਵਾਨ ਕੌੜਾ ਮਲ, ਵੱਲੂ ਰਾਮ ਦਾ ਪੁੱਤਰ ਸੀ ਤੇ ਝੰਗ ਜ਼ਿਲੇ ਦਾ ਰਹਿਣ ਵਾਲਾ ਸੀ। ਮੀਰ ਮਨੂੰ ਦੇ ਸਮੇਂ ਇਸ ਨੇ ਪੰਜਾਬ ਦੇ ਇਤਿਹਾਸ ਵਿਚ ਬੜਾ ਉੱਘਾ ਭਾਗ ਲਿਆ। ਉਹ ਜ਼ਕਰੀਆ ਖ਼ਾਂ ਦੇ ਵੇਲੇ ਲਾਹੌਰ ਆ ਕੇ ਸਰਕਾਰੀ ਨੌਕਰੀ ਵਿਚ ਦਾਖ਼ਲ ਹੋਇਆ ਸੀ ਤੇ ਵਧਦਾ ਵਧਦਾ ਮੀਰ ਮਨੂੰ ਦੇ ਸਮੇਂ ਪੰਜਾਬ ਦਾ ਦੀਵਾਨ ਬਣ ਗਿਆ। ਉਸ ਦੀ ਅਸਾਧਾਰਨ ਯੋਗਤਾ ਦੇ ਕਾਰਨ ਉਸ ਨੂੰ ਮੁਲਤਾਨ ਦਾ ਨਾਇਬ ਸੂਬੇਦਾਰ ਵੀ ਨੀਅਤ ਕੀਤਾ ਗਿਆ। ਉਹ ਗੁਰੂ ਨਾਨਕ ਦਾ ਸ਼ਰਧਾਲੂ ਸੀ ਅਤੇ ਸਿੱਖਾਂ ਦੀਆਂ ਔਕੜਾਂ ਵਿਚ ਲਗਦੀ ਵਾਹ ਉਨ੍ਹਾਂ ਦੀ ਹਰ ਪ੍ਰਕਾਰ ਸਹਾਇਤਾ ਕਰਦਾ ਸੀ। ਉਸ ਨੇ ਆਪਣੀ ਸਿਆਣਪ ਨਾਲ ਮਨੂੰ ਨੂੰ ਪ੍ਰੇਰ ਕੇ 'ਰਾਮ ਰਾਉਣੀ' ਦਾ ਪਹਿਲਾ ਘੇਰਾ ਉਠਵਾਇਆ ਅਤੇ ਸਿੱਖਾਂ ਨਾਲ ਮੀਰ ਮਨੂੰ ਦੀ ਸੁਲ੍ਹਾ ਕਰਾ ਕੇ 'ਰਾਮ ਰਾਉਣੀ' ਦੇ ਨਾਂ ਇਕ ਜਾਗੀਰ ਲੁਆ ਦਿੱਤੀ। ਸਿੱਖਾਂ ਨੇ ਵੀ ਉਸ ਵੇਲੇ ਸ਼ਾਹ ਨਵਾਜ਼ ਖ਼ਾਂ ਦੇ ਵਿਰੁੱਧ ਮੀਰ ਮਨੂੰ ਦੀ ਸਹਾਇਤਾ ਕੀਤੀ, ਜਿਸ ਕਰਕੇ ਉਹਨੂੰ ਜਿੱਤ ਪਰਾਪਤ ਹੋਈ। ਕੌੜਾ ਮੱਲ ਦੀ ਇਸ ਸੇਵਾ ਤੋਂ ਖ਼ੁਸ਼ ਹੋ ਕੇ ਮਨੂੰ ਨੇ ਉਸ ਨੂੰ 'ਮਹਾਰਾਜਾ ਬਹਾਦਰ' ਦਾ ਖ਼ਿਤਾਬ ਦਿੱਤਾ। ਸਿੱਖ ਉਸ ਦੇ ਕੌਮੀ ਪਿਆਰ ਦੇ ਕਾਰਨ ਉਸ ਨੂੰ ਮਿੱਠਾ ਮੱਲ ਆਖ ਕੇ ਸੰਬੋਧਨ ਕਰਦੇ ਸਨ। ੧੭੫੨ਵਿਚ ਉਹ ਅਹਿਮਦ ਸ਼ਾਹ ਦੇ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ। [ਗੰਡਾ ਸਿੰਘ: ਕੌੜਾ ਮਲ ਬਹਾਦਰ

†ਜੱਸਾ ਸਿੰਘ ਬਿਨੋਦ, ਪੰਨਾ ੪੪; ਖ਼ਜ਼ਾਨ ਸਿੰਘ : ਹਿਸਟਰੀ ਐਂਡ ਫ਼ਿਲਾਸਫ਼ੀ ਔਫ਼ ਦੀ ਸਿਖ ਰਿਲੀਜਨ, ਭਾਗ ਪਹਿਲਾ, ਪੰਨਾ ੨੮੪.

ਬਾਬਾ ਪ੍ਰੇਮ ਸਿੰਘ ਹੋਤੀ 'ਖ਼ਾਲਸਾ ਰਾਜ ਦੇ ਉਸਰਈਏ' ਵਿਚ ਲਿਖਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ 'ਦੱਲ ਖ਼ਾਲਸੇ' ਦੀ ਪਰਵਾਨਗੀ ਨਾਲ ਅਦੀਨਾ ਬੇਗ ਦੀਆਂ ਫ਼ੌਜਾਂ ਨਾਲ ਰਲਿਆ ਸੀ, ਪਰ ਹੋਰ ਕਿਸੇ ਇਤਿਹਾਸਕ ਸੋਮੇ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਨਹੀਂ ਹੁੰਦੀ।



Sri Satguru Jagjit Singh Ji eLibrary NamdhariElibrary@gmail.com

ਅਦੀਨਾ ਬੇਗ ਪਾਸ ਨੌਕਰੀ* ਕਰਨ ਤੋਂ ਛੇਤੀ ਪਿੱਛੋਂ ਹੀ

*ਅਦੀਨਾ ਬੇਗ ਨਾਲ ਜੱਸਾ ਸਿੰਘ ਦੀ ਨੌਕਰੀ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਮਤ-ਭੇਦ ਹੈ।

ਡਾਕਟਰ ਹਰੀ ਰਾਮ ਗੁਪਤਾ ਦਾ ਕਥਨ ਹੈ ਕਿ ਜੱਸਾ ਸਿੰਘ ਨੂੰ ਸਿੱਖਾਂ ਵਲੋਂ ਵਕੀਲ ਥਾਪ ਕੇ ਜ਼ਕਰੀਆ ਖ਼ਾਂ ਦੇ ਸਮੇਂ ਗੱਲ-ਬਾਤ ਲਈ ਅਦੀਨਾ ਬੇਗ ਪਾਸ ਭੇਜਿਆ ਗਿਆ, ਪਰ ਜੱਸਾ ਸਿੰਘ ਨੇ ਗੱਲ-ਬਾਤ ਦੀ ਥਾਂ ਆਪ ਹੀ ਅਦੀਨਾ ਬੇਗ ਦੀ ਨੌਕਰੀ ਪਰਵਾਨ ਕਰ ਲਈ। ਪਰ ਸਮਕਾਲੀ ਅਤੇ ਅਧ-ਸਮਕਾਲੀ ਸੋਮੇ ਇਸ ਕਥਨ ਦੀ ਤਸਦੀਕ ਨਹੀਂ ਕਰਦੇ।

ਯੂਰਪੀਅਨ ਯਾਤਰੂ ਜੇਮਜ਼ ਬਰਾਊਨ ਲਿਖਦਾ ਹੈ ਕਿ ੧੭੪੮ ਵਿਚ 'ਦਲ ਖ਼ਾਲਸਾ' ਦੀ ਸਥਾਪਨਾ ਵਿਚ ਜੱਸਾ ਸਿੰਘ ਨੇ ਉੱਘਾ ਭਾਗ ਲਿਆ। ਉਸ ਨੇ ਕੇਵਲ ਜੱਸਾ ਸਿੰਘ ਠੋਕਾ ਦੀ ਥਾਂ ਤੋਖਾ ਸਿੰਘ ਕਰ ਕੇ ਜੱਸਾ ਸਿੰਘ ਨੂੰ ਆਹਲੂਵਾਲੀਏ ਸਰਦਾਰ ਦਾ ਸਹਾਇਕ ਦਸਿਆ ਹੈ।

ਇਸ ਤੋਂ ਛੁਟ ਇਹ ਵੀ ਗੱਲ ਧਿਆਨ ਰਖਣ ਵਾਲੀ ਹੈ ਕਿ ਹੱਥ ਲਿਖਤ "ਅਹਿਵਾਲ-ਇ-ਅਦੀਨਾ ਬੇਗ" ਵਿਚ ਦੋ ਲੜਾਈਆਂ ਦਾ ਵਰਣਨ ਹੈ ਜਿਨ੍ਹਾਂ ਵਿਚ ਜੱਸਾ ਸਿੰਘ ਨੇ ਅਦੀਨਾ ਬੇਗ ਦੀ ਵਿਰੋਧਤਾ ਕੀਤੀ ਅਤੇ ਇਸ ਸਮੇਂ ਉਸ ਦੇ ਨਾਲ ਕਈ ਹੋਰ ਸਿੱਖ ਸਰਦਾਰ ਵੀ ਸਨ।

ਰਾਮ ਸੁਖ ਰਾਉ ਨੇ ਜੱਸਾ ਸਿੰਘ ਬਿਨੋਦ ਵਿਚ ਲਿਖਿਆ ਹੈ ਕਿ ਅਦੀਨਾ ਬੇਗ ਨਾਲ ਜੱਸਾ ਸਿੰਘ ਦੀ ਗੱਲ-ਬਾਤ ਮੀਰ ਮਨੂੰ ਸਮੇਂ (੧੭੪੮-੧੭੫੩) ਹੋਈ। ਇਹਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਰਾਮ ਰਾਉਣੀ ਦੇ ਘੇਰੇ ਸਮੇਂ ਜੱਸਾ ਸਿੰਘ ਅਦੀਨਾ ਬੇਗ ਪਾਸ ਸੀ। ਨਾਲ ਹੀ ਦਲ ਖ਼ਾਲਸੇ ਦੀ ਸਥਾਪਨਾ ਸਮੇਂ ਜੱਸਾ ਸਿੰਘ ਦੇ ਕੰਮ ਦਾ ਵਰਨਣ ਵੀ ਇਹ ਦਸਦਾ ਹੈ ਕਿ ਜੱਸਾ ਸਿੰਘ ਦਲ ਖ਼ਾਲਸਾ ਦੀ ਸਥਾਪਨਾ ਭਾਵ ੧੭੪੭ ਤੋਂ ਪਿਛੋਂ ਹੀ ਅਦੀਨਾ ਬੇਗ ਪਾਸ ਨੌਕਰ ਹੋਇਆ।

ਤਾਰੀਖ਼-ਇ-ਸਿੱਖਾਂ ਦਾ ਕਰਤਾ ਮੁਨਸ਼ੀ ਖ਼ੁਸ਼ਵਕਤ ਰਾਏ ਲਿਖਦਾ ਹੈ ਕਿ ਜੱਸਾ ਸਿੰਘ ਅਦੀਨਾ ਬੇਗ ਪਾਸ ਚਾਰ ਸਾਲ ਰਿਹਾ, ਪਰ ਹੋਰ ਕੋਈ ਵੀ ਲਿਖਾਰੀ ਇਸ ਦੀ ਪ੍ਰੋੜ੍ਹਤਾ ਨਹੀਂ ਕਰਦਾ। ਇਸ ਲਈ ਠੀਕ ਤਾਂ ਇਹੀ ਭਾਸਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ੧੭੪੮ ਈਸਵੀ ਵਿਚ ਅਦੀਨਾ ਬੇਗ ਪਾਸ ਨੌਕਰ ਹੋਇਆ।



Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਉਸ ਦੀ ਫ਼ੌਜ ਦਾ ਇਕ ਉੱਘਾ ਜਰਨੈਲ ਗਿਣਿਆ ਜਾਣ ਲੱਗਾ। ਉਸ ਨੂੰ ੧੦੦ ਸਿੱਖਾਂ ਤੇ ੬੦ ਹਿੰਦੂਆਂ ਦੀ ਇਕ ਪਲਟਨ ਦਾ ਮੁਖੀਆ ਨੀਅਤ ਕੀਤਾ ਗਿਆ ਤੇ ਅਦੀਨਾ ਬੇਗ ਦੀਆਂ ਫ਼ੌਜਾਂ ਵਿਚ ਉਸ ਦੀ ਵਿਸ਼ੇਸ਼ ਚਰਚਾ ਹੋਣ ਲਗ ਪਈ। ਜੱਸਾ ਸਿੰਘ ਨੇ ਇਸ ਸਮੇਂ ਆਪਣੀ ਪੋਜ਼ੀਸ਼ਨ ਨੂੰ ਪੱਕਿਆਂ ਕਰਨ ਤੇ ਸਿੱਖਾਂ ਨੂੰ ਵਧ ਤੋਂ ਵਧ ਫ਼ਾਇਦਾ ਪਹੁੰਚਾਣ ਲਈ ਪੂਰੀ ਵਾਹ ਲਾਈ। ਮਧ-ਕਾਲ ਦੇ ਯੂਰਪੀ ਰਾਜ-ਪਰਬੰਧ ਵਾਂਗ ਮੁਗ਼ਲ ਰਾਜ ਵਿਚ ਵੀ ਸਭ ਨੌਕਰੀਆਂ ਨੂੰ; ਭਾਵੇਂ ਉਹ ਫ਼ੌਜੀ ਹੋਣ ਜਾਂ ਸਿਵਲ, ਮਾਲੀਏ ਨਾਲ ਸੰਬੰਧਤ ਕੀਤਾ ਜਾਂਦਾ ਸੀ ਅਤੇ ਹਰੇਕ ਅਫ਼ਸਰ ਨੂੰ ਤਨਖ਼ਾਹ ਵਜੋਂ ਵੀ ਜਾਗੀਰ ਦਿੱਤੀ ਜਾਇਆ ਕਰਦੀ ਸੀ*। ਸੋ ਜੱਸਾ ਸਿੰਘ ਨੂੰ ਵੀ ਇਕ ਇਲਾਕਾ ਜਾਗੀਰ ਵਜੋਂ ਦਿੱਤਾ ਗਿਆ। ਇਸ ਜਾਗੀਰ ਦਾ ਪਰਬੰਧ ਉਸ ਨੇ ਬਹੁਤ ਯੋਗਤਾ ਨਾਲ ਕੀਤਾ ਅਤੇ ਆਪਣੇ ਅਧੀਨ ਲੋਕਾਂ ਨੂੰ ਇੰਨਾ ਸੁੱਖ ਤੇ ਸ਼ਾਂਤੀ ਦਿੱਤੀ ਕਿ ਜਦ ਕੁਝ ਚਿਰ ਬਾਅਦ ਅਦੀਨਾ ਬੇਗ ਦੀ ਮੌਤ ਹੋ ਗਈ, ਤਾਂ ਇਨ੍ਹਾਂ ਇਲਾਕਿਆਂ ਨੂੰ ਸੁਤੰਤਰ ਤੌਰ ਤੇ ਆਪਣੇ ਅਧੀਨ ਕਰਨ ਵਿਚ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਔਕੜ ਪੇਸ਼ ਨਾ ਆਈ†। ਇਸ ਤੋਂ ਛੁਟ ਜੱਸਾ ਸਿੰਘ ਨੇ ਆਪਣੇ ਅਸਰ-ਰਸੂਖ਼ ਨਾਲ ਅਦੀਨਾ ਬੇਗ ਪਾਸੋਂ ਕਈ ਸਿੱਖਾਂ ਨੂੰ ਜਲੰਧਰ ਦੁਆਬੇ ਵਿਚ ਥਾਣੇਦਾਰ ਵੀ ਨੀਅਤ ਕਰਾਇਆ‡। ਇਸ ਸਮੇਂ ਵਿਚ ਉਸ ਨੇ ਦੀਵਾਨ ਕੌੜਾ ਮਲ ਨਾਲ ਵੀ ਚੰਗਾ ਅਸਰ ਰਸੂਖ਼ ਪੈਦਾ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਦੀਵਾਨ ਦੀ ਸਹਾਇਤਾ ਨਾਲ ਉਹ ਬਾਅਦ ਵਿਚ

---

*ਜਾਦੂ ਨਾਥ ਸਰਕਾਰ : ਮੁਗ਼ਲ ਐਡਮਨਿਟ੍ਰੇਸ਼ਨ।

†ਅਲੀ-ਉਦ-ਦੀਨ : ਇਬਰਤਨਾਮਾ, ੩੬੦; ਗਿਆਨ ਸਿੰਘ : ਰਾਜ ਖ਼ਾਲਸਾ, ੯।

‡ਅਲੀ-ਉਦ-ਦੀਨ : ਇਬਰਤਨਾਮਾ, ੩੬੦।



Sri Satguru Jagjit Singh Ji eLibrary NamdhariElibrary@gmail.com

'ਰਾਮ ਰਾਉਣੀ' ਦਾ ਘੇਰਾ ਚੁਕਾਉਣ ਵਿਚ ਕਾਮਯਾਬ ਹੋ ਗਿਆ*।

ਕੁਝ ਸਮਾਂ ਤਾਂ ਅਦੀਨਾ ਬੇਗ, ਮੀਰ ਮਨੂੰ ਤੇ ਸਿੱਖਾਂ ਦੋਹਾਂ ਧਿਰਾਂ ਨਾਲ ਬਣਾਈ ਰੱਖਣ ਵਿਚ ਸਫ਼ਲ ਰਿਹਾ, ਪਰ ਉਸ ਦੀ ਇਹ ਚਾਲ ਤੇ ਦੋਹਰੀ ਖੇਡ ਬਹੁਤਾ ਚਿਰ ਨਾ ਚਲ ਸਕੀ। ਲਾਹੌਰ ਸਰਕਾਰ ਨੇ ਉਸ ਨੂੰ ਮਜਬੂਰ ਕਰ ਦਿੱਤਾ ਕਿ ਉਹ ਸਿੱਖਾਂ ਨਾਲ ਆਪਣੀ ਮਿੱਤਰਤਾ ਖ਼ਤਮ ਕਰ ਕੇ ਸੂਬੇਦਾਰ ਦੀ ਮਰਜ਼ੀ ਅਨੁਸਾਰ ਉਨ੍ਹਾਂ ਉੱਤੇ ਸਖ਼ਤੀ ਕਰੇ। ਜਦ ਅਦੀਨਾ ਬੇਗ ਨੇ ਵੀ ਸਿੱਖਾਂ ਉੱਪਰ ਸਖ਼ਤੀ ਕਰਨੀ ਸ਼ੁਰੂ ਕੀਤੀ, ਤਾਂ ਉਹ ਜਲੰਧਰ ਦੁਆਬੇ ਵਿਚੋਂ ਨਿਕਲ ਕੇ ਜੰਗਲਾਂ ਤੇ ਪਹਾੜੀਆਂ ਵਿਚ ਜਾ ਲੁਕੇ। ਇਨ੍ਹਾਂ ਵਿੱਚੋਂ ਕੁਝ ਸਿਰ-ਕਢ ਤੇ ਦਲੇਰ ਸਿੱਖ ਰਾਮ ਰਾਉਣੀ ਦੀ ਰੱਖਿਆ ਲਈ ਅੰਮ੍ਰਿਤਸਰ ਪਹੁੰਚ ਗਏ, ਤੇ ਕਈ ਬਾਹਰੋਂ ਸਹਾਇਤਾ ਭੇਜਣ ਦੇ ਯਤਨ ਕਰਦੇ ਰਹੇ।

ਸਿੱਖਾਂ ਨੂੰ ਖ਼ਤਮ ਕਰਨ ਲਈ ਮੀਰ ਮਨੂੰ ਨੇ ਲਾਹੌਰ ਤੋਂ ਇਕ ਗਸ਼ਤੀ ਫ਼ੌਜ ਭੇਜੀ ਤੇ ਅਦੀਨਾ ਬੇਗ ਨੂੰ ਲਿਖਿਆ ਕਿ ਉਹ ਇਸ ਦੀ ਸਹਾਇਤਾ ਲਈ ਆਪਣੀ ਫ਼ੌਜ ਦੇ ਕੁਝ ਦਸਤੇ ਘੱਲੇ। ਅਦੀਨਾ ਬੇਗ ਨੇ ਜਿਹੜੀ ਫ਼ੌਜ ਭੇਜੀ, ਉਸ ਵਿਚ ਜੱਸਾ ਸਿੰਘ ਦਾ ਦਸਤਾ ਵੀ ਸ਼ਾਮਲ ਸੀ। ਇਸ ਸਾਰੀ ਮਿਲਵੀਂ ਫ਼ੌਜ ਨੇ ਅੰਮ੍ਰਿਤਸਰ ਵਿਚ ਸਿੱਖਾਂ ਦੇ ਕਿਲ੍ਹੇ 'ਰਾਮ ਰਾਉਣੀ' ਨੂੰ ਘੇਰੇ ਵਿਚ ਲੈ ਲਿਆ। ਇਹ ਘੇਰਾ ਲਗ ਪਗ ਚਾਰ ਮਹੀਨੇ ਜਾਰੀ ਰਿਹਾ। ਅੰਤ ਜਦ ਕਿਲ੍ਹੇ ਵਿਚ ਘਿਰੇ ਹੋਏ ਸਿੱਖਾਂ ਦਾ ਰਾਸ਼ਨ ਬਿਲਕੁਲ ਮੁੱਕ ਗਿਆ, ਅੰਦਰ ਰਾਸ਼ਨ ਜਾਂ ਹੋਰ ਕੋਈ ਮਦਦ ਪਹੁੰਚਾਣ ਦੀ ਆਸ ਨਾ ਰਹੀ ਅਤੇ ਕਿਲ੍ਹੇ ਅੰਦਰ ਬਹੁਤ ਥੋੜੇ ਸਿਖ ਰਹਿ ਗਏ, ਤਾਂ ਉਨ੍ਹਾਂ ਨੇ ਦੁਸ਼ਮਣ ਨਾਲ ਲੜਾਈ ਕਰਦੇ ਹੋਏ ਕਿਲ੍ਹੇ ਵਿੱਚੋਂ ਬਾਹਰ ਨਿਕਲਣ ਦਾ ਫ਼ੈਸਲਾ ਕੀਤਾ।

ਇਸ ਵੇਲੇ ਜੱਸਾ ਸਿੰਘ ਘੇਰਾ ਪਾਉਣ ਵਾਲੀ ਮੁਗ਼ਲਈ ਫ਼ੌਜ ਵਿਚ ਸ਼ਾਮਲ ਸੀ ਤੇ ਸਾਰੀ ਹਾਲਤ ਨੂੰ ਡੂੰਘੇ ਫ਼ਿਕਰ ਨਾਲ ਵੇਖ ਰਿਹਾ

---

*ਖ਼ੁਸ਼ਵਕਤ ਰਾਇ : ਤਾਰੀਖ਼-ਇ-ਸਿੱਖਾਂ, ੬੭-੬੮।



Sri Satguru Jagjit Singh Ji eLibrary NamdhariElibrary@gmail.com

ਸੀ। ਆਪਣੇ ਭਰਾਵਾਂ ਨੂੰ ਕੁੜਿੱਕੀ ਵਿਚ ਫੱਸਿਆ ਵੇਖ ਕੇ ਉਸ ਦੇ ਦਿਲ ਨੂੰ ਬੜੀ ਭਾਰੀ ਸੱਟ ਵਜੀ। ਉਸ ਨੇ ਪਰਤੀਤ ਕੀਤਾ ਕਿ ਉਸ ਵੇਲੇ ਸਿੱਖਾਂ ਦੀ ਆਨ ਤੇ ਸ਼ਾਨ ਦਾ ਪ੍ਰਤੀਬਿੰਬ ਇਕੋ-ਇੱਕ ਕਿਲ੍ਹਾ ਖ਼ਤਰੇ ਵਿਚ ਸੀ, ਇਸ ਲਈ ਉਸ ਨੇ ਆਪਣੇ ਭਰਾਵਾਂ ਨਾਲ ਸਭ ਮਤਭੇਦ ਭੁਲਾ ਕੇ ਉਨ੍ਹਾਂ ਦੀ ਸਹਾਇਤਾ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਨਤੀਜਾ ਇਹ ਹੋਇਆ ਕਿ ਇਕ ਰਾਤ ਯੋਗ ਅਵਸਰ ਵੇਖ ਕੇ ਉਹ ਆਪਣੇ ਸਾਰੇ ਜੱਥੇ ਸਮੇਤ ਕਿਲ੍ਹੇ ਵਿਚ ਜਾ ਵੜਿਆ ਤੇ ਇਹਦੀ ਰੱਖਿਆ ਕਰਨ ਦਾ ਸਾਰਾ ਭਾਰ ਉਸ ਨੇ ਆਪਣੇ ਸਿਰ ਤੇ ਚੁਕ ਲਿਆ* ।

ਵੱਖੋ ਵੱਖ ਇਤਿਹਾਸਕਾਰਾਂ ਨੇ ਰਾਮ ਰਾਉਣੀ ਵਿਚ ਜੱਸਾ ਸਿੰਘ ਦੇ ਆਪਣੇ ਭਰਾਵਾਂ ਨਾਲ ਮਿਲਣ ਬਾਰੇ ਅੱਡ ਅੱਡ ਵਿਚਾਰ ਪਰਗਟ ਕੀਤੇ ਹਨ। 'ਤਾਰੀਖ-ਇ-ਸਿੱਖਾਂ' ਦਾ ਲੇਖਕ ਮੁਨਸ਼ੀ ਖੁਸ਼ਵਕਤ ਰਾਏ ਲਿਖਦਾ ਹੈ ਕਿ ਰਾਮ ਰਾਉਣੀ ਦਾ ਘੇਰਾ ਚਾਰ ਮਹੀਨੇ (ਅਕਤੂਬਰ ੧੭੪੮ ਤੋਂ ਜਨਵਰੀ ੧੭੪੯ ਤਕ) ਪਿਆ ਰਿਹਾ ਅਤੇ ਹਰ ਰੋਜ਼ ਝੜਪਾਂ ਹੁੰਦੀਆਂ ਰਹੀਆਂ। ਇਸ ਸਮੇਂ ਕਿਲ੍ਹੇ ਵਿਚੋਂ ੨੦੦ ਸਿੱਖ ਮਾਰੇ ਗਏ। ਬਾਕੀ ਰਹਿੰਦਿਆਂ ਨੇ ਜੱਸਾ ਸਿੰਘ ਨੂੰ ਚਿੱਠੀ ਲਿੱਖੀ ਕਿ "ਇਸ ਵੇਲੇ ਮੁਸਲਮਾਨਾਂ ਦਾ ਪੱਖ ਲੈ ਕੇ ਤੂੰ ਹੀ ਸਾਡੀ ਤਬਾਹੀ ਦਾ ਕਾਰਨ ਬਣ ਰਿਹਾ ਹੈਂ। ਜੇ ਹੁਣ ਵੀ ਤੂੰ ਸਾਡੀ ਸਹਾਇਤਾ ਨਾ ਕੀਤੀ, ਤਾਂ ਤੂੰ ਕਦੀ ਵੀ ਮੁੜ ਕੇ ਸਿੱਖ ਪੰਥ ਵਿਚ ਸ਼ਾਮਲ ਨਹੀਂ ਹੋ ਸਕੇਂਗਾ।" ਜੱਸਾ ਸਿੰਘ ਇਕ ਅਣਖੀ ਜੋਧਾ ਸੀ ਤੇ ਆਪਣੇ ਸਿੱਖੀ ਕਰਤਵ ਤੋਂ ਭਲੀ ਪਰਕਾਰ ਜਾਣੂ ਸੀ। ਸੋ ਉਹ ਓਸੇ ਰਾਤ ਅਦੀਨਾ ਬੇਗ ਦਾ ਸਾਥ ਛਡ ਕੇ ਕਿਲ੍ਹੇ ਵਿਚ ਆਪਣੇ ਭਰਾਵਾਂ ਨਾਲ ਆ ਰਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਿਲ੍ਹੇ ਵਿਚ ਘਿਰੇ ਹੋਇਆਂ ਨੂੰ ਕਾਫ਼ੀ ਤਾਕਤ ਤੇ ਉਤਸ਼ਾਹ ਮਿਲ ਗਿਆ।

---

*ਅਲੀ-ਉਦ-ਦੀਨ : ਇਬਰਤਨਾਮਾ, ਪੰਨਾ ੩੯੦-੯੧।



Sri Satguru Jagjit Singh Ji eLibrary NamdhariElibrary@gmail.com

ਭਾਈ ਰਤਨ ਸਿੰਘ ਭੰਗੂ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ ਕਿ ਜੱਸਾ ਸਿੰਘ ਨੇ ਆਪ ਹੀ ਸਮੇਂ ਦੀ ਲੋੜ ਨੂੰ ਅਨਭਵ ਕੀਤਾ ਤੇ ਉਸ ਦੇ ਸਿੱਖੀ ਖ਼ੂਨ ਨੇ ਜੋਸ਼ ਮਾਰਿਆ। ਪਰੰਤੂ ਉਸ ਨੂੰ ਪੰਥ ਵਿੱਚੋਂ ਛੇਕਿਆ ਜਾ ਚੁਕਾ ਸੀ, ਇਸ ਲਈ ਉਹ ਆਗਿਆ ਬਿਨਾਂ ਕਿਲ੍ਹੇ ਵਿਚ ਦਾਖ਼ਲ ਨਹੀਂ ਸੀ ਹੋ ਸਕਦਾ। ਅੰਤ ਉਸ ਨੇ ਇਕ ਚਿੱਠੀ ਆਪਣੇ ਤੀਰ ਨਾਲ ਬੰਨ੍ਹ ਕੇ ਕਿਲ੍ਹੇ ਵਿਚ ਘੱਲੀ, ਜਿਸ ਵਿਚ ਉਸ ਨੇ ਕਿਲ੍ਹੇ ਵਿਚ ਘਿਰੇ ਆਪਣੇ ਭਰਾਵਾਂ ਦੀ ਸਹਾਇਤਾ ਕਰਨ ਲਈ ਬੜੀ ਤੀਬਰ ਇੱਛਾ ਪਰਗਟ ਕੀਤੀ। ਅੰਦਰ ਘਿਰੇ ਹੋਏ ਸਿੱਖਾਂ ਨੇ ਵੀ ਉਸ ਨੂੰ ਇਸੇ ਤਰ੍ਹਾਂ ਪਿਆਰ-ਭਰੇ ਸ਼ਬਦਾਂ ਵਿਚ ਉੱਤਰ ਦਿੱਤਾ ਤੇ ਇਹ ਵੀ ਲਿਖਿਆ ਕਿ ਇਸ ਨਾਜ਼ਕ ਸਮੇਂ ਸਾਰੇ ਮਤਭੇਦ ਭੁਲਾ ਕੇ ਇਕ-ਮੁਠ ਹੋ ਕੇ ਦੁਸ਼ਮਣ ਦਾ ਟਾਕਰਾ ਕਰਨਾ ਚਾਹੀਦਾ ਹੈ। ਇਸ ਉੱਤੇ ਜੱਸਾ ਸਿੰਘ ਇਕ ਰਾਤ ਅਦੀਨਾ ਬੇਗ ਦੀਆਂ ਫ਼ੌਜਾਂ ਵਿੱਚੋਂ ਨਿਕਲ ਕੇ ਕਿਲ੍ਹੇ ਅੰਦਰ ਚਲਾ ਗਿਆ ਤੇ ਉਸ ਦੇ ਗੁਰ-ਭਾਈਆਂ ਨੇ ਉਸ ਦਾ ਬੜਾ ਨਿੱਘਾ ਸੁਆਗਤ ਕੀਤਾ।

ਅਜਿਹੇ ਨਾਜ਼ਕ ਮੌਕੇ ਉੱਤੇ ਜੱਸਾ ਸਿੰਘ ਦਾ ਆਪਣੇ ਭਰਾਵਾਂ ਨਾਲ ਆ ਮਿਲਣਾ ਸਿੱਖ ਇਤਿਹਾਸ ਦੀ ਇਕ ਮਹਾਨ ਤੇ ਵਿਸ਼ੇਸ਼ ਘਟਨਾ ਹੈ। ਜੱਸਾ ਸਿੰਘ ਘੇਰਾ ਘੱਤਣ ਵਾਲੀਆਂ ਫ਼ੌਜਾਂ ਦੇ ਉੱਘੇ ਅਫ਼ਸਰਾਂ ਵਿੱਚੋਂ ਇਕ ਸੀ, ਇਸ ਲਈ ਉਹਦੇ ਪਾਸਾ ਬਦਲਣ ਨਾਲ ਲਾਹੌਰ ਸਰਕਾਰ ਦੀਆਂ ਫ਼ੌਜਾਂ ਵਿਚ ਬੜੀ ਬੇਦਿਲੀ ਫੈਲ ਗਈ ਅਤੇ ਉਨ੍ਹਾਂ ਦੀ ਤਾਕਤ ਨੂੰ ਬੜੀ ਸੱਟ ਵੱਜੀ। ਦੂਜੇ ਪਾਸੇ ਸਿੱਖਾਂ ਦਾ ਢਹਿ ਰਿਹਾ ਹੌਸਲਾ ਫਿਰ ਬਹਾਲ ਹੋ ਗਿਆ ਤੇ ਉਨ੍ਹਾਂ ਦਾ ਉਤਸ਼ਾਹ ਵਧ ਗਿਆ। ਜਿਸ ਤਰ੍ਹਾਂ ਉਨ੍ਹਾਂ ਉੱਤੇ ਪਿਆ ਘੋਰ ਸੰਕਟ ਅਤੇ ਭਾਰੀ ਖ਼ਤਰਾ ਜੱਸਾ ਸਿੰਘ ਦੀ ਸਮੇਂ ਸਿਰ ਕੀਤੀ ਸਹਾਇਤਾ ਅਤੇ ਰਾਜਨੀਤਕ ਸਿਆਣਪ ਨਾਲ ਟਲ ਗਿਆ। ਇਸ ਨਾਲ ਉਸ ਨੇ ਇਸ ਗੱਲ ਦਾ ਵੀ ਅਕੱਟ ਸਬੂਤ ਦੇ ਦਿੱਤਾ ਕਿ ਉਹ ਸਮਾਂ ਪੈਣ ਉੱਤੇ ਗੁਰੂ-ਪੰਥ



Sri Satguru Jagjit Singh Ji eLibrary NamdhariElibrary@gmail.com

ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੋ ਸਕਦਾ ਹੈ।

ਜੱਸਾ ਸਿੰਘ ਨੇ ਕੇਵਲ ਕਿਲ੍ਹੇ ਵਿਚ ਆਉਣ ਤੇ ਭਰਾਵਾਂ ਨਾਲ ਰਲਣ ਤੇ ਹੀ ਬਸ ਨਹੀਂ ਕੀਤੀ, ਸਗੋਂ ਕਿਲ੍ਹੇ ਵਿਚ ਆਉਂਦਿਆਂ-ਸਾਰ ਅੰਦਰਲੀ ਫ਼ੌਜ ਦੀ ਕਮਾਨ ਆਪਣੇ ਹੱਥ ਵਿਚ ਲੈ ਲਈ ਤੇ ਇਸ ਔਕੜ ਵਿੱਚੋਂ ਨਿਕਲਣ ਲਈ ਆਪਣਾ ਅਸਰ-ਰਸੂਖ਼ ਵਰਤਣਾ ਸ਼ੁਰੂ ਕਰ ਦਿੱਤਾ। ਉਸ ਨੇ ਦੀਵਾਨ ਕੌੜਾ ਮਲ ਨੂੰ ਕਈ ਸੁਨੇਹੇ ਭੇਜ ਕੇ ਪਰੇਰਨਾ ਕੀਤੀ ਕਿ ਉਹ ਮੀਰ ਮਨੂੰ ਨੂੰ ਕਿਲ੍ਹੇ ਦਾ ਘੇਰਾ ਚੁਕਣ ਦੀ ਸਲਾਹ ਦੇਵੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਕੌੜਾ ਮਲ ਨੇ ਮੀਰ ਮਨੂੰ ਨੂੰ ਸਿੱਖਾਂ ਦੀ ਵਿਰੋਧਤਾ ਤੋਂ ਹਟਾਉਣ ਲਈ ਪੂਰਾ ਜ਼ੋਰ ਲਾਇਆ। ਦੀਵਾਨ ਨੇ ਮਨੂੰ ਨੂੰ ਦੱਸਿਆ ਕਿ ਉਸ ਵੇਲੇ ਇਕ ਪਾਸੇ ਉਹਦੀ ਮੁਲਤਾਨ ਦੇ ਸੂਬੇਦਾਰ ਸ਼ਾਹ ਨਵਾਜ਼ ਖ਼ਾਂ* ਨਾਲ ਟੱਕਰ ਲੱਗੀ ਹੋਈ ਸੀ ਤੇ ਦੂਜੇ ਪਾਸੇ ਅਹਿਮਦ ਸ਼ਾਹ ਅਬਦਾਲੀ ਵੱਲੋਂ ਹਮਲੇ ਦਾ ਖ਼ਤਰਾ ਵਧ ਰਿਹਾ ਸੀ। ਇਸ ਲਈ ਅਜਿਹੀ ਹਾਲਤ ਵਿਚ ਉਸ ਲਈ ਯੋਗ ਇਹ ਸੀ ਕਿ ਸਿੱਖਾਂ ਦੇ ਵਿਰੁੱਧ ਆਪਣੀ ਤਾਕਤ ਵਿਅਰਥ ਗੁਆਉਣ ਦੀ ਥਾਂ ਉਹ ਉਨ੍ਹਾਂ ਕੋਲੋਂ ਆਪਣੇ ਦੋਹਾਂ ਦੁਸ਼ਮਣਾਂ ਦੇ ਵਿਰੁੱਧ ਸਹਾਇਤਾ ਪਰਾਪਤ ਕਰੇ। ਦੀਵਾਨ ਕੌੜਾ ਮਲ ਦੀਆਂ ਇਨ੍ਹਾਂ ਦਲੀਲਾਂ ਦਾ ਲੋੜੀਂਦਾ ਅਸਰ ਹੋਇਆ ਤੇ ਲਾਹੌਰ ਸਰਕਾਰ ਨੇ ਸਿੱਖਾਂ ਨਾਲ ਸਮਝੌਤਾ ਕਰਨ ਤੇ ਰਾਮ ਰਾਉਣੀ ਦਾ ਘੇਰਾ ਚੁਕ ਲੈਣ ਦਾ ਫ਼ੈਸਲਾ ਕਰ ਲਿਆ। ਨਤੀਜਾ ਇਹ

---

*ਸ਼ਾਹ ਨਵਾਜ਼ ਖ਼ਾਂ, ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਂ ਦਾ ਪੁੱਤਰ ਸੀ। ਜ਼ਕਰੀਏ ਦੀ ਮੌਤ ਤੋਂ ਬਾਅਦ ਉਹ ਲਾਹੌਰ ਅਤੇ ਮੁਲਤਾਨ ਦਾ ਸੂਬੇਦਾਰ ਨੀਅਤ ਹੋਇਆ, ਪਰੰਤੂ ਦਿੱਲੀ ਦਰਬਾਰ ਉਸ ਦੀ ਹਮਾਇਤ ਨਹੀਂ ਸੀ ਕਰਦਾ। ਅਬਦਾਲੀ ਦੀ ਹਾਰ ਤੋਂ ਬਾਅਦ ਦਿੱਲੀ ਦੇ ਬਾਦਸ਼ਾਹ ਨੇ ਮੀਰ ਮਨੂੰ ਨੂੰ ਪੰਜਾਬ ਦਾ ਗਵਰਨਰ ਨੀਅਤ ਕਰ ਦਿੱਤਾ, ਪਰੰਤੂ ਸ਼ਾਹ ਨਵਾਜ਼ ਖ਼ਾਂ ਨੇ ਮੁਲਤਾਨ ਦਾ ਸੂਬਾ ਛੱਡਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਮੀਰ ਮਨੂੰ ਨਾਲ ਉਹਦੀ ਲੜਾਈ ਲੱਗੀ ਰਹੀ।



Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਜੱਸਾ ਸਿੰਘ ਦੀ ਰਾਜਨੀਤਕ ਸਿਆਣਪ ਤੇ ਮੌਕਾ ਸੰਭਾਲਣ ਦੀ ਬਰਕਤ ਨਾਲ ਨਾ ਕੇਵਲ ਕਿਲ੍ਹਾ ਬਚ ਗਿਆ, ਸਗੋਂ ਮੀਰ ਮਨੂੰ ਨੇ ਸਿੱਖਾਂ ਨੂੰ ਪੱਟੀ ਦੇ ਪਰਗਣੇ ਦਾ ਚੌਥਾ ਹਿੱਸਾ ਮਾਲੀਆ ਦੇਣਾ ਵੀ ਮਨਜ਼ੂਰ ਕਰ ਲਿਆ* ।

ਪੰਥ ਲਈ ਜੱਸਾ ਸਿੰਘ ਦੀ ਅਦੁੱਤੀ ਸੇਵਾ, ਸਮੇਂ ਸਿਰ ਕੀਤੀ ਸਹਾਇਤਾ ਅਤੇ ਅਤੁੱਟ ਪਿਆਰ ਨੇ ਉਸ ਦੇ ਮੱਥੇ ਲੱਗੇ ਘੋਰ ਅਪਰਾਧ ਨੂੰ ਧੋ ਦਿੱਤਾ ਅਤੇ ਦੱਲ ਖ਼ਾਲਸਾ ਨਾਲ ਉਸ ਦੇ ਮੱਤ-ਭੇਦ ਦਾ ਖ਼ਾਤਮਾ ਹੋ ਗਿਆ। ਉਹ ਪੰਥ-ਪਿਆਰ ਦੀ ਕਠਨ ਪ੍ਰੀਖਿਆ ਵਿੱਚੋਂ ਪੂਰੇ ਨੰਬਰ ਲੈ ਕੇ ਪਾਸ ਹੋਇਆ ਸੀ ਅਤੇ 'ਦੱਲ ਖ਼ਾਲਸਾ' ਵਿਚ ਮੁੜ ਕੇ ਸ਼ਾਮਲ ਹੋਣ ਤੋਂ ਬਾਅਦ ਹਰੇਕ ਸਿੱਖ ਉਸ ਦੀ ਦਲੇਰੀ, ਬੀਰਤਾ ਤੇ ਨਿਡਰਤਾ ਦੀ ਸ਼ਲਾਘਾ ਕਰਦਾ ਸੀ। ਇਸ ਤੋਂ ਝਟ ਬਾਅਦ 'ਰਾਮ ਰਾਉਣੀ' ਦਾ ਨਾਂ ਬਦਲ ਕੇ 'ਰਾਮ ਗੜ੍ਹ' ਰਖ ਦਿੱਤਾ ਗਿਆ ਤੇ ਜੱਸਾ ਸਿੰਘ ਨੂੰ ਉਸ ਦਾ ਕਿਲ੍ਹੇਦਾਰ ਥਾਪਿਆ ਗਿਆ। ਇਸ ਦੇ ਨਾਲ ਹੀ ਜੱਸਾ ਸਿੰਘ ਤੇ ਉਸ ਦੇ ਸਾਥੀ 'ਰਾਮਗੜ੍ਹੀਏ' ਦੀ ਪਦਵੀ ਨਾਲ ਨਿਵਾਜੇ ਜਾਣ ਲੱਗੇ, ਕਿਉਂਕਿ ਇਸ ਕਿਲ੍ਹੇ ਦੀ ਹੋਂਦ ਤੇ ਸ਼ਾਨ ਨੂੰ ਕਾਇਮ ਰਖਣ ਵਿਚ ਉਨ੍ਹਾਂ ਦਾ ਸਭ ਤੋਂ ਜ਼ਿਆਦਾ ਹੱਥ ਸੀ ਤੇ ਉਨ੍ਹਾਂ ਨੇ ਬੜੀ ਭੀੜ ਦੇ ਸਮੇਂ ਇਸ ਦੀ ਰੱਖਿਆ ਕੀਤੀ ਸੀ। ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਿਆ ਹੈ :—

ਰਾਮ ਰੌਣੀ ਰਾਮ ਗੜ੍ਹ ਭਇਓ, ਤਿਸ ਦਿਨ ਤੇ ਮਸ਼ਹੂਰ ।
ਠੋਕੇ† ਰਾਮਗੜ੍ਹੀਏ ਭਏ, ਲੜੇ ਜੋ ਵਖਤ ਜ਼ਰੂਰ ।

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭-੯੮ ।

ਹਰੀ ਰਾਮ ਗੁਪਤਾ : ਸਟੱਡੀਜ਼ ਇਨ ਲੇਟਰ ਮੁਗ਼ਲ ਹਿਸਟਰੀ ਔਫ਼ ਦੀ ਪੰਜਾਬ, ਪੰਨਾ ੭੫ ।

†ਜੱਸਾ ਸਿੰਘ ਰਾਮਗੜ੍ਹੀਏ ਨੂੰ ਇਸ ਤੋਂ ਪਹਿਲਾਂ ਜੱਸਾ ਸਿੰਘ ਠੋਕਾ ਕਿਹਾ ਜਾਂਦਾ ਸੀ। ਉਹ ਕਿੱਤੇ ਕਰ ਕੇ ਤਰਖਾਣ ਸੀ ਤੇ ਤਰਖਾਣਾਂ ਨੂੰ ਠੋਕੇ ਕਹਿੰਦੇ ਸਨ।



Sri Satguru Jagjit Singh Ji eLibrary NamdhariElibrary@gmail.com

ਬਸ ਉਸੇ ਦਿਨ ਤੋਂ ਜੱਸਾ ਸਿੰਘ ਅਤੇ ਉਸ ਦੇ ਸਾਥੀਆਂ ਨੇ 'ਰਾਮਗੜ੍ਹੀਏ' ਦੀ ਪਦਵੀ ਧਾਰਨ ਕਰ ਲਈ। ਜੱਸਾ ਸਿੰਘ ਦੀ ਕਾਇਮ ਕੀਤੀ ਮਿਸਲ 'ਰਾਮਗੜ੍ਹੀਆ ਮਿਸਲ' ਦੇ ਨਾਉਂ ਨਾਲ ਮਸ਼ਹੂਰ ਹੋਈ ਅਤੇ ਸਭ ਤਰਖਾਣ ਇਸ ਨਾਂ ਨਾਲ ਸੰਬੰਧਨ ਹੋਣਾ ਫ਼ਖਰ ਤੇ ਸਤਿਕਾਰ ਦੀ ਗੱਲ ਸਮਝਣ ਲੱਗੇ*।

---

*ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਜੱਸਾ ਸਿੰਘ ਨੂੰ 'ਰਾਮਗੜ੍ਹੀਆ' ਦੀ ਪਦਵੀ ਕੇਵਲ ਇਸ ਲਈ ਮਿਲੀ, ਕਿਉਂਜੁ ਉਹ ਬੜਾ ਚਿਰ ਕਿਲ੍ਹਾ ਰਾਮਗੜ੍ਹ ਦਾ ਕਿਲ੍ਹੇਦਾਰ ਰਿਹਾ ਸੀ। ਭਾਈ ਕਾਹਨ ਸਿੰਘ ਨਾਭਾ ਨੇ ਵੀ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ।

ਗਲਾਸਰੀ ਔਫ਼ ਕਾਸਟਸ ਐਂਡ ਟਰਾਈਬਜ਼ ਇਨ ਦੀ ਪੰਜਾਬ ਐਂਡ ਐੱਨ. ਡਬਲਯੂ. ਐਫ਼. ਪੀ. ਦਾ ਕਰਤਾ ਰੋਜ਼ ਲਿਖਦਾ ਹੈ ਕਿ ਰਾਮਗੜ੍ਹੀਆ ਨਾਮ ਰਾਮਗੜ੍ਹ ਪਿੰਡ ਤੋਂ ਬਣਿਆ ਹੈ। ਉਸ ਦਾ ਇਹ ਕਥਨ ਸਚਾਈ ਦੇ ਉਲਟ ਹੈ। ਜਾਪਦਾ ਹੈ ਕਿ ਹੋਰ ਕਈ ਮਿਸਲਾਂ ਦੇ ਨਾਂ ਉਨ੍ਹਾਂ ਦੇ ਬਾਨੀਆਂ ਦੇ ਪਿੰਡਾਂ ਪੁਰ ਹੋਣ ਦੇ ਕਾਰਨ ਉਸ ਨੂੰ ਇਹ ਟਪਲਾ ਲਗਾ ਹੈ। ਪ੍ਰਿੰਸਿਪ ਅਤੇ ਕੋਰਟ ਨੇ ਵੀ ਉਸ ਦੇ ਇਸ ਟਪਲੇ ਨੂੰ ਦੁਹਰਾਇਆ ਹੈ। ਪਰੰਤੂ ਅਸਲੀਅਤ ਇਹ ਹੈ ਕਿ 'ਰਾਮਗੜ੍ਹੀਆ' ਮਸ਼ਹੂਰ ਹੋਣ ਤੋਂ ਪਹਿਲਾਂ ਜੱਸਾ ਸਿੰਘ ਆਪਣੇ ਪਿੰਡ ਦੇ ਨਾਂ ਉੱਤੇ ਈਚੋਗਿੱਲੀਆ ਕਰ ਕੇ ਮਸ਼ਹੂਰ ਸੀ।

ਲਤੀਫ਼ ਅਤੇ ਕਰਮ ਸਿੰਘ ਹਿਸਟੋਰੀਅਨ ਨੇ ਆਪਣੀਆਂ ਖੋਜਾਂ ਅਤੇ ਸਿੱਟਿਆਂ ਦਾ ਅਧਾਰ ਅਹਿਮਦ ਸ਼ਾਹ ਬਟਾਲੀਏ ਅਤੇ ਸੋਹਣ ਲਾਲ ਸੂਰੀ ਦੀ 'ਉਮਦਤ-ਉਲ-ਤਵਾਰੀਖ਼' ਨੂੰ ਮੰਨਿਆ ਹੈ। ਉਹ 'ਰਾਮਗੜ੍ਹੀਆ' ਪਦ ਨੂੰ ਉਨ੍ਹਾਂ ਸਿੱਖਾਂ ਦੇ ਨਾਂ ਨਾਲ ਸੰਬੰਧਤ ਕਰਦੇ ਹਨ, ਜਿਹੜੇ 'ਰਾਮ ਰਾਉਣੀ' ਦੇ ਤੀਜੇ ਘੇਰੇ ਸਮੇਂ ਕਿਲ੍ਹੇ ਵਿੱਚੋਂ ਨਿਕਲੇ ਸਨ। ਪਰੰਤੂ ਇਹ ਵਿਚਾਰ ਵੀ ਠੀਕ ਨਹੀਂ ਜਾਪਦਾ, ਕਿਉਂਜੁ ਜੈ ਸਿੰਘ ਕੰਨ੍ਹਈਆ ਤੇ ਅਮਰ ਸਿੰਘ ਕਿੰਗਰਾ ਵੀ ਉਸ ਸਮੇਂ ਕਿਲ੍ਹੇ ਵਿੱਚੋਂ ਨਿਕਲ ਤੁਰੇ ਸਨ, ਪਰ ਉਹ ਆਪਣੇ ਪਹਿਲੇ ਨਾਵਾਂ

(ਬਾਕੀ ਅਗਲੇ ਸਫ਼ੇ ਤੇ)



Sri Satguru Jagjit Singh Ji eLibrary NamdhariElibrary@gmail.com

# ੩. ਨਾਂ ਦੀ ਲਾਜ

## 'ਰਾਮਗੜ੍ਹੀਆ' ਪਦਵੀ ਪੱਕੀ ਹੋਣੀ

## [੧੭੪੮–੬੧]

ਰਾਮਗੜ੍ਹ ਦਾ ਕਿਲ੍ਹਾ, ਜੋ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦੀ ਸ਼ਕਤੀ ਤੇ ਸ਼ਾਨ ਪਰਗਟ ਕਰਨ ਦਾ ਇਕੋ-ਇਕ ਸਾਧਨ ਬਣ ਚੁਕਾ ਸੀ, ਹਮੇਸ਼ਾ ਲਈ ਜੱਸਾ ਸਿੰਘ ਦੇ ਨਾਂ ਨਾਲ ਸੰਬੰਧਤ ਹੋ ਗਿਆ ਹੈ। ਇਸ ਦਾ ਮੁਢਲਾ ਕਾਰਨ ਤਾਂ ਇਹ ਸੀ ਕਿ ਉਸ ਨੇ ਪਹਿਲੇ ਹਮਲੇ ਵੇਲੇ ਇਸ ਦੀ ਬੜੀ ਬਹਾਦਰੀ ਨਾਲ ਰੱਖਿਆ ਕੀਤੀ ਸੀ ਤੇ ਇਸ ਨੂੰ ਤਬਾਹ ਹੋਣ ਤੋਂ ਬਚਾ ਲਿਆ ਸੀ। ਪਰੰਤੂ ਐਉਂ ਜਾਪਦਾ ਹੈ ਕਿ ੧੭੪੮ ਵਿਚ ਰਾਮ ਰਾਉਣੀ ਦੇ ਘੇਰੇ ਤੋਂ ਬਾਅਦ ਜੱਸਾ ਸਿੰਘ ਨੇ ਇਸ ਕਿਲ੍ਹੇ ਦੀ ਕਾਇਮੀ ਤੇ ਰਖਵਾਲੀ ਨੂੰ ਆਪਣੇ ਜੀਵਨ ਦਾ ਮੁੱਖ ਉਦੇਸ਼ ਬਣਾ ਲਿਆ, ਜਿਵੇਂ ਇਸ ਨਾਲ ਸੰਬੰਧਤ ਹੋਏ ਆਪਣੇ ਨਾਂ ਦੀ ਲਾਜ ਰੱਖਣ ਦਾ ਖਿਆਲ ਉਹਦੇ ਅੰਦਰ ਘਰ ਕਰ ਗਿਆ ਸੀ। ਇਸ ਤੋਂ ਬਾਅਦ ਕਈ ਵਾਰੀ ਮੁਗ਼ਲਾਂ ਤੇ ਪਠਾਣਾਂ ਨੇ ਇਸ ਕਿਲ੍ਹੇ ਨੂੰ ਧਰਤੀ ਨਾਲ ਮਿਲਾਇਆ, ਪਰੰਤੂ ਹਰ ਵਾਰੀ ਜੱਸਾ ਸਿੰਘ ਨੇ ਪੂਰਨ ਲਗਨ ਤੇ ਪਿਆਰ ਨਾਲ ਇਸ ਦੀ ਮੁੜ ਉਸਾਰੀ ਕੀਤੀ ਅਤੇ ਇਸ ਦੇ ਨਾਂ ਅਤੇ ਹੋਂਦ ਨੂੰ ਕਾਇਮ ਰੱਖਣ ਦਾ ਮਾਣ ਓਸੇ ਨੂੰ ਹੀ ਮਿਲਦਾ ਰਿਹਾ।

੧੭੪੮ ਵਿਚ ਦੀਵਾਨ ਕੌੜਾ ਮਲ ਦੇ ਜਤਨਾਂ ਨਾਲ ਸਿੱਖਾਂ

---

(ਪਿਛਲੇ ਸਫ਼ੇ ਦੇ ਫੁਟਨੋਟ ਦੀ ਬਾਕੀ)

ਨਾਲ ਹੀ ਮਸ਼ਹੂਰ ਰਹੇ ਅਤੇ ਇਨ੍ਹਾਂ ਦਾ ਰਾਮਗੜ੍ਹੀਆਂ ਦੀ ਮਿਸਲ ਨਾਲ ਵੀ ਕੋਈ ਸੰਬੰਧ ਨਾ ਬਣਿਆ।

ਸੋ ਰਤਨ ਸਿੰਘ ਭੰਗੂ ਦਾ ਉਪਰੋਕਤ ਕਥਨ ਇਨ੍ਹਾਂ ਸਭ ਦ੍ਰਿਸ਼ਟੀਕੋਣਾਂ ਤੋਂ ਠੀਕ ਅਤੇ ਭਰੋਸੇ ਯੋਗ ਜਾਪਦਾ ਹੈ।



Sri Satguru Jagjit Singh Ji eLibrary NamdhariElibrary@gmail.com

ਅਤੇ ਮੀਰ ਮਨੂੰ ਦੇ ਵਿਚਕਾਰ ਜੋ ਸਮਝੌਤਾ ਹੋਇਆ ਸੀ, ਉਸ ਦੀਆਂ ਸ਼ਰਤਾਂ ਅਨੁਸਾਰ ਸਿੱਖਾਂ ਨੇ ਲਾਹੌਰ ਸਰਕਾਰ ਦੀ ਸਹਾਇਤਾ ਲਈ ਸ਼ਾਹ ਨਵਾਜ਼ ਖ਼ਾਂ ਦੇ ਵਿਰੁੱਧ ਲੜਨ ਵਾਸਤੇ ਮੁਲਤਾਨ ਜਾਣਾ ਸੀ, ਤਾਂ ਜੁ ਉਸ ਸੂਬੇ ਨੂੰ ਵੀ ਸਿੱਧਾ ਲਾਹੌਰ ਸਰਕਾਰ ਦੇ ਅਧੀਨ ਲਿਆਂਦਾ ਜਾਏ। ਸੋ ਦੱਲ ਖ਼ਾਲਸਾ ਦੇ ਸਾਰੇ ਆਗੂ ਦੀਵਾਨ ਕੌੜਾ ਮੱਲ ਦੇ ਨਾਲ ਮੁਲਤਾਨ ਗਏ, ਪਰੰਤੂ ਸਰਦਾਰ ਜੱਸਾ ਸਿੰਘ ਦੀ ਆਪਣੀ ਤਜਵੀਜ਼ ਅਨੁਸਾਰ ਇਹ ਫ਼ੈਸਲਾ ਕੀਤਾ ਗਿਆ ਕਿ ਰਾਮਗੜ੍ਹ ਦੀ ਰਖਵਾਲੀ ਲਈ ਉਸ ਨੂੰ ਪਿੱਛੇ ਰੱਖਿਆ ਜਾਏ। ਇਸ ਗੱਲ ਦੀ ਵਧੇਰੀ ਲੋੜ ਇਸ ਕਰਕੇ ਸੀ ਕਿ ਉਨ੍ਹੀਂ ਦਿਨੀਂ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਖ਼ਤਰਾ ਬਹੁਤ ਵਧਿਆ ਹੋਇਆ ਸੀ*।

ਭਾਰਤ ਉੱਤੇ ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹਮਲਾ ਪੰਜਾਬ ਦੇ ਇਤਿਹਾਸ ਵਿਚ ਬੜੀ ਮਹਾਨਤਾ ਰਖਦਾ ਹੈ, ਕਿਉਂਜੁ ਇਸ ਵਾਰੀ ਪੰਜਾਬ ਮੁਗ਼ਲ ਸਾਮਰਾਜ ਦੇ ਹੱਥੋਂ ਨਿਕਲ ਕੇ ਪਠਾਣ ਸਾਮਰਾਜ ਦਾ ਇਕ ਅੰਗ ਬਣ ਗਿਆ ਤੇ ਮੀਰ ਮਨੂੰ ਨੇ ਵੀ ਆਪਣੀ ਪਦਵੀ ਬਚਾਣ ਲਈ ਅਬਦਾਲੀ ਦੀ ਅਧੀਨਤਾ ਪਰਵਾਨ ਕਰ ਲਈ। ਸਿੱਖਾਂ ਲਈ ਇਸ ਹਮਲੇ ਦੀ ਵਿਸ਼ੇਸ਼ਤਾ ਇਹ ਸੀ ਕਿ ਦੀਵਾਨ ਕੌੜਾ ਮੱਲ, ਜੋ ਲਾਹੌਰ ਸਰਕਾਰ ਵਿਚ ਸਿੱਖਾਂ ਦਾ ਇਕੋ-ਇਕ ਮਿੱਤਰ ਸੀ, ਲੜਾਈ ਵਿਚ ਮਾਰਿਆ ਗਿਆ। ਨਤੀਜਾ ਇਹ ਹੋਇਆ ਕਿ ਮੀਰ ਮਨੂੰ ਨੂੰ ਸਿੱਖਾਂ ਦੀ ਵਿਰੋਧਤਾ ਤੋਂ ਰੋਕਣ ਵਾਲਾ ਕੋਈ ਨਾ ਰਿਹਾ ਤੇ ਉਸ ਨੇ ਆਪਣੇ ਪੂਰੇ ਇਸਲਾਮੀ ਜੋਸ਼ ਤੇ ਮਜ਼ਬੀ ਜਨੂੰਨ ਨਾਲ ਉਨ੍ਹਾਂ ਉੱਤੇ ਸਖ਼ਤੀ ਦਾ ਚੱਕਰ ਚਲਾਣਾ ਸ਼ੁਰੂ ਕਰ ਦਿੱਤਾ†। ਉਸ ਨੇ ਉਹ ਜਾਗੀਰ ਵੀ ਜ਼ਬਤ ਕਰ ਲਈ, ਜੋ ਉਸ ਨੇ ੧੭੪੯ ਵਿਚ ਰਾਮਗੜ੍ਹ ਦੇ ਨਾਉਂ ਲਾਈ ਸੀ। ਪੰਜਾਬ ਦੀ ਧਰਤੀ ਵਿੱਚੋਂ ਸਿੱਖਾਂ ਨੂੰ ਉੱਕਾ ਹੀ ਖ਼ਤਮ ਕਰਨ ਦੇ

*ਗਿਆਨ ਸਿੰਘ : ਰਾਜ ਖ਼ਾਲਸਾ, ੯।

†ਮਿਸਕੀਨ : ਤਾਮਾਸ ਨਾਮਾ, ਪੰਨਾ ੧੧।



Sri Satguru Jagjit Singh Ji eLibrary NamdhariElibrary@gmail.com

ਇਰਾਦੇ ਨਾਲ ਉਸ ਨੇ ਅਦੀਨਾ ਬੇਗ ਤੇ ਸਦੀਕ ਬੇਗ ਦੀ ਕਮਾਨ ਹੇਠ ਇਕ ਭਾਰੀ ਗਸ਼ਤੀ ਫ਼ੌਜ ਭੇਜੀ। ਇਨ੍ਹਾਂ ਮੁਸਲਮਾਨ ਜਰਨੈਲਾਂ ਨੇ ਥਾਂ ਥਾਂ ਫਿਰ ਕੇ ਸਿੱਖਾਂ ਦਾ ਸ਼ਿਕਾਰ ਕੀਤਾ। ਪਰੰਤੂ ਸਿੱਖਾਂ ਦੇ ਵਿਰੁੱਧ ਸਭ ਤੋਂ ਕਰੜੀ ਕਾਰਵਾਈ ਮੀਰ ਮਨੂੰ ਨੇ ਆਪ ਕੀਤੀ। ਉਹ ਕਈ ਵਾਰੀ ਸਿੱਖਾਂ ਦਾ ਸ਼ਿਕਾਰ ਕਰਨ ਲਈ ਆਪ ਚੜ੍ਹਾਈ ਕਰਦਾ। ਜਿਹੜੇ ਸਿੱਖ ਉਹਦੇ ਹੱਥ ਆਉਂਦੇ, ਉਹ ਲਾਹੌਰ ਲਿਆਏ ਜਾਂਦੇ ਤੇ ਬੜੀ ਬੇਰਹਿਮੀ ਨਾਲ ਤਸੀਹੇ ਦੇ ਕੇ ਖ਼ਤਮ ਕੀਤੇ ਜਾਂਦੇ। ਪਰੰਤੂ ਇਸ ਸਾਰੀ ਕਰੜਾਈ ਦੇ ਬਾਵਜੂਦ ਮੀਰ ਮਨੂੰ ਸਿੱਖਾਂ ਨੂੰ ਮਲੀਆਮੇਟ ਕਰਨ ਵਿਚ ਸਫਲ ਨਾ ਹੋ ਸਕਿਆ*। ਇਸ ਗੱਲ ਦੀ ਪ੍ਰੋੜ੍ਹਤਾ ਉਸ ਵੇਲੇ ਦੇ ਪਰਚਲਤ ਇਕ ਉੱਘੇ ਪੰਜਾਬੀ ਗੀਤ ਤੋਂ ਵੀ ਹੁੰਦੀ ਹੈ:—

ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਇ।
ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਇ ਹੋਇ।

ਜਿਹਾ ਕਿ ਕੁਦਰਤੀ ਸੀ, ਸਿੱਖਾਂ ਉੱਤੇ ਸਖ਼ਤੀ ਦਾ ਸਭ ਤੋਂ ਪਹਿਲਾ ਨਿਸ਼ਾਨਾ ਉਨ੍ਹਾਂ ਦਾ ਪਰਸਿਧ ਕਿਲ੍ਹਾ ਰਾਮਗੜ੍ਹ ਹੀ ਹੋਇਆ ਕਰਦਾ ਸੀ। ਸੋ ਇਸ ਵੇਰੀ ਵੀ ਲਾਹੌਰ ਦੀਆਂ ਸਰਕਾਰੀ ਫ਼ੌਜਾਂ ਨੇ ਰਾਮਗੜ੍ਹ ਦੇ ਦੁਆਲੇ ਘੇਰਾ ਪਾ ਲਿਆ। ਉਸ ਸਮੇਂ ਇਸ ਕਿਲ੍ਹੇ ਵਿਚ ਕੇਵਲ ੯੦੦ ਸਿੱਖ ਸਨ†। ਉਨ੍ਹਾਂ ਦੀ ਕਮਾਨ ਸਰਦਾਰ ਜੱਸਾ ਸਿੰਘ ਦੇ ਹੱਥ ਵਿਚ ਸੀ। ਸਿੱਖਾਂ ਨੇ ਉਸ ਦੀ ਸਰਦਾਰੀ ਹੇਠ ਦੁਸ਼ਮਣ ਦਾ ਖ਼ੂਬ ਡਟ ਕੇ ਟਾਕਰਾ ਕੀਤਾ, ਪਰੰਤੂ ਇੱਡੀ ਵੱਡੀ ਧਾੜ ਅੱਗੇ ਬਹੁਤ ਚਿਰ ਅੜੇ ਰਹਿਣਾ ਉਨ੍ਹਾਂ ਦੀ ਸਮਰਥਾ ਤੋਂ ਬਾਹਰ ਸੀ। ਇਸ ਲਈ ਕੁਝ ਚਿਰ ਪਿੱਛੋਂ ਸਿੱਖਾਂ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਲੜਨ ਦਾ ਫ਼ੈਸਲਾ ਕੀਤਾ। ਅੰਤ ਕਿਲ੍ਹਾ ਸਰਕਾਰੀ ਫ਼ੌਜਾਂ ਦੇ ਕਬਜ਼ੇ ਵਿਚ ਆ ਗਿਆ, ਜਿਨ੍ਹਾਂ ਨੇ ਇਸ ਨੂੰ ਢਾਹ ਢੇਰੀ ਕਰ ਦਿੱਤਾ। ਬਚੇ ਖੁਚੇ ਸਿੱਖ

---

*ਹਰੀ ਰਾਮ ਗੁਪਤਾ : ਹਿਸਟਰੀ ਆਫ਼ ਦੀ ਸਿਖਸ I, ਪੰਨਾ ੮੧।

†ਮਸਕੀਨ : ਤਾਮਾਸ ਨਾਮਾ, ੧੧।



Sri Satguru Jagjit Singh Ji eLibrary NamdhariElibrary@gmail.com

ਆਪਣੇ ਪੁਰਾਣੇ ਘਰਾਂ ਅਰਥਾਤ ਜੰਗਲਾਂ-ਪਹਾੜਾਂ ਵਿਚ ਜਾ ਲੁਕੇ। ਜੱਸਾ ਸਿੰਘ ਨੇ ਭੀ ਇਹ ਸਖ਼ਤੀ ਦਾ ਸਮਾਂ ਦੜ ਵੱਟ ਕੇ ਗੁਜ਼ਾਰਨ ਦਾ ਫ਼ੈਸਲਾ ਕੀਤਾ ਤੇ ਉਹ ਕਿਲ੍ਹਾ ਰਾਮਗੜ੍ਹ ਨੂੰ ਮੁੜ ਕੇ ਉਸਾਰਨ ਲਈ ਯੋਗ ਸਮੇਂ ਦੀ ਉਡੀਕ ਕਰਨ ਲੱਗਾ*।

ਸਿੱਖਾਂ ਉੱਤੇ ਜ਼ੁਲਮ ਤੇ ਜਬਰ ਦੀ ਇਹ ਹਨੇਰੀ ੧੭੫੩ ਵਿਚ ਮਨੂੰ ਦੀ ਮੌਤ ਤੋਂ ਬਾਅਦ ਬੰਦ ਹੋ ਗਈ। ਉਸ ਦੀ ਕਰੜੀ ਸਰਕਾਰ ਦੀ ਥਾਂ ਹੁਣ ਉਸ ਦੀ ਪਤਨੀ ਮੁਗ਼ਲਾਣੀ ਬੇਗ਼ਮ ਨੇ ਆਪਣੇ ਨਬਾਲਗ਼ ਪੁੱਤਰ, ਮੁਹੰਮਦ ਅਮੀਨ ਦੇ ਨਾਂ ਹੇਠ ਇਕ ਕਮਜ਼ੋਰ ਜਹੀ ਹਕੂਮਤ ਕਾਇਮ ਕੀਤੀ† । ਇਸ ਨਾਲ ਸਾਰੇ ਪੰਜਾਬ ਵਿਚ ਅਸ਼ਾਂਤੀ ਵਰਤ ਗਈ ਤੇ ਸਿੱਖਾਂ ਨੂੰ ਵੀ ਆਪਣੀ ਤਾਕਤ ਵਧਾਉਣ ਦਾ ਸੁਨਹਿਰੀ ਮੌਕਾ ਹੱਥ ਲਗ ਗਿਆ। ਉਨ੍ਹਾਂ ਨੇ ਫਿਰ ਪੁਰਾਣਾ ਰਾਹ ਫੜ ਕੇ ਆਪਣੀ ਅਜ਼ਾਦੀ ਲਈ ਜਤਨ ਸ਼ੁਰੂ ਕਰ ਦਿੱਤੇ। ਜਦ ਤੋਂ ਮਨੂੰ ਦੀਆਂ ਫ਼ੌਜਾਂ ਨੇ ਕਿਲ੍ਹਾ ਰਾਮਗੜ੍ਹ ਨੂੰ ਢਾਹਿਆ ਸੀ, ਤਦ ਤੋਂ ਹੀ ਜੱਸਾ ਸਿੰਘ ਇਸ ਨੂੰ ਮੁੜ ਕੇ ਉਸਾਰਨ ਲਈ ਮੌਕੇ ਦੀ ਢੂੰਡ ਵਿਚ ਸੀ। ਮਨੂੰ ਦੇ ਜੀਉਂਦੇ ਜੀਅ ਇਹੋ ਜਿਹਾ ਕੋਈ ਮੌਕਾ ਲਭਣਾ ਅਸੰਭਵ ਸੀ, ਕਿਉਂਜੁ ਉਸ ਦਾ ਸਖਤੀ ਦਾ ਚੱਕਰ ਲਗਾਤਾਰ ਚਲਦਾ ਰਿਹਾ ਸੀ। ਪਰੰਤੂ ਜਿਉਂ ਹੀ ਜੱਸਾ ਸਿੰਘ ਨੂੰ ਮਨੂੰ ਦੇ ਮਰਨ ਦੀ ਖ਼ਬਰ ਮਿਲੀ, ਉਸ ਨੇ ਇਕ-ਦਮ ਅੰਮ੍ਰਿਤਸਰ ਪਹੁੰਚਣ ਦੀ ਕੀਤੀ ਤੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਕਿਲ੍ਹੇ ਦੀ ਮੁੜ ਕੇ ਉਸਾਰੀ ਸ਼ੁਰੂ ਕਰ ਦਿੱਤੀ। ਥੋੜੇ ਦਿਨਾਂ ਵਿਚ ਹੀ ਮੁੜ ਓਸੇ ਥਾਂ ਇਕ ਮਜ਼ਬੂਤ ਕਿਲ੍ਹਾ ਉੱਸਰ ਕੇ ਲਾਹੌਰ ਸਰਕਾਰ ਦਾ ਮੂੰਹ ਚਿੜਾ ਰਿਹਾ ਸੀ ਤੇ ਸਿੱਖਾਂ ਦੀ ਅਜਿੱਤ ਸ਼ਕਤੀ, ਦ੍ਰਿੜ੍ਹ ਇਰਾਦੇ ਤੇ ਹਾਰ ਨਾ ਮੰਨਣ ਦੇ ਸਿਰੜ ਦਾ ਸਬੂਤ ਦੇ ਰਿਹਾ ਸੀ‡। ਜੱਸਾ ਸਿੰਘ

---

*ਮਸਕੀਨ : ਤਾਮਾਸ ਨਾਮਾ ੧੧।

†ਸਰਕਾਰ : ਫ਼ਾਲ ਔਫ ਦੀ ਮੁਗਲ ਐਂਪਾਇਰ II, ਪੰਨਾ ੩੬।

‡ਹਰੀ ਰਾਮ ਗੁਪਤਾ : ਹਿਸਟਰੀ ਔਫ ਦੀ ਸਿਖਸ II, ਪੰਨਾ ੯੫।



Sri Satguru Jagjit Singh Ji eLibrary NamdhariElibrary@gmail.com

ਨੇ ਹੱਲਾ ਮਾਰ ਕੇ ਆਲੇ ਦੁਆਲੇ ਦੇ ਕੁਝ ਇਲਾਕੇ ਨੂੰ ਵੀ ਆਪਣੇ ਅਧਿਕਾਰ ਵਿਚ ਲੈ ਲਿਆ।

ਪਰ ਸਿੱਖਾਂ ਦੀ ਇਹ ਤਾਕਤ ਵੀ ਬਹੁਤਾ ਚਿਰ ਕਾਇਮ ਨਾ ਰਹਿ ਸਕੀ। ਮੁਗ਼ਲਾਣੀ ਬੇਗਮ ਆਪ ਕਮਜ਼ੋਰ ਹੋਣ ਦੇ ਕਾਰਨ ਪੰਜਾਬ ਨੂੰ ਅਮਨ ਤੇ ਸ਼ਾਂਤੀ ਨਾ ਦੇ ਸਕੀ। ਪੰਜਾਬ ਸਰਕਾਰ ਦੀਆਂ ਫ਼ੌਜਾਂ ਦੇ ਕਈ ਜਰਨੈਲ ਇਕ ਵਿਭਚਾਰਨ ਇਸਤ੍ਰੀ ਦੇ ਅਧੀਨ ਰਹਿਣ ਵਿਚ ਆਪਣੀ ਹੇਠੀ ਸਮਝਦੇ ਸਨ ਤੇ ਉਸ ਤੋਂ ਅਧਿਕਾਰ ਖੋਹਣ ਲਈ ਸਾਜ਼ਸ਼ਾਂ ਕਰਦੇ ਰਹਿੰਦੇ ਸਨ। ਮੁਗ਼ਲਾਣੀ ਬੇਗਮ ਉਨ੍ਹਾਂ ਦੀਆਂ ਨਿਤ ਦੀਆਂ ਗੋਂਦਾਂ ਤੋਂ ਤੰਗ ਆ ਗਈ ਤੇ ਉਸ ਨੇ ਅਹਿਮਦ ਸ਼ਾਹ ਅਬਦਾਲੀ ਦੀ ਸਹਾਇਤਾ ਨਾਲ ਆਪਣੇ ਅਧਿਕਾਰ ਨੂੰ ਕਾਇਮ ਰਖਣ ਦਾ ਫ਼ੈਸਲਾ ਕਰ ਲਿਆ। ਸੋ ਉਸ ਨੇ ਅਬਦਾਲੀ ਨੂੰ ਪੰਜਾਬ ਵਿਚ ਆਉਣ ਲਈ ਸੱਦਾ-ਪੱਤਰ ਭੇਜਿਆ। ਅਬਦਾਲੀ ਨੇ ੧੭੫੬ ਵਿਚ ਭਾਰਤ ਉੱਤੇ ਫਿਰ ਹਮਲਾ ਕੀਤਾ ਅਤੇ ੭ ਦਿਨ ਦਿੱਲੀ ਨੂੰ ਲੁੱਟਣ ਤੋਂ ਬਾਅਦ ਸਰਹਿੰਦ ਤਕ ਦਾ ਸਾਰਾ ਇਲਾਕਾ ਆਪਣੇ ਰਾਜ ਵਿਚ ਮਿਲਾ ਲਿਆ। ਉਸ ਨੇ ਆਪਣੇ ਪੁੱਤਰ ਤੈਮੂਰ ਖ਼ਾਂ ਨੂੰ ਇਸ ਇਲਾਕੇ ਦਾ ਗਵਰਨਰ ਨੀਅਤ ਕੀਤਾ ਤੇ ਜਹਾਨ ਖ਼ਾਂ ਨੂੰ ਉਸ ਦਾ ਨਾਇਬ ਥਾਪਿਆ*।

ਜਿੱਥੇ ਅਹਿਮਦ ਸ਼ਾਹ ਦੇ ਇਸ ਹੱਲੇ ਨੇ ਮੁਗ਼ਲਾਂ ਦੀ ਰਹਿੰਦੀ ਖੂੰਹਦੀ ਤਾਕਤ ਦਾ ਮਲੀਆਮੇਟ ਕੀਤਾ, ਉੱਥੇ ਸਿੱਖਾਂ ਲਈ ਵੀ ਉਸ ਦੀ ਜਿੱਤ ਬਿਪਤਾ ਦਾ ਕਾਰਨ ਬਣ ਗਈ, ਕਿਉਂਜੁ ਪਠਾਣ ਵੀ ਸਿੱਖਾਂ ਦੇ ਓਨੇ ਹੀ ਕੱਟੜ ਵੈਰੀ ਸਨ, ਜਿੰਨੇ ਮੁਗ਼ਲ। ਤੈਮੂਰ ਖ਼ਾਂ ਨੇ ਵੀ ਮੀਰ

---

*ਮਸਕੀਨ : ਤਾਮਾਸ ਨਾਮਾ, ਪੰਨਾ ੩੨-੩੩।

ਸਰਕਾਰ : ਫ਼ਾਲ ਔਫ਼ ਦੀ ਮੁਗ਼ਲ ਐਂਪਾਇਰ II, ਪੰਨਾ ੪੫-੪੬।

ਅਬਦਾਲੀ ਨੇ ਪਹਿਲਾਂ ਮੁਗ਼ਲਾਣੀ ਬੇਗਮ ਨੂੰ ਪੰਜਾਬ ਦੀ ਹਾਕਮ ਬਣਾਉਣ ਦਾ ਲਾਲਚ ਦਿੱਤਾ ਸੀ,ਪਰੰਤੂ ਉਸ ਨੇ ਆਪਣਾ ਇਹ ਇਕਰਾਰ ਪੂਰਾ ਨਾ ਕੀਤਾ ਤੇ ਮੁਗ਼ਲਾਣੀ ਇੱਸੇ ਦੁੱਖ ਨਾਲ ਘੁਲ ਘੁਲ ਕੇ ਮਰ ਗਈ।



Sri Satguru Jagjit Singh Ji eLibrary NamdhariElibrary@gmail.com

ਮਨੂੰ ਵਾਂਗ ਹੀ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਫ਼ੈਸਲਾ ਕੀਤਾ ਤੇ ਉਨ੍ਹਾਂ ਦੀ ਤਾਕਤ ਨੂੰ ਕੁਚਲਣ ਲਈ ਜਹਾਨ ਖ਼ਾਂ ਦੀ ਕਮਾਨ ਹੇਠ ਬੜੀ ਭਾਰੀ ਫ਼ੌਜ ਭੇਜੀ। ਕਿਲ੍ਹਾ ਰਾਮਗੜ੍ਹ ਉਸ ਦੀਆਂ ਅੱਖਾਂ ਵਿਚ ਕੰਡੇ ਵਾਂਗ ਰੜਕਦਾ ਸੀ, ਕਿਉਂਜੁ ਇਹ ਸਿੱਖਾਂ ਦੀ ਵਧਦੀ ਪ੍ਰਤਭਾ ਦਾ ਚਿੰਨ੍ਹ ਸੀ। ਅੰਮ੍ਰਿਤਸਰ ਸ਼ਹਿਰ ਦੀ ਪਵਿੱਤਰ ਧਰਤੀ, ਜਿੱਥੇ ਸਿੱਖ ਸਾਲ ਵਿਚ ਦੋ ਵਾਰੀ ਜ਼ਰੂਰ ਇਕੱਤਰ ਹੁੰਦੇ ਸਨ, ਹੋਣ ਦੇ ਕਾਰਨ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਸੀ, ਕਿਉਂਜੁ ਇੱਥੇ ਹਮਲਾ ਕੀਤਿਆਂ ਸਿੱਖ ਚੋਖੀ ਗਿਣਤੀ ਵਿਚ ਇਕੱਠੇ ਕਾਬੂ ਆ ਜਾਂਦੇ ਸਨ। ਇਸ ਤੋਂ ਛੁਟ ਇਹੀ ਕਿਲ੍ਹਾ ਸਿੱਖਾਂ ਨੂੰ ਧਾੜਵੀਆਂ ਤੋਂ ਬਚਾਉਣ ਵਾਲੀ ਵੱਡੀ ਪਨਾਹਗਾਹ ਸੀ। ਸੋ ਤੈਮੂਰ ਖ਼ਾਂ ਨੇ ਵੀ ਸਭ ਤੋਂ ਪਹਿਲਾਂ ਇੱਸੇ ਕਿਲ੍ਹੇ ਨੂੰ ਆਪਣੇ ਜਨੂੰਨ ਦਾ ਨਿਸ਼ਾਨਾ ਬਣਾਇਆ ਤੇ ੧੭੫੭ ਈਸਵੀ ਵਿਚ ਇਸ ਦੇ ਦੁਆਲੇ ਘੇਰਾ ਪਾ ਦਿੱਤਾ। ਸਿੱਖਾਂ ਨੇ ਇਸ ਵੇਰੀ ਵੀ ਜੱਸਾ ਸਿੰਘ ਰਾਮਗੜ੍ਹੀਏ ਦੀ ਅਗਵਾਈ ਹੇਠ ਡਟ ਕੇ ਦੁਸ਼ਮਣ ਦਾ ਟਾਕਰਾ ਕੀਤਾ ਤੇ ਆਪਣੇ ਕਿਲ੍ਹੇ ਨੂੰ ਬਚਾਉਣ ਦਾ ਜਤਨ ਕਰਦੇ ਰਹੇ। ਪਰੰਤੂ ਵੈਰੀਆਂ ਦੀ ਬਹੁਤੀ ਗਿਣਤੀ ਦੇ ਸਾਮ੍ਹਣੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਅੰਤ ਜਦ ਕਿਲ੍ਹੇ ਦੀ ਰੱਖਿਆ ਦੀ ਕੋਈ ਆਸ ਨਾ ਰਹੀ, ਤਾਂ ਜੱਸਾ ਸਿੰਘ ਤੇ ਉਸ ਦੇ ਸਾਥੀ ਸਾਰੇ ਸਿੱਖ ਕਿਲ੍ਹਾ ਛਡ ਕੇ ਜੰਗਲਾਂ ਵਿਚ ਚਲੇ ਗਏ। ਸਿੱਖਾਂ ਦੇ ਬੀਰਤਾ ਭਰੇ ਟਾਕਰੇ ਤੋਂ ਜਹਾਨ ਖ਼ਾਂ ਬਹੁਤ ਚਿੜ੍ਹ ਗਿਆ। ਸੋ ਜੇਤੂ ਫ਼ੌਜਾਂ ਨੇ ਮਜ਼੍ਹਬੀ ਜੋਸ਼ ਵਿਚ ਅੰਨ੍ਹੇ ਹੋ ਕੇ ਨਾ ਕੇਵਲ ਰਾਮਗੜ੍ਹ ਦਾ ਕਿਲ੍ਹਾ ਢਾਹਿਆ, ਸਗੋਂ ਗੁਰਦੁਆਰਿਆਂ ਦੀਆਂ ਵੀ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਸਿੱਖ ਆਪਣੀ ਸਭ ਸ਼ਕਤੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਅਤੇ ਉਥੋਂ ਦਾ ਪਵਿੱਤਰ ਜਲ ਛਕਣ ਨਾਲ ਪਰਾਪਤ ਕਰਦੇ ਹਨ, ਸੋ ਉਨ੍ਹਾਂ ਨੇ ਸਿੱਖਾਂ ਦਾ ਸਭ ਤੋਂ ਪਵਿੱਤਰ ਧਰਮ-ਅਸਥਾਨ ਹਰਿਮੰਦਰ ਸਾਹਿਬ ਢੁਆ ਦਿੱਤਾ ਤੇ



Sri Satguru Jagjit Singh Ji eLibrary NamdhariElibrary@gmail.com

ਇਸ ਦੇ ਸਰੋਵਰ ਨੂੰ ਮਿੱਟੀ ਨਾਲ ਭਰਾ ਦਿੱਤਾ* ।

ਇਸ ਕੌਮੀ ਸੰਕਟ ਦੇ ਸਮੇਂ ਸਿੱਖ ਨੀਤੀਵਾਨਾਂ ਨੇ ਇਕ ਬੜੀ ਸਿਆਣੀ ਚਾਲ ਖੇਡੀ। ਉਨ੍ਹਾਂ ਨੇ ਪ੍ਰਸਪਰ ਸਲਾਹ ਕਰ ਕੇ ਰਿਆਸਤ ਪਟਿਆਲਾ ਦੇ ਮੋਢੀ ਮਹਾਰਾਜਾ ਆਲਾ ਸਿੰਘ† ਦੀ ਰਾਹੀਂ ਮਰਹੱਟਿਆਂ ਨੂੰ ਪੰਜਾਬ ਵਿਚ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਦੀ ਵਿਉਂਤ ਇਹ ਸੀ ਕਿ ਇਸ ਤਰ੍ਹਾਂ ਅਫ਼ਗਾਨਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ ਜਾਏ। ਮਰਹੱਟਾ ਆਗੂ, ਰਘੁਨਾਥ ਰਾਓ ਦਿੱਲੀ ਨੂੰ ਫ਼ਤਹ ਕਰਨ ਤੋਂ ਬਾਅਦ ਆਪ ਹੀ ਪੰਜਾਬ ਵਲ ਆਉਣ ਦੀ ਸਲਾਹ ਕਰ ਰਿਹਾ ਸੀ। ਇਸ ਸੱਦਾ ਪੱਤਰ ਨੇ ਉਸ ਦਾ ਰਾਹ ਸਾਫ਼ ਕਰ ਦਿੱਤਾ ਤੇ ਮਲ੍ਹਾਰ ਰਾਓ ਤੇ ਰਘੁਨਾਥ ਰਾਓ ਨੇ ਪੰਜਾਬ ਉੱਤੇ ਹਮਲਾ ਕਰ ਕੇ ਸਾਰੇ ਪੂਰਬੀ ਪੰਜਾਬ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭।

†ਮਹਾਰਾਜਾ ਆਲਾ ਸਿੰਘ ਰਾਮੇ ਦਾ ਪੁੱਤਰ ਤੇ ਪਟਿਆਲਾ ਰਿਆਸਤ ਦਾ ਬਾਨੀ ਸੀ। ਆਪਣੀ ਬੀਰਤਾ, ਸਿਆਣਪ ਅਤੇ ਨੀਤੀਵਾਨਤਾ ਦੇ ਕਾਰਨ ਉਸ ਨੇ ਇਕ ਸਧਾਰਨ ਘਰਾਣੇ ਵਿਚ ਜਨਮ ਲੈ ਕੇ ਵੀ ਪੰਜਾਬ ਵਿਚ ਇਕ ਉੱਘੀ ਰਿਆਸਤ ਕਾਇਮ ਕਰ ਲਈ। ਅਠਾਰ੍ਹਵੀਂ ਸਦੀ ਦੇ ਸਿੱਖ ਸਰਦਾਰਾਂ ਵਿੱਚੋਂ ਉਹ ਸਭ ਤੋਂ ਵਧ ਰਾਜਨੀਤਕ ਸਿਆਣਪ ਤੇ ਸੂਝ ਬੂਝ ਦਾ ਮਾਲਕ ਸੀ। ਉਸ ਨੇ ਆਪਣੀ ਚਤਰ ਨੀਤੀ ਦਾ ਸਦਕਾ ਮੁਗ਼ਲਾਂ ਤੇ ਅਫ਼ਗਾਨਾਂ ਦੋਹਾਂ ਧਿਰਾਂ ਨਾਲ ਮਿੱਤਰਤਾ ਬਣਾਈ ਰੱਖੀ। ਉਹ ਸਿੱਖੀ ਰਵਾਇਤਾਂ ਅਨੁਸਾਰ ਲੰਗਰ ਵੀ ਚਲਾਉਂਦਾ ਸੀ, ਜਿਸ ਦਾ ਪਰਬੰਧ ਉਸ ਦੀ ਰਾਣੀ ਫ਼ਤਹ ਕੌਰ ਦੇ ਹੱਥ ਵਿਚ ਸੀ। ਮਹਾਰਾਜਾ ਆਲਾ ਸਿੰਘ ਨੇ ਪੰਜਾਬ ਵਿਚ ਬਦ-ਅਮਨੀ ਦੇ ਦਿਨੀਂ ਭੱਟੀ ਲੁਟੇਰਿਆਂ ਦੇ ਇਲਾਕੇ ਵਿਚ ਆਪਣਾ ਰਾਜ ਸਥਾਪਨ ਕਰ ਕੇ ਲੋਕਾਂ ਨੂੰ ਸੁੱਖ ਤੇ ਸ਼ਾਂਤੀ ਦੇਣ ਦਾ ਮਾਣ ਪਰਾਪਤ ਕੀਤਾ। ਇੱਸੇ ਲਈ ਕਾਜ਼ੀ ਨੂਰ ਮੁਹੰਮਦ ਆਪਣੀ ਪੁਸਤਕ 'ਜੰਗ ਨਾਮਾ' ਵਿਚ ਲਿਖਦਾ ਹੈ ਕਿ ਹਿੰਦੂ ਤੇ ਮੁਸਲਮਾਨ ਮਹਾਰਾਜਾ ਆਲਾ ਸਿੰਘ ਦਾ ਇੱਕੋ ਜਿਹਾ ਸਤਿਕਾਰ ਕਰਦੇ ਸਨ।

[ਕਿਰਪਾਲ ਸਿੰਘ : ਮਹਾਰਾਜਾ ਆਲਾ ਸਿੰਘ ਐਂਡ ਪਟਿਆਲਾ ਐਂਡ ਹਿਜ਼ ਟਾਈਮਜ਼



Sri Satguru Jagjit Singh Ji eLibrary NamdhariElibrary@gmail.com

ਨੂੰ ਉਜਾੜ ਘੱਤਿਆ। ਇਸ ਹਮਲੇ ਵਿਚ ਸਿੱਖਾਂ ਨੇ ਵੀ ਮਰਹੱਟਿਆਂ ਦੀ ਸਹਾਇਤਾ ਕੀਤੀ। ਇਸ ਤੋਂ ਛੁਟ ਅਦੀਨਾ ਬੇਗ ਵੀ, ਜੋ ਨਿਤ ਦੇ ਪ੍ਰੀਵਰਤਨਾਂ ਤੋਂ ਲਾਭ ਉਠਾ ਕੇ ਆਪ ਪੰਜਾਬ ਦਾ ਹਾਕਮ ਬਣਨਾ ਚਾਹੁੰਦਾ ਸੀ, ਉਨ੍ਹਾਂ ਨਾਲ ਰਲ ਗਿਆ। ਅੰਤ ਤਿੰਨਾਂ ਧਿਰਾਂ ਨੇ ਰਲ ਕੇ ਲਾਹੌਰ ਉੱਤੇ ਚੜ੍ਹਾਈ ਕਰ ਦਿੱਤੀ। ਤੈਮੂਰ ਖ਼ਾਂ ਤੇ ਉਸ ਦੇ ਨਾਇਬ ਜਹਾਨ ਖ਼ਾਂ ਨੂੰ ਬੜੀ ਭਾਰੀ ਹਾਰ ਹੋਈ ਤੇ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼ ਵਲ ਨਸਣਾ ਪਿਆ। ਮਰਹੱਟਿਆਂ ਨੇ ਅਦੀਨਾ ਬੇਗ ਨੂੰ ਆਪਣੇ ਵੱਲੋਂ ਪੰਜਾਬ ਦਾ ਹਾਕਮ ਥਾਪ ਦਿਤਾ*।

ਪੰਜਾਬ ਉੱਤੇ ਮਰਹੱਟਿਆਂ ਦੇ ਇਸ ਹੱਲੇ ਅਤੇ ਅਦੀਨਾ ਬੇਗ ਤੇ ਤੈਮੂਰ ਖ਼ਾਂ ਦੇ ਪ੍ਰਸਪਰ ਸ਼ਰੀਕੇ ਨੇ ਸਿੱਖਾਂ ਨੂੰ ਕੁਝ ਚਿਰ ਲਈ ਸੁੱਖ ਦਾ ਸਾਹ ਦਿੱਤਾ ਤੇ ਉਨ੍ਹਾਂ ਨੂੰ ਮੁੜ ਆਪਣੀ ਤਾਕਤ ਸੰਗਠਤ ਕਰਨ ਦਾ ਮੌਕਾ ਮਿਲ ਗਿਆ। ਇਸ ਅਸ਼ਾਂਤੀ ਦੇ ਸਮੇਂ ਵਿਚ ਹੀ ਸਿੱਖਾਂ ਨੇ ਫਿਰ ਇਕ-ਮੁੱਠ ਹੋ ਕੇ ਆਪਣੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਦੀ ਮੁੜ ਕੇ ਉਸਾਰੀ ਕੀਤੀ। ਜੱਸਾ ਸਿੰਘ ਨੇ ਵੀ ਪਹਿਲੇ ਵਾਂਗ ਮੁੜ ਕੇ ਕਿਲ੍ਹਾ ਰਾਮਗੜ੍ਹ ਨੂੰ ਉਸੇ ਥਾਂ ਤੇ ਉਸਾਰ ਲਿਆ ਅਤੇ ਇਸ ਤਰ੍ਹਾਂ ਪੰਜਾਬ ਦੀ ਨਵੀਂ ਸਰਕਾਰ ਨੂੰ ਵੀ ਸਿੱਖਾਂ ਵੱਲੋਂ ਸਿੱਧਾ ਚੈਲੰਜ ਮਿਲ ਗਿਆ†।

ਤੈਮੂਰ ਖ਼ਾਂ ਦੀ ਹਾਰ ਅਤੇ ਅਦੀਨਾ ਬੇਗ ਦੇ ਗਵਰਨਰ ਬਣਨ ਨਾਲ ਵੀ ਪੰਜਾਬ ਦੀ ਸਮੱਸਿਆ ਹਲ ਨਾ ਹੋਈ ਤੇ ਇੱਥੇ ਸ਼ਾਂਤੀ ਤੇ ਅਮਨ ਨਾ ਵਰਤ ਸਕਿਆ। ਅਦੀਨਾ ਬੇਗ ਨੇ ਆਪਣੀ ਨਵੀਂ ਪਦਵੀ ਦੇ ਬਦਲੇ ਵਿਚ ਮਰਹੱਟਿਆਂ ਨੂੰ ੭੫ ਲੱਖ ਰੁਪਿਆ ਦੇਣਾ ਕੀਤਾ ਹੋਇਆ ਸੀ, ਪਰੰਤੂ ਪੰਜਾਬ ਵਿਚ ਪਈ ਹੋਈ ਗੜਬੜ ਤੇ ਅਸ਼ਾਂਤੀ

---

*ਸਰਕਾਰ : ਫ਼ਾਲ ਔਫ਼ ਦੀ ਮੁਗ਼ਲ ਐਂਪਾਇਰ II, ਪੰਨਾ ੩੮।
ਕਨਿੰਘਮ : ਹਿਸਟਰੀ ਔਫ਼ ਦੀ ਸਿਖਸ, ਪੰਨਾ ੯੮।
†ਅਬਦੁਲ ਕਾਦਰ : ਹਿਸਟਰੀ ਔਫ਼ ਦੀ ਸਿਖਸ, ਪੰਨਾ ੩੮।



Sri Satguru Jagjit Singh Ji eLibrary NamdhariElibrary@gmail.com

ਦੇ ਕਾਰਨ ਉਹ ਇੱਥੋਂ ਦਾ ਮਾਲੀਆ ਇਕੱਠਾ ਨਾ ਕਰ ਸਕਿਆ। ਉਨ੍ਹੀਂ ਦਿਨੀਂ ਸਿੱਖ ਪੰਜਾਬ ਦੇ ਹਲ-ਵਾਹਕਾਂ ਦੇ ਹਮਦਰਦ ਤੇ ਰੱਖਿਅਕ ਸਨ ਅਤੇ ਹਰ ਔਕੜ ਦੇ ਸਮੇਂ ਉਨ੍ਹਾਂ ਦੀ ਸਹਾਇਤਾ ਕਰਿਆ ਕਰਦੇ ਸਨ। ਸੋ ਸਿੱਖਾਂ ਦੇ ਹੁੰਦਿਆਂ ਅਦੀਨਾ ਬੇਗ ਲਈ ਕਿਸਾਨਾਂ ਉੱਤੇ ਜ਼ੋਰ-ਜ਼ੁਲਮ ਜਾਂ ਧੱਕਾ ਕਰਨਾ ਅਸੰਭਵ ਸੀ। ਸੋ ਉਸ ਨੇ ਅਨੁਭਵ ਕੀਤਾ ਕਿ ਸਿੱਖਾਂ ਨੂੰ ਖ਼ਤਮ ਕੀਤੇ ਤੋਂ ਬਗ਼ੈਰ ਉਸ ਦੀ ਹਕੂਮਤ ਸਥਿਰ ਨਹੀਂ ਹੋ ਸਕੇਗੀ। ਨਤੀਜਾ ਇਹ ਹੋਇਆ ਕਿ ਉਸ ਨੇ ਵੀ ਆਪਣੇ ਪੂਰਬ-ਅਧਿਕਾਰੀਆਂ ਜ਼ਕਰੀਆ ਖ਼ਾਂ, ਮਨੂੰ ਤੇ ਤੈਮੂਰ ਖ਼ਾਂ ਵਾਂਗ ਸਿੱਖਾਂ ਦੇ ਵਿਰੁੱਧ ਸਖ਼ਤੀ ਦਾ ਚੱਕਰ ਚਲਾ ਦਿੱਤਾ† ਤੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਸ ਮੁਹਿੰਮ ਦਾ ਆਗੂ ਨੀਯਤ ਕੀਤਾ।

ਜੱਸਾ ਸਿੰਘ ਨੇ, ਜੋ ਹੁਣ ਤਕ ਕਿਲ੍ਹਾ ਰਾਮਗੜ੍ਹ ਦਾ ਕਿਲ੍ਹੇਦਾਰ ਸੀ, ਇਸ ਵਾਰੀ ਇਹ ਖ਼ਤਰਾ ਪਹਿਲਾਂ ਹੀ ਅਨਭਵ ਕਰ ਲਿਆ ਸੀ। ਉਸ ਨੇ ਕਿਲ੍ਹੇ ਨੂੰ ਹੋਰ ਵੀ ਪੱਕਿਆਂ ਕਰ ਕੇ ਉਸ ਦੇ ਅੰਦਰੋਂ ਵੈਰੀ ਦਾ ਡਟ ਕੇ ਟਾਕਰਾ ਕਰਨ ਲਈ ਆਪਣੇ ਸਾਥੀਆਂ ਸਮੇਤ ਪੂਰੀ ਪੂਰੀ ਤਿਆਰੀ ਕੀਤੀ ਹੋਈ ਸੀ। ਸਦਾ ਵਾਂਗ ਇਸ ਵਾਰੀ ਵੀ ਸਭ ਤੋਂ ਪਹਿਲਾ ਹੱਲਾ ਅੰਮ੍ਰਿਤਸਰ ਉੱਤੇ ਹੀ ਹੋਇਆ ਤੇ ਕਿਲ੍ਹਾ ਰਾਮਗੜ੍ਹ ਨੂੰ ਘੇਰੇ ਵਿਚ ਲੈ ਲਿਆ ਗਿਆ। ਹੁਣ ਰਾਮਗੜ੍ਹ ਦੀ ਤਾਕਤ ਦਾ ਬੜਾ ਸਾਇਆ ਪਿਆ ਹੋਇਆ ਸੀ, ਇਸ ਲਈ ਮੀਰ ਅਜ਼ੀਜ਼ ਬਖ਼ਸ਼ੀ ਨੇ ਇਸ ਘੇਰੇ ਦਾ ਪਰਬੰਧ ਕਰਨ ਲਈ ਆਪ ਅੰਮ੍ਰਿਤਸਰ ਦੇ ਨੇੜੇ ਡੇਰਾ ਆ ਲਾਇਆ ਤੇ ਕਿਲ੍ਹਾ ਸਰ ਹੋਣ ਤਕ ਉਹ ਇੱਥੇ ਹੀ ਰਿਹਾ। ਘਿਰੇ ਹੋਏ ਸਿੱਖਾਂ ਨੇ ਬੜੀ ਬੀਰਤਾ ਨਾਲ ਵੈਰੀ ਦਾ ਟਾਕਰਾ ਕੀਤਾ। ਇਸ ਵੇਰਾਂ ਸਰਦਾਰ ਜੱਸਾ ਸਿੰਘ ਦੀ ਸਹਾਇਤਾ ਲਈ ਕਿਲ੍ਹੇ ਵਿਚ ਇਕ ਹੋਰ ਅਦੁਤੀ ਜੋਧਾ, ਜੈ ਸਿੰਘ ਕੰਨ੍ਹਈਆ ਵੀ ਮੌਜੂਦ ਸੀ। ਇਨ੍ਹਾਂ ਦੋਹਾਂ

†ਕੰਨ੍ਹਈਆ ਲਾਲ : ਤਾਰੀਖ਼-ਇ ਪੰਜਾਬ, ਪੰਨਾ ੮੪।



Sri Satguru Jagjit Singh Ji eLibrary NamdhariElibrary@gmail.com

ਸਰਦਾਰਾਂ ਨੇ ਇਸ ਘੇਰੇ ਦੇ ਸਮੇਂ ਵਧ ਚੜ੍ਹ ਕੇ ਸੂਰਬੀਰਤਾ ਵਿਖਾਈ। ਉਹ ਘੋੜਿਆਂ ਤੇ ਸਵਾਰ ਹੋ ਕੇ ਕਿਲ੍ਹੇ ਤੋਂ ਬਾਹਰ ਨਿਕਲਦੇ, ਵੈਰੀ-ਦੱਲ ਉੱਤੇ ਟੁੱਟ ਪੈਂਦੇ ਤੇ ਬੇਗਿਣਤ ਸਿਪਾਹੀਆਂ ਨੂੰ ਮਾਰ ਕੇ ਵਾਪਸ ਕਿਲ੍ਹੇ ਵਿਚ ਦਾਖ਼ਲ ਹੋ ਜਾਂਦੇ*। ਇਸ ਦੇ ਨਾਲ ਹੀ ਸਿੱਖ ਵੈਰੀ ਉੱਤੇ ਹਰ ਰਾਤ ਨੂੰ ਅਚਾਨਕ ਛਾਪੇ ਮਾਰਦੇ ਤੇ ਘੇਰਾ ਘੱਤਣ ਵਾਲੀਆਂ ਫ਼ੋਜਾਂ ਦਾ ਬੇਅੰਤ ਨੁਕਸਾਨ ਕਰ ਜਾਂਦੇ। ਪਰੰਤੂ ਜਦ ਮੁਕਾਬਲੇ ਵਿਚ ਦੁਸ਼ਮਣ ਦੀ ਫ਼ੋਜ ਬਹੁਤ ਜਿਆਦਾ ਹੋਣ ਦੇ ਕਾਰਨ, ਘੇਰੇ ਨੂੰ ਤੋੜਨਾ ਅਸੰਭਵ ਜਾਪਣ ਲੱਗਾ, ਤਾਂ ਇਕ ਰਾਤ ਕਿਲ੍ਹੇ ਦੀ ਕੰਧ ਵਿਚ ਮਘੋਰਾ ਕਰ ਕੇ ਸਭ ਸਿੱਖ ਬਾਹਰ ਨਿਕਲ ਗਏ। ਮੀਰ ਅਜ਼ੀਜ਼ ਬਖ਼ਸ਼ੀ ਨੇ ਕਿਲ੍ਹੇ ਉੱਤੇ ਕਬਜ਼ਾ ਕਰ ਕੇ ਇਸ ਨੂੰ ਧਰਤੀ ਨਾਲ ਮਿਲਾ ਦਿੱਤਾ†।

ਸਿੱਖਾਂ ਨੂੰ ਦਬਾਉਣ ਅਤੇ ਰਾਮਗੜ੍ਹ ਕਿਲ੍ਹੇ ਨੂੰ ਖ਼ਤਮ ਕਰਨ ਤੋਂ ਬਾਅਦ ਵੀ ਅਦੀਨਾ ਬੇਗ ਪੰਜਾਬ ਵਿਚ ਮਜ਼ਬੂਤ ਤੇ ਸਥਾਈ ਹਕੂਮਤ ਕਾਇਮ ਕਰਨ ਵਿਚ ਸਫਲ ਨਾ ਹੋ ਸਕਿਆ। ਇਕ ਸਾਲ ਦੇ ਅੰਦਰ ਹੀ ੧੭੫੮ ਵਿਚ ਉਸ ਦੀ ਮੌਤ ਹੋ ਗਈ। ਅਗਲੇ ਸਾਲ ੧੭੫੯ ਤੋਂ ਲੈ ਕੇ ੧੭੬੭ ਤਕ ਅਬਦਾਲੀ ਨੇ ਪੰਜਾਬ ਉੱਤੇ ਲਗਾਤਾਰ ਚਾਰ ਹਮਲੇ ਕੀਤੇ। ੧੭੬੧ ਵਿਚ ਪਾਨੀਪਤ ਦੇ ਇਤਿਹਾਸਕ ਮੈਦਾਨ ਵਿਚ ਮਰਹੱਟਿਆਂ ਤੇ ਅਬਦਾਲੀ ਦੀ ਬੜੀ ਭਾਰੀ ਲੜਾਈ ਹੋਈ। ਇਸ ਸਾਰੀ ਖਿੱਚੋਤਾਣ ਨੇ ਪੰਜਾਬ ਵਿਚ ਹੋਰ ਵੀ ਗੜਬੜ ਤੇ ਅਸ਼ਾਂਤੀ ਵਰਤਾ ਦਿੱਤੀ। ਸਿੱਖ ਬੜੀ ਸਿਆਣਪ ਨਾਲ ਇਸ ਘੋਲ ਵਿੱਚੋਂ ਅਲੱਗ ਥਲੱਗ ਰਹੇ। ਪਾਨੀਪਤ ਦੀ ਲੜਾਈ ਤੋਂ ਪਿਛੋਂ ਉਨ੍ਹਾਂ ਦਾ ਮੁਕਾਬਲਾ ਕੇਵਲ ਅਹਿਮਦ ਸ਼ਾਹ ਅਬਦਾਲੀ ਨਾਲ ਹੀ ਰਹਿ ਗਿਆ ਸੀ। ਪਰੰਤੂ ਇਸ ਲੜਾਈ ਵਿਚ ਉਸ ਦੀ ਬਹੁਤ ਸਾਰੀ ਤਾਕਤ ਨਸ਼ਟ ਹੋ ਗਈ ਸੀ ਤੇ ਉਸ ਪਾਸ ਸਿੱਖਾਂ ਨੂੰ ਦਬਾਉਣ ਵਾਸਤੇ ਕਾਫ਼ੀ ਪਰਬੰਧ ਨਹੀਂ ਰਿਹਾ

---

*ਸੋਹਣ ਲਾਲ : ਉਮਦਤ-ਉਲ-ਤਵਾਰੀਖ਼ I ਦਫ਼ਤਰ I, ਪੰਨਾ ੧੯।

†ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੬-੯੭।



Sri Satguru Jagjit Singh Ji eLibrary NamdhariElibrary@gmail.com

ਸੀ। ਇਸ ਲਈ ਪਾਨੀਪਤ ਦੀ ਇਤਿਹਾਸਕ ਜਿੱਤ ਤੋਂ ਬਾਅਦ ਵੀ ਪਠਾਣ ਪੰਜਾਬ ਉੱਤੇ ਆਪਣਾ ਪੱਕਾ ਕਬਜ਼ਾ ਨਾ ਰੱਖ ਸਕੇ।

ਫ਼ਰਵਰੀ ੧੭੬੨ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਅਚਾਨਕ ਹਮਲਾ ਕਰ ਕੇ ਮਲੇਰ ਕੋਟਲੇ ਦੇ ਕੋਲ ਕੁੱਪ ਦੀ ਲੜਾਈ ਵਿਚ, ਜਿਸ ਨੂੰ ਵੱਡਾ ਘੱਲੂਘਾਰਾ ਵੀ ਆਖਦੇ ਹਨ, ਵੀਹ ਹਜ਼ਾਰ ਸਿੱਖ ਇੱਕੋ ਦਿਨ ਵਿਚ ਖ਼ਤਮ ਕਰ ਦਿੱਤੇ, ਪਰੰਤੂ ਇੰਨੇ ਭਾਰੀ ਨੁਕਸਾਨ ਦੇ ਬਾਵਜੂਦ ਉਹ ਬੜੀ ਛੇਤੀ ਫਿਰ ਆਪਣੇ ਪੈਰਾਂ ਉੱਤੇ ਖੜੇ ਹੋਣ ਦੇ ਯੋਗ ਹੋ ਗਏ, ਇੱਥੋਂ ਤਕ ਕਿ ਘੱਲੂਘਾਰੇ ਤੋਂ ਦੋ ਸਾਲ ਬਾਅਦ ਉਨ੍ਹਾਂ ਨੇ ਅਬਦਾਲੀ ਦੇ ਨੀਅਤ ਕੀਤੇ ਹੋਏ ਸਰਹਿੰਦ ਦੇ ਹਾਕਮ ਜ਼ੈਨ ਖ਼ਾਂ ਨੂੰ ਮਾਰ ਕੇ ਆਪਣਾ ਬਦਲਾ ਚੁਕਾ ਲਿਆ। ਇਸ ਘਟਨਾ ਤੋਂ ਬਾਅਦ ਅਹਿਮਦ ਸ਼ਾਹ ਨੂੰ ਨਿਸਚਾ ਹੋ ਗਿਆ ਕਿ ਉਹ ਸਿੱਖਾਂ ਦੇ ਵਿਰੁੱਧ ਇਕ ਵਿਅਰਥ ਲੜਾਈ ਲੜ ਰਿਹਾ ਸੀ। ਸਰ ਲੈਪਲ ਗ੍ਰਿਫ਼ਨ ਇਸ ਘਟਨਾ ਨੂੰ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਦੇਂਦਾ ਹੈ ਤੇ ਲਿਖਦਾ ਹੈ ਕਿ ਸਰਹਿੰਦ ਦੀ ਹਾਰ ਨੇ ਪੰਜਾਬ ਵਿਚ ਅਬਦਾਲੀ ਦੀ ਮੌਤ ਦਾ ਨਗਾਰਾ ਵਜਾ ਦਿੱਤਾ ਅਤੇ ਸਿੱਖਾਂ ਦੀ ਸ਼ਕਤੀ ਦਾ ਸਤਾਰਾ ਪੰਜਾਬ ਦੇ ਆਕਾਸ਼ ਤੇ ਚਮਕਣ ਲਗ ਪਿਆ*।

ਸਿੱਖਾਂ ਦੀ ਤਾਕਤ ਦੇ ਮੁੜ ਕੇ ਸੁਰਜੀਤ ਹੋਣ ਨਾਲ ਇਹ ਜ਼ਰੂਰੀ ਸੀ ਕਿ ਜੱਸਾ ਸਿੰਘ ਫਿਰ ਕਿਲ੍ਹਾ ਰਾਮਗੜ੍ਹ ਨੂੰ ਉਸਾਰਦਾ। ਮਸ਼ਹੂਰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਵਾਂਗ ਉਹ ਵੀ ਕਿਲ੍ਹਿਆਂ ਦੀ ਮਹੱਤਤਾ ਤੋਂ ਭਲੀ ਪਰਕਾਰ ਜਾਣੂ ਸੀ। ਇਸ ਲਈ ਉਸ ਨੇ ਇਕ ਵਾਰੀ ਫਿਰ ਉਸੇ ਥਾਂ ਉੱਤੇ ਕਿਲ੍ਹਾ ਰਾਮਗੜ੍ਹ ਨੂੰ ਉਸਾਰ ਕੇ ਆਪਣੇ ਸਿਰੜ ਦਾ ਸਬੂਤ ਦਿੱਤਾ ਤੇ ਕੌਮੀ ਅਣਖ ਤੇ ਸਿੱਖੀ ਸ਼ਾਨ ਨੂੰ ਰੱਖ ਵਿਖਾਇਆ। ਇਸ ਵਾਰੀ ਜੱਸਾ ਸਿੰਘ ਦੇ ਦਿਲ ਅੰਦਰ ਅੰਮ੍ਰਿਤਸਰ ਵਿਚ ਇਕ ਨਵੀਂ

---

*ਗ੍ਰਿਫ਼ਨ : ਰਾਜਾਜ਼ ਔਫ਼ ਦੀ ਪੰਜਾਬ।



Sri Satguru Jagjit Singh Ji eLibrary NamdhariElibrary@gmail.com

ਆਬਾਦੀ ਉਸਾਰਨ ਦਾ ਵੀ ਉਤਸ਼ਾਹ ਜਾਗਿਆ ਤੇ ਉਸ ਨੇ ਕਿਲ੍ਹੇ ਦੇ ਨੇੜੇ ਹੀ ਇਕ ਬਸਤੀ ਬਣਾ ਕੇ ਉਸ ਦਾ ਨਾਂ 'ਕਟੜਾ ਰਾਮਗੜ੍ਹੀਆਂ' (ਰਾਮਗੜ੍ਹ ਦੇ ਰਖਵਾਲਿਆਂ ਦੀ ਬਸਤੀ) ਰੱਖਿਆ*। ਰਾਮ ਗੜ੍ਹ ਦੇ ਕਿਲ੍ਹੇ ਦੀ ਹਰ ਵਾਰੀ ਮੁੜ ਕੇ ਉਸਾਰੀ ਕਰਨ ਵਿਚ ਜੱਸਾ ਸਿੰਘ ਨੇ ਜਿਸ ਲਗਨ, ਪਿਆਰ, ਦ੍ਰਿੜ੍ਹਤਾ ਤੇ ਸਿਰੜ ਦਾ ਸਬੂਤ ਦਿੱਤਾ ਸੀ, ਉਸ ਦੇ ਕਾਰਨ ਲੋਕਾਂ ਵਿਚ ਉਸ ਦਾ ਨਾਂ ਸਤਿਕਾਰ ਨਾਲ 'ਰਾਮਗੜ੍ਹੀਆ' ਕਰ ਕੇ ਪਰਸਿਧ ਹੋ ਗਿਆ। ਸੋ ਸਰਦਾਰ ਜੱਸਾ ਸਿੰਘ ਨੇ ਆਪਣੇ ਅਮਲਾਂ ਨਾਲ ਸਾਬਤ ਕਰ ਦਿੱਤਾ ਕਿ ਖ਼ਾਲਸੇ ਨੇ ੧੭੪੮ ਵਿਚ ਰਾਮ ਰਾਉਣੀ ਦੀ ਰੱਖਿਆ ਕਰਨ ਦੇ ਸਦਕੇ ਜੋ ਪਦਵੀ ਉਸ ਨੂੰ ਬਖ਼ਸ਼ੀ ਸੀ, ਉਸ ਦੇ ਉਹ ਠੀਕ ਤਰ੍ਹਾਂ ਯੋਗ ਸੀ। ਉਸ ਨੇ ਸੱਚੀ-ਮੁੱਚੀਂ ਆਪਣੇ ਨਾਂ ਦੀ ਲਾਜ ਰੱਖ ਵਿਖਾਈ ਸੀ :

---

*ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੫–੬।
ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ਪੰਨਾ ੩੬੮।



Sri Satguru Jagjit Singh Ji eLibrary NamdhariElibrary@gmail.com

੪

# ਅਬਦਾਲੀ ਨਾਲ ਜੰਗ

[੧੭੬੧–੧੭੬੭]

ਪਾਨੀਪਤ ਦੀ ਮਹਾਨ ਜਿੱਤ ਤੋਂ ਬਾਅਦ ਜਦ ਅਬਦਾਲੀ ਵਾਪਸ ਜਾ ਰਿਹਾ ਸੀ, ਤਾਂ ਸਿੱਖਾਂ ਨੇ ਬਿਆਸਾ ਦੇ ਕੋਲ ਨਾ ਕੇਵਲ ਉਸ ਪਾਸੋਂ ਲੁੱਟ ਦਾ ਬਹੁਤ ਸਾਰਾ ਮਾਲ ਹਥਿਆ ਲਿਆ, ਸਗੋਂ ਦੋ ਹਜ਼ਾਰ ਹਿੰਦੂ ਮੁਟਿਆਰਾਂ ਵੀ, ਜੋ ਕੈਦ ਕਰ ਕੇ ਕਾਬਲ ਲਿਜਾਈਆਂ ਜਾ ਰਹੀਆਂ ਸਨ, ਵਾਪਸ ਮੁੜਵਾ ਲਈਆਂ ਤੇ ਬਾਅਦ ਵਿਚ ਘਰੋ-ਘਰੀ ਪਹੁੰਚਾ ਦਿੱਤੀਆਂ। ਅਹਿਮਦ ਸ਼ਾਹ ਨੇ ਆਪਣੇ ਗਵਰਨਰਾਂ ਦੇ ਨਾਂ ਸਿੱਖਾਂ ਨੂੰ ਪੂਰੀ ਤਰ੍ਹਾਂ ਕੁਚਲਣ ਵਾਸਤੇ ਕਰੜੀਆਂ ਹਦਾਇਤਾਂ ਜਾਰੀ ਕੀਤੀਆਂ, ਪਰੰਤੂ ਅਜੇ ਉਹ ਅਟਕੋਂ ਪਾਰ ਨਹੀਂ ਸੀ ਹੋਇਆ ਕਿ ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਏ, ਜੱਸਾ ਸਿੰਘ ਰਾਮਗੜ੍ਹੀਏ ਤੇ ਹੋਰ ਸਿੱਖ ਸਰਦਾਰਾਂ ਦੀ ਅਗਵਾਈ ਵਿਚ ਸਭ ਪਾਸੇ ਮਾਰ ਧਾੜ ਸ਼ੁਰੂ ਕਰ ਦਿੱਤੀ ਤੇ ਅਬਦਾਲੀ ਦੇ ਫ਼ੌਜਦਾਰਾਂ ਦੀ ਨੱਕ ਜਿੰਦ ਲੈ ਆਂਦੀ।

੧੭੬੨ ਈਸਵੀ ਦਾ ਵੱਡਾ ਘਲੂਘਾਰਾ ਅਤੇ ਉਸ ਤੋਂ ਪਿਛੋਂ ਅੰਮ੍ਰਿਤਸਰ ਅਤੇ ਦਰਬਾਰ ਸਾਹਿਬ ਦਾ ਢਾਹੁਣਾ, ਅਬਦਾਲੀ ਵਲੋਂ ਸਿੱਖਾਂ ਦੀ ਧਾਰਮਕ ਅਜ਼ਾਦੀ ਨੂੰ ਸਿੱਧਾ ਚੈਲੰਜ ਸੀ ਤੇ ਉਨ੍ਹਾਂ ਨੇ ਇਹ ਚੈਲੰਜ ਪਰਵਾਨ ਕਰਨ ਦਾ ਫ਼ੈਸਲਾ ਕਰ ਲਿਆ। ਆਪਣੀ ਧਾਰਮਕ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੇ ਇਕ ਵੱਡੀ ਲੜਾਈ ਲੜਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ੧੭ ਅਕਤੂਬਰ ੧੭੬੨ ਨੂੰ, ਜਦੋਂ ਅਜੇ ਅਬਦਾਲੀ ਲਾਹੌਰ ਵਿਚ ਹੀ ਸੀ, ਲਗ ਪਗ ੬੦,੦੦੦* ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ ਤੇ ਉਨ੍ਹਾਂ ਨੇ ਆਪਣੇ ਕੌਮੀ

*ਹਰੀ ਰਾਮ ਗੁਪਤਾ : ਹਿਸਟਰੀ ਔਫ ਦੀ ਸਿਖਸ I, ਪੰਨਾ ੧੯੫।



Sri Satguru Jagjit Singh Ji eLibrary NamdhariElibrary@gmail.com

ਆਚਰਨ ਦਾ ਸਤਿਕਾਰ ਮੁੜ ਕੇ ਕਾਇਮ ਕਰਨ ਤੇ ਆਪਣੇ ਧਰਮ ਦੀ ਨਿਰਾਦਰੀ ਦਾ ਬਦਲਾ ਲੈਣ ਵਾਸਤੇ ਅਬਦਾਲੀ ਨਾਲ ਟੱਕਰ ਲੈਣ ਦੀ ਪਰਤੱਗਿਆ ਕੀਤੀ। ਇਸ ਖ਼ਬਰ ਦੇ ਮਿਲਦਿਆਂ ਸਾਰ ਅਬਦਾਲੀ ਨੇ ਉਨ੍ਹਾਂ ਦੇ ਵਿਰੁੱਧ ਹਮਲਾ ਕਰ ਦਿੱਤਾ। ਅੰਮ੍ਰਿਤਸਰ ਦੇ ਅਸਥਾਨ ਤੇ ਬੜੀ ਭਾਰੀ ਲੜਾਈ ਹੋਈ, ਜੋ ਸਵੇਰ ਤੋਂ ਸ਼ਾਮ ਤਕ ਜਾਰੀ ਰਹੀ। ਅੰਤ ਇਸ ਵਿਚ ਅਬਦਾਲੀ ਨੂੰ ਹਾਰ ਹੋਈ ਤੇ ਉਹ ਰਾਤ ਦੇ ਹਨੇਰੇ ਵਿਚ ਜਾਨ ਬਚਾ ਕੇ ਨਸ ਗਿਆ। ਸੋ ਮਰਹੱਟਿਆਂ ਦੇ ਜੇਤੂ ਅਹਿਮਦ ਸ਼ਾਹ ਨੂੰ ਸਿੱਖਾਂ ਦੇ ਸਾਹਮਣੇ ਬੇਬਸ ਹੋਣਾ ਪਿਆ।

ਦਸੰਬਰ ੧੭੬੨ ਵਿਚ ਅਫ਼ਗਾਨਿਸਤਾਨ ਵਿਖੇ ਗੜਬੜ ਹੋਣ ਦੇ ਕਾਰਨ ਅਬਦਾਲੀ ਨੂੰ ਕਾਬਲ ਵਾਪਸ ਜਾਣਾ ਪਿਆ। ਉਸ ਦੇ ਲਾਹੌਰੋਂ ਨਿਕਲਣ ਦੀ ਦੇਰ ਸੀ ਕਿ ਸਿੱਖਾਂ ਨੇ ਪੰਜਾਬ ਦੇ ਵਖ ਵਖ ਹਿੱਸਿਆਂ ਵਿਚ ਅਹਿਮਦ ਸ਼ਾਹ ਦੇ ਨੀਅਤ ਕੀਤੇ ਹਾਕਮਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਮਾਲਵੇ ਤੇ ਜਲੰਧਰ ਦੁਆਬੇ ਨੂੰ ਉਜਾੜ ਘੱਤਿਆ ਅਤੇ ਰਚਨਾ ਤੇ ਬਾਰੀ ਦੁਆਬੇ ਦੇ ਬਹੁਤ ਸਾਰੇ ਹਿੱਸੇ ਉੱਤੇ ਕਬਜ਼ਾ ਕਰ ਲਿਆ। ਉਨ੍ਹਾਂ ਨੇ ਇੱਥੇ ਹੀ ਬਸ ਨਾ ਕੀਤੀ, ਸਗੋਂ ਸਭ ਸਰਦਾਰਾਂ ਤੇ ਪਟਿਆਲੇ ਦੇ ਮਹਾਰਾਜਾ ਆਲਾ ਸਿੰਘ ਨੇ ਮਿਲ ਕੇ ਜਨਵਰੀ ੧੭੬੪ ਵਿਚ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਉੱਤੇ ਹਮਲਾ ਕਰ ਦਿੱਤਾ ਤੇ ਇਕ ਮੁਠ-ਭੇੜ ਵਿਚ ਉਸ ਨੂੰ ਪਾਰ ਬੁਲਾਇਆ। ਇਸ ਤੋਂ ਛੁਟ ਉਨ੍ਹਾਂ ਨੇ ਕਈ ਛਾਪੇ ਮਾਰ ਕੇ ਲਾਹੌਰ-ਨਿਵਾਸੀਆਂ ਨੂੰ ਵੀ ਲੁੱਟਿਆ।

ਹੁਣ ਸਿੱਖਾਂ ਨੇ ਲੜਾਈ ਦੇ ਗੁਰੀਲਾ ਢੰਗਾਂ ਨੂੰ ਅਪਣਾ ਕੇ ਆਪਣੀ ਤਾਕਤ ਬਹੁਤ ਵਧਾ ਲਈ ਸੀ। ਅਕਤੂਬਰ ੧੭੬੪ ਵਿਚ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਨੂੰ ਸੋਧਣ ਵਾਸਤੇ ਫਿਰ ਪੰਜਾਬ ਵਿਚ ਆਇਆ। ਪਰੰਤੂ ਜਦ ਉਹ ਲਾਹੌਰ ਪੁੱਜਾ, ਤਾਂ ਉਸ ਨੇ ਹੈਰਾਨੀ ਨਾਲ ਸੁਣਿਆ ਕਿ ਸਿੱਖ ਯਕਦਮ ਸ਼ਹਿਰਾਂ ਤੇ ਮੈਦਾਨਾਂ ਨੂੰ ਛਡ ਕੇ ਆਪਣੀਆਂ



Sri Satguru Jagjit Singh Ji eLibrary NamdhariElibrary@gmail.com

ਜੰਗਲੀ ਤੇ ਪਹਾੜੀ ਪਨਾਹਗਾਰਾਂ ਵਿਚ ਭਜ ਗਏ ਸਨ। ਇਸ ਉੱਤੇ ਵਾਧਾ ਇਹ ਕਿ ਉਨ੍ਹਾਂ ਨੇ ਆਪਣੇ ਗੁਰੀਲੇ ਢੰਗਾਂ ਨਾਲ ਅਫ਼ਗਾਨ ਫ਼ੌਜਾਂ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕਾਜ਼ੀ ਨੂਰ ਮੁਹੰਮਦ, ਜੋ ਅਬਦਾਲੀ ਨਾਲ ਪੰਜਾਬ ਵਿਚ ਆਇਆ ਸੀ, ਆਪਣੀ ਪੁਸਤਕ 'ਜੰਗਨਾਮਾ' ਵਿਚ ਇਨ੍ਹਾਂ ਗੁਰੀਲਾ ਢੰਗਾਂ ਦਾ ਵਿਸ਼ੇਸ਼ ਕਰਕੇ ਵਰਣਨ ਕਰਦਾ ਹੈ। ਉਹ ਲਿਖਦਾ ਹੈ, "ਜੇ ਉਨ੍ਹਾਂ (ਸਿੱਖਾਂ) ਦੀਆਂ ਫ਼ੌਜਾਂ ਦੌੜ ਜਾਣ, ਤਾਂ ਇਹ ਨਾ ਸਮਝੋ ਕਿ ਉਨ੍ਹਾਂ ਨੂੰ ਵਾਕਈ ਭਾਂਜ ਪੈ ਗਈ ਹੈ। ਇਹ ਉਨ੍ਹਾਂ ਦਾ ਲੜਾਈ ਦਾ ਇਕ ਢੰਗ ਹੀ ਹੈ। ਉਨ੍ਹਾਂ ਦਾ ਅਜਿਹਾ ਕਰਨ ਦਾ ਮੰਤਵ ਕੁਝ ਸਿਪਾਹੀਆਂ ਨੂੰ ਬਾਕੀ ਫ਼ੌਜ ਨਾਲੋਂ ਨਿਖੇੜਨ ਦਾ ਹੁੰਦਾ ਹੈ, ਤਾਂ ਜੁ ਉਨ੍ਹਾਂ ਨੂੰ ਫਿਰ ਚੰਗੀ ਤਰ੍ਹਾਂ ਮਾਰਿਆ ਜਾ ਸਕੇ। ਫਿਰ ਤਾਂ ਇਹ ਪਾਣੀ ਨੂੰ ਵੀ ਅੱਗ ਲਾ ਦੇਂਦੇ ਹਨ*।

ਸੋ ਕਈ ਥਾਵਾਂ ਉੱਤੇ ਇਹੋ ਜਹੇ ਘੇਰੇ ਪਾ ਕੇ ਸਿੱਖਾਂ ਨੇ ਅਬਦਾਲੀ ਨੂੰ ਇੰਨਾ ਤੰਗ ਕੀਤਾ ਕਿ ਉਹ ਵਾਪਸ ਮੁੜਨ ਦਾ ਫ਼ੈਸਲਾ ਕਰਨ ਲਈ ਮਜਬੂਰ ਹੋ ਗਿਆ। ਜਦ ਉਹ ਸਰਹਿੰਦ ਪੁੱਜਾ, ਤਾਂ ਉਸ ਨੇ ਇਸ ਸ਼ਹਿਰ ਨੂੰ ਉਜੜਿਆ ਹੋਇਆ ਵੇਖਿਆ। ਇੱਥੇ ਸਿੱਖਾਂ ਨੇ ਧਾੜਵੀ ਅਫ਼ਗਾਨ ਬਾਦਸ਼ਾਹ ਨਾਲ ਜੰਮ ਕੇ ਲੜਾਈ ਕਰਨ ਦਾ ਫ਼ੈਸਲਾ ਕੀਤਾ ਹੋਇਆ ਸੀ। ਇਸ ਲਈ ਸਤਲੁਜ ਪਾਰ ਕਰਦਿਆਂ ਹੀ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੂੰ ਸਿੱਖਾਂ ਦਾ ਟਾਕਰਾ ਕਰਨਾ ਪਿਆ। ਸਤ ਦਿਨ ਸਿੱਖਾਂ ਨੇ ਅਬਦਾਲੀ ਨੂੰ ਲੜਾਈ ਵਿਚ ਰੁਝਾਈ ਰੱਖਿਆ। ਉਹ ਹਰ ਰੋਜ਼ ਸਵੇਰੇ ਬਾਦਸ਼ਾਹ ਦੀਆਂ ਫ਼ੌਜਾਂ ਉੱਤੇ ਹਮਲਾ ਕਰ ਕੇ ਝਟਪਟ ਪਿੱਛੇ ਹਟ ਜਾਂਦੇ, ਪਰ ਜਦ ਅਬਦਾਲੀ ਦੇ ਬਲੋਚ ਜਰਨੈਲ ਉਨ੍ਹਾਂ ਦਾ ਪਿੱਛਾ ਕਰਦੇ, ਤਾਂ ਉਲਟਾ ਆਪਣਾ ਨੁਕਸਾਨ ਕਰਵਾ ਕੇ ਹੀ ਵਾਪਸ ਮੁੜਦੇ।

---

*ਕਾਜ਼ੀ ਨੂਰ ਮੁਹੰਮਦ : ਜੰਗ ਨਾਮਾ।



Sri Satguru Jagjit Singh Ji eLibrary NamdhariElibrary@gmail.com

ਅਬਦਾਲੀ ਦੇ ਵਿਰੁੱਧ ਇਸ ਭਾਰੀ ਕੌਮੀ ਲੜਾਈ ਵਿਚ ਸ: ਜੱਸਾ ਸਿੰਘ ਰਾਮਗੜ੍ਹੀਆ ਆਪਣੇ ਸਾਥੀਆਂ ਸਮੇਤ ਅਬਦਾਲੀ ਦੀਆਂ ਫ਼ੌਜਾਂ ਉੱਤੇ ਹੱਲੇ ਕਰਨ ਵਿਚ ਸਭ ਤੋਂ ਮੋਹਰੇ ਸੀ। ਕਾਜ਼ੀ ਨੂਰ ਮੁਹੰਮਦ ਨੇ ਇਸ ਲੜਾਈ ਵਿਚ ਇਸ ਦੀ ਬਹਾਦਰੀ ਨੂੰ ਇਉਂ ਵਰਣਨ ਕੀਤਾ ਹੈ :—

''ਦੂਜੇ ਪਾਸਿਉਂ ਕੁੱਤੇ (ਸਿੱਖ) ਵੀ ਇਕ ਚੰਗੀ ਸੰਗੱਠਤ ਫ਼ੌਜ ਲਈ ਆ ਰਹੇ ਸਨ। ਉਨ੍ਹਾਂ ਦਾ ਆਗੂ ਜੱਸਾ (ਸਿੰਘ) ਕਲਾਲ (ਆਹਲੂਵਾਲੀਆ) ਇਕ ਪਹਾੜ ਵਾਂਗ ਵਧਿਆ ਆ ਰਿਹਾ ਸੀ। ਉਹਦੇ ਨਾਲ ਇਕ ਹੋਰ ਜੱਸਾ (ਸਿੰਘ) ਠੋਕਾ (ਰਾਮਗੜ੍ਹੀਆ) ਸੀ, ਜੋ ਉਨ੍ਹਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਇਕ ਬਿਫਰੇ ਹੋਏ ਸ਼ੇਰ ਵਾਂਗ ਜਾਪਦਾ ਸੀ। ਉਸ ਦੇ ਨਾਲ ਉੱਥੇ ਹੋਰ ਵੀ ਕਈ ਕੁੱਤੇ (ਸਿੱਖ) ਸਨ*।''

ਸਿੱਖਾਂ ਦੀ ਬੀਰਤਾ, ਦਲੇਰੀ ਤੇ ਦ੍ਰਿੜ੍ਹਤਾ ਦੇ ਜ਼ੋਰਦਾਰ ਵਿਖਾਵੇ ਤੋਂ ਅਬਦਾਲੀ ਨੂੰ ਐਉਂ ਮਹਿਸੂਸ ਹੋਇਆ, ਜਿਵੇਂ ਪੰਜਾਬ ਦੀ ਸਾਰੀ ਵੱਸੋਂ ਬਾਗ਼ੀ ਹੋ ਗਈ ਸੀ ਤੇ ਸਿੱਖਾਂ ਨੂੰ ਕੁਚਲਣਾ ਅਸੰਭਵ ਸੀ। ਸੋ ਆਪਣੇ ਆਪ ਨੂੰ ਬੇਵਸ ਸਮਝ ਕੇ ਉਹ ਆਪਣੇ ਦੇਸ ਨੂੰ ਵਾਪਸ ਮੁੜ ਗਿਆ। ਉਸ ਦੇ ਕਾਬਲ ਵਲ ਮੂੰਹ ਭੁਆਣ ਦੀ ਢਿੱਲ ਸੀ ਕਿ ਸਿੱਖ ਵਿਸਾਖੀ ਦਾ ਵਾਰਸ਼ਕ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਇਕੱਠੇ ਹੋਏ। ਉਨ੍ਹਾਂ ਨੇ ਹੱਲਾ ਮਾਰ ਕੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਤੇ ਫਿਰ ਇਕ ਵਾਰੀ ਉੱਥੇ ਖ਼ਾਲਸਈ ਸਿੱਕੇ ਚਾਲੂ ਕੀਤੇ। ਹੁਣ ਅੱਟਕ ਤੋਂ ਸਤਲੁਜ ਤਕ ਦਾ ਕਿੰਨਾ ਹੀ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ

---

*ਕਾਜ਼ੀ ਨੂਰ ਮੁਹੰਮਦ : ਜੰਗ ਨਾਮਾ, ੪੮।

ਇਹ ਕੱਟੜ ਮੁਸਲਮਾਨ ਆਪਣੀ ਪੁਸਤਕ ਵਿਚ ਹਰ ਥਾਂ ਸਿੱਖਾਂ ਨੂੰ 'ਸਿੰਘ' ਲਿਖਣ ਦੀ ਥਾਂ 'ਸਗ' (ਕੁੱਤਾ) ਅਤੇ 'ਸਿੰਘਾਂ' ਦੀ ਥਾਂ 'ਸਗਾਂ' (ਕੁੱਤੇ) ਲਿਖਦਾ ਹੈ, ਜਿਸ ਤੋਂ ਸਿੱਖਾਂ ਲਈ ਉਸ ਦੀ ਨਫਰਤ ਦਾ ਪਤਾ ਲਗਦਾ ਹੈ, ਪਰੰਤੂ ਇਸ ਦੇ ਬਾਵਜੂਦ ਉਸ ਨੇ ਸਿੱਖਾਂ ਦੀ ਬਹਾਦਰੀ, ਨਿਡਰਤਾ, ਦਲੇਰੀ ਤੇ ਉਨ੍ਹਾਂ ਦੇ ਉੱਚੇ ਤੇ ਪਵਿੱਤਰ ਆਚਰਨ ਦੀ ਰੱਜ ਕੇ ਉਸਤਤ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

ਸੀ ਤੇ ਉਹ ਇਸ ਸਾਰੇ ਇਲਾਕੇ ਵਿਚੋਂ 'ਕਰ' ਉਗਰਾਹ ਰਹੇ ਸਨ।

ਜਦ ਇਹ ਸਭ ਖ਼ਬਰਾਂ ਅਬਦਾਲੀ ਤਕ ਪੁਜੀਆਂ, ਤਾਂ ਉਹ ਗੁੱਸੇ ਨਾਲ ਲਾਲ ਪੀਲਾ ਹੋ ਉੱਠਿਆ। ਉਸ ਨੇ ਪੰਜਾਬ ਨੂੰ ਸਿੱਖਾਂ ਤੋਂ ਪਾਕ ਕਰਨ ਲਈ ੧੭੬੭ ਈਸਵੀ ਵਿਚ ਆਪਣਾ ਆਖ਼ਰੀ ਹਮਲਾ ਕੀਤਾ। ਜਦ ਅਬਦਾਲੀ ਲਾਹੌਰ ਪੁੱਜਾ, ਤਾਂ ਉੱਥੋਂ ਦੇ ਹਾਕਮ ਭੰਗੀ ਸਰਦਾਰ ਨੇ ਸ਼ਹਿਰ ਖ਼ਾਲੀ ਕਰ ਦਿੱਤਾ। ਲਾਹੌਰ ਉੱਤੇ ਕਬਜ਼ਾ ਕਰਨ ਤੋਂ ਪਿੱਛੋਂ ਅਫ਼ਗਾਨ ਜਰਨੈਲ, ਜਹਾਨ ਖ਼ਾਂ ਨੇ ਅੰਮ੍ਰਿਤਸਰ ਉੱਤੇ ਹਮਲਾ ਕੀਤਾ। ਸਿੱਖ ਆਗੂਆਂ ਨੇ ਇਕੱਠੇ ਹੋ ਕੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਦਾ ਟਾਕਰਾ ਕੀਤਾ ਅਤੇ ਤਿੰਨ ਘੰਟੇ ਦੀ ਲੜਾਈ ਤੋਂ ਬਾਅਦ ਜਹਾਨ ਖ਼ਾਂ ਨੂੰ ਪਿੱਛੇ ਧਕੇਲ ਦਿੱਤਾ। ਪਰੰਤੂ ਅੰਤ ਅਬਦਾਲੀ ਦੀਆਂ ਫ਼ੌਜਾਂ ਸਿੱਖਾਂ ਨੂੰ ਪਿੱਛੇ ਧਿੱਕਣ ਵਿਚ ਕਾਮਯਾਬ ਹੋ ਗਈਆਂ।

ਜਦ ਅਹਿਮਦ ਸ਼ਾਹ ਨੇ ਬਿਆਸਾ ਨਦੀ ਨੂੰ ਪਾਰ ਕੀਤਾ, ਤਾਂ ਜੱਸਾ ਸਿੰਘ ਆਹਲੂਵਾਲੀਏ ਤੇ ਜੱਸਾ ਸਿੰਘ ਰਾਮਗੜ੍ਹੀਏ ਦੀਆਂ ਫ਼ੌਜਾਂ ਨੇ ਉਹਦਾ ਡਟ ਕੇ ਟਾਕਰਾ ਕੀਤਾ। ਬਹੁਤ ਦੇਰ ਲੜਾਈ ਹੁੰਦੀ ਰਹੀ ਤੇ ਦੋਹਾਂ ਪਾਸਿਆਂ ਤੋਂ ਕਾਫ਼ੀ ਆਦਮੀ ਮਾਰੇ ਗਏ। ਅੰਤ ਸਿੱਖ ਸਰਦਾਰਾਂ ਨੇ ਅਜਿਹੇ ਜ਼ੋਰ ਦਾ ਹੱਲਾ ਕੀਤਾ ਕਿ ਅਬਦਾਲੀ ਦੀਆਂ ਫ਼ੌਜਾਂ ਵਿਚ ਭਾਂਜ ਪੈ ਗਈ। ਇਹ ਵੇਖ ਕੇ ਅਹਿਮਦ ਸ਼ਾਹ ਅਬਦਾਲੀ ਆਪ ਮੈਦਾਨ ਵਿਚ ਆਇਆ। ਇਕ ਘੋਰ ਜੁੱਧ ਹੋਇਆ, ਜਿਸ ਵਿਚ ਦੋਹਾਂ ਪਾਸਿਆਂ ਤੋਂ ਲਗ ਪਗ ਇਕ ਹਜ਼ਾਰ ਆਦਮੀ ਮਾਰੇ ਗਏ। ਇਸ ਜੁੱਧ ਵਿਚ ਹੀ ਜੱਸਾ ਸਿੰਘ ਆਹਲੂਵਾਲੀਆ ਵੀ ਫੱਟੜ ਹੋਇਆ ਤੇ ਉਹ ਰਾਏ ਕਲ੍ਹੋ ਦੇ ਕੋਟ ਵਲ ਚਲਾ ਗਿਆ। ਉਸ ਦੇ ਪਿੱਛੋਂ ਸਿੱਖਾਂ ਦੀ ਸਾਰੀ ਫ਼ੌਜ ਦੀ ਕਮਾਨ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਹੱਥ ਆਈ। ਉਸ ਨੇ ਇੰਨੀ ਦ੍ਰਿੜ੍ਹਤਾ ਤੇ ਬਹਾਦਰੀ ਨਾਲ ਇਹ ਜੰਗ ਜਾਰੀ ਰੱਖੀ ਕਿ ਅਬਦਾਲੀ ਦੀਆਂ ਫ਼ੌਜਾਂ ਵਿਚ ਉਸ ਦੀ ਧਾਕ ਪੈ ਗਈ। ਕੱਜ਼ਾਕ ਲੋਕਾਂ ਵਾਂਗ ਜੱਸਾ ਸਿੰਘ ਨੇ ਵੀ ਦਿਨ-ਰਾਤ ਘੋੜੇ ਦੀ ਪਿੱਠ ਉੱਤੇ ਕੱਟਣੀ ਸ਼ੁਰੂ ਕਰ ਦਿੱਤੀ,



Sri Satguru Jagjit Singh Ji eLibrary NamdhariElibrary@gmail.com

ਪਰੰਤੂ ਉਹ ਮੈਦਾਨ ਵਿਚ ਜੰਮ ਕੇ ਲੜਾਈ ਨਹੀਂ ਸੀ ਕਰਦਾ। ਉਸ ਦੇ ਇਸ ਅਨੋਖੇ ਢੰਗ ਨੇ ਅਹਿਮਦ ਸ਼ਾਹ ਨੂੰ ਪਰੇਸ਼ਾਨ ਤੇ ਜਿੱਚ ਕੀਤਾ। ਅੰਤ ਅਹਿਮਦ ਸ਼ਾਹ ਨੇ ਵੱਟ ਖਾ ਕੇ ਜੱਸਾ ਸਿੰਘ ਨੂੰ ਘੇਰੇ ਵਿਚ ਲੈਣ ਦਾ ਜਤਨ ਕੀਤਾ। ਅਬਦਾਲੀ ਨੂੰ ਉਸ ਦੇ ਸੂੰਹੀਆਂ ਨੇ ਖ਼ਬਰ ਦਿੱਤੀ ਕਿ ਜੱਸਾ ਸਿੰਘ ਨਾਹਨ ਰਿਆਸਤ ਦੇ ਇਕ ਪਿੰਡ ਆਇਆ ਨਗਰ ਵਲ ਚਲਿਆ ਗਿਆ ਸੀ। ਸੋ ਉਸ ਨੇ ਆਪਣੀਆਂ ਫ਼ੌਜਾਂ ਨੂੰ ਉਹਦਾ ਪਿੱਛਾ ਕਰਨ ਲਈ ਭੇਜ ਦਿੱਤਾ। ਜੱਸਾ ਸਿੰਘ ਨੇ ਇਨ੍ਹਾਂ ਪਹਾੜੀਆਂ ਵਿਚ ਵੀ ਖ਼ੂਬ ਡਟ ਕੇ ਅਫ਼ਗ਼ਾਨ ਫ਼ੌਜਾਂ ਦਾ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਬੜਾ ਨੁਕਸਾਨ ਪਹੁੰਚਾਇਆ। ਅੰਤ ਇਨ੍ਹਾਂ ਨਿਤ ਨਿਤ ਦੀਆਂ ਮੁਹਿੰਮਾਂ ਤੋਂ ਤੰਗ ਆ ਕੇ ਅਬਦਾਲੀ ਨੂੰ ਪਿੱਛੇ ਹਟਣਾ ਪਿਆ। ਅਹਿਮਦ ਸ਼ਾਹ ਦੇ ਵਿਰੁੱਧ ਇਸ ਸ਼ਾਨਦਾਰ ਜਿੱਤ ਦਾ ਸਦਕਾ ਸ: ਜੱਸਾ ਸਿੰਘ ਰਾਮਗੜ੍ਹੀਏ ਦਾ ਨਾਂ ਸਾਰੇ ਭਾਰਤ ਵਿਚ ਮਸ਼ਹੂਰ ਹੋ ਗਿਆ ਤੇ ਉਸ ਨੂੰ ਅਠਾਰ੍ਹਵੀਂ ਸਦੀ ਦੇ ਤਿੰਨ ਉੱਘੇ ਸਰਦਾਰਾਂ ਵਿਚੋਂ ਗਿਣਿਆ ਜਾਣ ਲੱਗਾ* ।

ਪੰਜਾਬ ਵਿਚ ਸਿੱਖਾਂ ਦੀ ਸ਼ਕਤੀ ਨੂੰ ਅਨਭਵ ਕਰ ਕੇ ਅਬਦਾਲੀ ਨੇ ਉਨ੍ਹਾਂ ਨਾਲ ਸ਼ਾਂਤਮਈ ਸਮਝੌਤਾ ਕਰਨ ਦੀ ਇੱਛਾ ਪਰਗਟ ਕੀਤੀ, ਪਰੰਤੂ ਸਿੱਖਾਂ ਨੇ ਉਸ ਦੀ ਵਿਰੋਧਤਾ ਜਾਰੀ ਰੱਖੀ ਅਤੇ ਸਮਝੌਤਾ ਕਰਨ ਦੀ ਪੇਸ਼ਕਸ਼ ਠੁਕਰਾ ਦਿੱਤੀ। ਸੋ ਮੁਗ਼ਲ ਸਾਮਰਾਜ ਨੂੰ ਖ਼ਤਮ ਕਰਨ ਵਾਲਾ ਤੇ ਮਰਹੱਟਿਆਂ ਦੇ ਵਿਰੁੱਧ ਜਿੱਤ ਪਰਾਪਤ ਕਰਨ ਵਾਲਾ, ਪਾਨੀ-ਪਤ ਦਾ ਜੋਧਾ, ਸਿੱਖਾਂ ਦੀ ਹਥਿਆਰ-ਬੰਦ ਕੌਮ ਦੀ ਅਜਿੱਤ ਦਲੇਰੀ ਤੇ ਅਰੁੱਕ ਇੱਛਾ-ਸ਼ਕਤੀ ਦੇ ਸਾਹਮਣੇ ਬੇਬਸ ਹੋ ਗਿਆ। ਇਸ ਵਾਰੀ ਉਸ ਦੇ ਚਲੇ ਜਾਣ ਪਿੱਛੋਂ ਸਿੱਖਾਂ ਦੇ ਵਖ ਵਖ ਜੱਥਿਆਂ ਜਾਂ ਮਿਸਲਾਂ ਨੇ ਪੰਜਾਬ ਦੇ ਵਖ ਵਖ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਤੇ ਇਸ ਤਰ੍ਹਾਂ ਪੰਜਾਬ ਦੇ ਮਾਲਕ ਬਣ ਗਏ।

---

*ਸਾਰਦੇਸਾਈ : ਨਿਊ ਹਿਸਟਰੀ ਔਫ ਦੀ ਮਰਾਠਾਜ II, ਪੰਨਾ ੩੯੮।

ਦੂਜੇ ਦੋ ਸਿੱਖ ਸਰਦਾਰ ਸਨ : ਸ: ਜੱਸਾ ਸਿੰਘ ਆਹਲੂਵਾਲੀਆ ਤੇ ਮਹਾਰਾਜਾ ਆਲਾ ਸਿੰਘ ਪਟਿਆਲੇ ਵਾਲਾ।



Sri Satguru Jagjit Singh Ji eLibrary NamdhariElibrary@gmail.com

## ੫

# ਰਾਜ-ਭਾਗ

## ਇਲਾਕਿਆਂ ਪੁਰ ਕਬਜ਼ਾ

## (੧੭੬੭-੧੭੭੪)

ਮੀਰ ਮਨੂੰ ਦੀ ਮੌਤ ਨੇ ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਇਕ ਸੁਭਾਗ ਅਵਸਰ ਦਿੱਤਾ ਸੀ ਤੇ ਉਹ ਉਸੇ ਵੇਲੇ ਤੋਂ ਹੀ ਢਹਿੰਦੀ ਜਾ ਰਹੀ ਮੁਗ਼ਲੀਆ ਹਕੂਮਤ ਦੇ ਖੰਡਰਾਂ ਉੱਤੇ ਆਪਣੀ ਬਾਦਸ਼ਾਹੀ ਦੇ ਮਹਿਲ ਉਸਾਰਨ ਦੇ ਸੁਪਨੇ ਲੈਣ ਲਗ ਪਏ ਸਨ*। ਕਈ ਸਿੱਖ ਸਰਦਾਰਾਂ ਨੇ ਤਾਂ ਮੁਗ਼ਲਾਣੀ ਬੇਗਮ ਦੇ ਸਮੇਂ ਹੀ ਕਈ ਇਲਾਕੇ ਆਪਣੇ ਪ੍ਰਭਾਵ ਹੇਠ ਕਰ ਲਏ ਸਨ ਤੇ ਕਈਆਂ ਉੱਤੇ ਆਪਣਾ ਸਿੱਕਾ ਜਮਾਇਆ ਸੀ, ਪਰੰਤੂ ਛੇਤੀ ਪਿੱਛੋਂ ਹੀ ਉਨ੍ਹਾਂ ਨੂੰ ਅਹਿਮਦ ਸ਼ਾਹ ਅਬਦਾਲੀ ਵਰਗੇ ਬਲਵਾਨ ਦੁਸ਼ਮਣ ਦਾ ਟਾਕਰਾ ਕਰਨਾ ਪਿਆ। ਦਸ ਸਾਲ ਤਕ ਉਹ ਕਦੀ ਅਬਦਾਲੀ ਤੇ ਕਦੀ ਅਦੀਨਾ ਬੇਗ ਨਾਲ, ਜੋ ਮਰਹੱਟਿਆਂ ਵੱਲੋਂ ਪੰਜਾਬ ਦਾ ਹਾਕਮ ਨੀਅਤ ਹੋਇਆ ਸੀ, ਟੱਕਰ ਲੈਂਦੇ ਰਹੇ ਤੇ ਕਿਸੇ ਥਾਂ ਆਪਣੇ ਪੱਕੇ ਪੈਰ ਨਾ ਜਮਾ ਸਕੇ।

ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹ ਕਿਲ੍ਹੇ ਦਾ ਕਿਲ੍ਹੇਦਾਰ ਸੀ, ਤਾਂ ਉਸ ਨੇ ਵੀ ਜੈ ਸਿੰਘ ਕੰਨ੍ਹਈਏ ਨਾਲ ਮਿਲ ਕੇ ਬਟਾਲੇ ਦੇ ਨੇੜੇ ਤੇ ਅੰਮ੍ਰਿਤਸਰ ਦੇ ਉੱਤਰ ਵਲ ਦੇ ਕੁਝ ਇਲਾਕਿਆਂ ਨੂੰ ਆਪਣੇ ਅਧੀਨ ਕਰ ਲਿਆ ਸੀ†, ਪਰ ਅਦੀਨਾ ਬੇਗ ਨੇ ਪੰਜਾਬ ਦਾ ਗਵਰਨਰ ਬਣਦੇ ਸਾਰ ਉਸ ਪਾਸੋਂ ਇਹ ਇਲਾਕੇ ਖੋਹ ਲਏ। ਅਦੀਨਾ ਬੇਗ ਵਧੇਰੇ ਚਿਰ ਪੰਜਾਬ ਉੱਤੇ ਰਾਜ ਨਾ ਕਰ ਸਕਿਆ ਤੇ ੧੭੫੮

---

*ਗੁਪਤਾ ਹਿਸਟਰੀ ਔਫ਼ ਦੀ ਸਿਖਸ I, ਪੰਨਾ ੯੪।

†ਅਹਿਮਦ ਸ਼ਾਹ ਬਟਾਲੀਆ : ਤਾਰੀਖ਼-ਇ-ਹਿੰਦ, ਪੰਨਾ ੨੩੭



Sri Satguru Jagjit Singh Ji eLibrary NamdhariElibrary@gmail.com

ਈਸਵੀ ਵਿਚ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਪਿੱਛੋਂ ਫਿਰ ਪੰਜਾਬ ਵਿਚ ਰਾਜ-ਰੌਲਾ ਪੈ ਗਿਆ। ਅਬਦਾਲੀ ਦੀ ਆਮਦ ਨੇ ਹਕੂਮਤ ਮੁਗ਼ਲਾਂ ਪਾਸੋਂ ਖੋਹ ਕੇ ਪਠਾਣਾਂ ਦੇ ਸਪੁਰਦ ਕਰ ਦਿੱਤੀ, ਪਰ ਸਿੱਖਾਂ ਨੇ ਉਹਦੇ ਨਾਲ ਬੜੀ ਕਾਮਯਾਬ ਟੱਕਰ ਲਈ। ਉਨ੍ਹਾਂ ਨੇ ੧੭੬੨ ਵਿਚ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਂ ਨੂੰ ਮਾਰ ਕੇ ਬੜੀ ਭਾਰੀ ਜਿੱਤ ਪਰਾਪਤ ਕੀਤੀ ਅਤੇ ਇਸ ਤੋਂ ਬਾਅਦ ਸਰਦਾਰ ਚੜ੍ਹਤ ਸਿੰਘ ਸੁਕਰਚੱਕੀਏ* ਦੀ ਅਗਵਾਈ ਹੇਠ ਲਾਹੌਰ ਦੇ ਹਾਕਮ ਖ਼ਵਾਜਾ ਉਬੇਦ ਪਾਸੋਂ ਵੀ ਈਨ ਮੰਨਵਾ ਲਈ।

ਸਰਹਿੰਦ ਦੀ ਜਿੱਤ, ਜ਼ੈਨ ਖ਼ਾਂ ਦੀ ਮੌਤ ਤੇ ਖ਼ਵਾਜਾ ਉਬੇਦ ਦੀ ਹਾਰ ਨੇ ਹੋਰ ਸਿੱਖ ਸਰਦਾਰਾਂ ਦੇ ਨਾਲ ਜੱਸਾ ਸਿੰਘ ਦੀ ਤਾਕਤ ਵਧਾਉਣ ਵਿਚ ਵੀ ਬਹੁਤ ਸਹਾਇਤਾ ਕੀਤੀ ਤੇ ਉਸ ਨੇ ਵੀ ੧੭੬੭ ਤੋਂ ਪਿੱਛੋਂ ਕਈ ਇਲਾਕਿਆਂ ਉੱਤੇ ਪੱਕੇ ਤੌਰ ਤੇ ਕਬਜ਼ਾ ਕਰ ਲਿਆ†।

---

*ਚੜ੍ਹਤ ਸਿੰਘ ਸੁਕਰਚੱਕੀਆ ਮਿਸਲ ਦਾ ਮੋਢੀ ਤੇ ਮਹਾਰਾਜਾ ਰਣਜੀਤ ਸਿੰਘ ਦਾ ਦਾਦਾ ਸੀ। ਉਸ ਨੂੰ ਇਕ ਸਧਾਰਨ ਜੱਥੇਦਾਰ ਤੋਂ, ਇਕ ਸਭ ਤੋਂ ਵਧ ਬਲਵਾਨ ਮਿਸਲ ਦਾ ਬਾਨੀ ਬਣਨ ਦਾ ਮਾਣ ਪਰਾਪਤ ਹੋਇਆ। ੧੭੬੨ ਤਕ ਚੜ੍ਹਤ ਸਿੰਘ ਇੰਨਾ ਸ਼ਕਤੀ-ਸ਼ਾਲੀ ਹੋ ਗਿਆ ਸੀ ਕਿ ਉਸ ਨੇ ਇਕ ਘੋਰ ਜੁੱਧ ਵਿਚ ਬੜੀ ਸਫ਼ਲਤਾ ਨਾਲ ਖ਼ਵਾਜਾ ਉਬੇਦ ਨੂੰ ਹਾਰ ਦਿੱਤੀ। ਵੱਡੇ ਘੱਲੂਘਾਰੇ ਵਿਚ ਅਤ ਦੀ ਦ੍ਰਿੜ੍ਹਤਾ ਵਿਖਾਉਣ ਦੇ ਕਾਰਨ ਉਹ ਸਿੱਖਾਂ ਵਿਚ ਬਹੁਤ ਹਰ-ਮਨ-ਪਿਆਰਾ ਹੋ ਗਿਆ। ਕਿਹਾ ਜਾਂਦਾ ਹੈ ਕਿ ਜੋ ਸਿੱਖ ਕੁੱਪ ਦੀ ਲੜਾਈ ਵਿਚ ਸ਼ਹੀਦ ਹੋਏ ਸਨ, ਉਨ੍ਹਾਂ ਨੇ ਇਸ ਨੂੰ ਕਈ ਵਰ ਦਿੱਤੇ ਸਨ, ਜਿਨ੍ਹਾਂ ਦਾ ਸਦਕਾ ਇਸ ਦੇ ਘਰਾਣੇ ਨੂੰ ਰਾਜ ਪਰਾਪਤ ਹੋਇਆ। ਉਸ ਦੇ ਜਿੱਤੇ ਹੋਏ ਇਲਾਕੇ ਗੁਜਰਾਂਵਾਲੇ ਤੋਂ ਜਿਹਲਮ ਦੇ ਨੇੜੇ ਰੁਹਤਾਸ ਤਕ ਫੈਲੇ ਹੋਏ ਸਨ। [ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ਪੰਨਾ ੩੬-੩੭।

[ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੪੯-੫੦।

†ਰੋਜ਼ : ਗਲਾਸਰੀ ਔਫ਼ ਕਾਸਟਸ ਐਂਡ ਟਰਾਈਬਜ਼ ਇਨ ਦੀ ਪੰਜਾਬ ਐਂਡ ਐੱਨ. ਡਬਲਯੂ. ਐੱਫ਼. ਪੀ. I, ਪੰਨਾ ੭੦੩।



Sri Satguru Jagjit Singh Ji eLibrary NamdhariElibrary@gmail.com

ਸਭ ਤੋਂ ਪਹਿਲਾਂ ਉਸ ਨੇ ਬਟਾਲਾ, ਕਲਾਨੌਰ, ਦੀਨਾ ਨਗਰ, ਸ੍ਰੀ ਹਰ ਗੋਬਿੰਦਪੁਰ, ਸ਼ਾਹਪੁਰ ਕੰਢੀ, ਕਾਦੀਆਂ ਅਤੇ ਘੁਮਿਣ ਉੱਪਰ ਆਪਣਾ ਅਧਿਕਾਰ ਜਮਾਇਆ* । ਇਨ੍ਹਾਂ ਤੋਂ ਛੁਟ ਉਸ ਨੇ ਵਰਤਮਾਨ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲਿਆਂ ਦੇ ਕਈ ਹੋਰ ਪਿੰਡ ਵੀ ਹੱਥਿਆ ਲਏ। ਇਨ੍ਹਾਂ ਇਲਾਕਿਆਂ ਤੋਂ ਜੱਸਾ ਸਿੰਘ ਨੂੰ ਛੇ ਤੋਂ ਲੈ ਕੇ ਦਸ ਲਖ ਰੁਪਏ ਤਕ ਦੀ ਸਾਲਾਨਾ ਆਮਦਨ ਹੁੰਦੀ ਸੀ । ਇਸ ਆਮਦਨੀ ਨੇ ਰਾਮਗੜ੍ਹੀਏ ਸਰਦਾਰ ਨੂੰ ਹੋਰ ਵੀ ਬਲਵਾਨ ਬਣਾ ਦਿੱਤਾ ਤੇ ਹੁਣ ਉਸ ਦਾ ਨਾਂ ਪੰਜਾਬ ਦੇ ਉੱਘੇ ਸਿੱਖ ਸਰਦਾਰਾਂ ਵਿਚ ਗਿਣਿਆ ਜਾਣ ਲੱਗਾ। ਇਸ ਨਾਲ ਉਸ ਦਾ ਹੋਰ ਮੱਲਾਂ ਮਾਰਨ ਦਾ ਉਤਸ਼ਾਹ ਦੂਣਾ ਚੌਣਾ ਹੋ ਗਿਆ† ।

ਇਸ ਤੋਂ ਝਟ ਪਿੱਛੋਂ ਜੱਸਾ ਸਿੰਘ ਨੇ ਵਰਤਮਾਨ ਹੁਸ਼ਿਆਰਪੁਰ ਜ਼ਿਲੇ ਦੇ ਨਾਲ ਲਗਦੇ ਇਲਾਕਿਆਂ ਵਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ । ਛੇਤੀ ਹੀ ਮਨੀਵਾਲ, ਉੜਮੁੜ ਟਾਂਡਾ, ਸਰਹੀਂ, ਮਿਗੋਵਾਲ, ਮਿਆਣੀ, ਦੀਪਾਲਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦ ਇਲਾਕੇ ਉਸ ਨੇ ਆਪਣੇ ਅਧੀਨ ਕਰ ਲਏ। ਅਦੀਨਾ ਬੇਗ ਕੋਲ ਨੌਕਰੀ ਦੇ ਸਮੇਂ ਇਹ ਇਲਾਕੇ ਜੱਸਾ ਸਿੰਘ ਦੀ ਜਾਗੀਰ ਵਿਚ ਸਨ ਤੇ ਉਸ ਨੇ ਇਨ੍ਹਾਂ ਦਾ ਪਰਬੰਧ ਬੜੀ ਯੋਗਤਾ ਨਾਲ ਕਰ ਕੇ ਲੋਕਾਂ ਨੂੰ ਸੁੱਖ ਤੇ ਸ਼ਾਂਤੀ ਦਿੱਤੀ

---

*ਜੱਸਾ ਸਿੰਘ ਨੇ ਜਿਸ ਇਲਾਕੇ ਉੱਤੇ ਕਬਜ਼ਾ ਕੀਤਾ, ਉਸ ਨੂੰ ਰਿਆੜਕੀ ਕਰਕੇ ਸੱਦਿਆ ਜਾਂਦਾ ਹੈ ਤੇ ਇਹ ਇਲਾਕਾ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿੱਚੋਂ ਸਭ ਤੋਂ ਉਪਜਾਊ ਇਲਾਕਾ ਹੈ ।
[ਗੁਰਦਾਸ ਪੁਰ ਗਜ਼ਟੀਅਰ, ਪੰਨਾ ੧੯ ।

†ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੧੦ ।
ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ਪੰਨਾ ੩੦੭-੦੮ ।
ਤਾਰੀਖ਼-ਇ-ਪਟਿਆਲਾ, ੬੮ ।
ਨਾਰੰਗ : ਟ੍ਰਾਂਸਫ਼ਰਮੇਸ਼ਨ ਔਫ਼ ਸਿੱਖਇਜ਼ਮ, ਪੰਨਾ ੨੬੭ ।



Sri Satguru Jagjit Singh Ji eLibrary NamdhariElibrary@gmail.com

ਸੀ। ਸੋ ਜਨਤਾ ਵਿਚ ਹਰ-ਮਨ-ਪਿਆਰਾ ਹੋਣ ਕਰਕੇ ਉਸ ਨੂੰ ਇਨ੍ਹਾਂ ਇਲਾਕਿਆਂ ਉੱਤੇ ਕਬਜ਼ਾ ਕਰਨ ਵਿਚ ਕੋਈ ਮੁਸ਼ਕਲ ਪੇਸ਼ ਨਾ ਆਈ। ਇਹ ਇਲਾਕੇ ਉਸ ਦੇ ਕਬਜ਼ੇ ਵਿਚ ਆ ਜਾਣ ਦੇ ਕਾਰਨ ਜੱਸਾ ਸਿੰਘ ਦੀ ਆਮਦਨ ਦਸ ਲੱਖ ਰੁਪਏ ਸਾਲਾਨਾ ਹੋਰ ਵਧ ਗਈ*।

ਇਸ ਤੋਂ ਬਾਅਦ ਜੱਸਾ ਸਿੰਘ ਨੇ ਉੱਤਰ ਵਲ ਮੂੰਹ ਕੀਤਾ। ਇਸ ਦਾ ਕਾਰਨ ਇਹ ਸੀ ਕਿ ਉਸ ਦੇ ਇਲਾਕੇ ਦੇ ਦੱਖਣ ਵਲ ਉਸ ਦੇ ਮਿੱਤਰਾਂ, ਭੰਗੀ ਸਰਦਾਰਾਂ ਦੇ ਇਲਾਕੇ ਸਨ, ਤੇ ਉਨ੍ਹਾਂ ਨੂੰ ਸਭ ਸਿੱਖ ਮਿਸਲਾਂ ਵਿੱਚੋਂ ਵਧੇਰੇ ਬਲਵਾਨ ਹੋਣ ਦਾ ਮਾਣ ਪਰਾਪਤ ਸੀ। ਪੱਛਮ ਵਾਲੇ ਪਾਸੇ ਕੰਨ੍ਹਈਆ ਸਰਦਾਰ, ਰਾਮਗੜ੍ਹੀਆ ਸਰਦਾਰ ਦੀ ਵਧਦੀ ਤਾਕਤ ਨੂੰ ਵੇਖ ਕੇ ਖਾਰ ਖਾਂਦਾ ਸੀ। ਦੱਖਣ-ਪੂਰਬ ਵਾਲੇ ਪਾਸੇ ਆਹਲੂਵਾਲੀਆਂ ਦਾ ਅਧਿਕਾਰ ਸੀ। ਇਸ ਪਾਸੇ ਵਲ ਜੱਸਾ ਸਿੰਘ ਨੇ ਕੁਝ ਹੱਥ ਪੈਰ ਮਾਰਨ ਦਾ ਜਤਨ ਪਹਿਲਾਂ ਵੀ ਕੀਤਾ ਸੀ ਤੇ ਫਗਵਾੜੇ ਦੇ ਚੋਧਰੀਆਂ ਪਾਸੋਂ ਕਰ ਵੀ ਉਗਰਾਹ ਲਿਆ ਸੀ†। ਪਰੰਤੂ ਮਨਸਾ ਸਿੰਘ ਡੱਲੇਵਾਲੀਏ ਨਾਲ, ਜੋ ਗੜ੍ਹਦੀਵਾਲੇ ਦਾ ਮਾਲਕ ਸੀ, ਝਗੜਾ ਹੋ ਜਾਣ ਦੇ ਕਾਰਨ ਉਸ ਨੇ ਇਸ ਪਾਸੇ ਵਧਣ ਦਾ ਖ਼ਿਆਲ ਵੀ ਛਡ ਦਿਤਾ ਸੀ‡। ਸੋ ਜੱਸਾ ਸਿੰਘ ਲਈ ਹੁਣ ਉੱਤਰ ਵਲ ਦੇ ਪਹਾੜੀ ਇਲਾਕਿਆਂ ਵਲ ਵਧਣ ਤੋਂ ਛੁਟ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ। ਇਸ ਪਾਸੇ ਦੀ ਜਿੱਤ ਲਈ ਉਸ ਤੋਂ ਪਹਿਲਾਂ ਸਿੱਖਾਂ ਨੇ ਕਦੇ ਸੋਚਿਆ ਤਕ ਨਹੀਂ ਸੀ ਤੇ ਨਾ ਹੀ ਕਿਸੇ ਸਿੱਖ ਆਗੂ ਨੇ ਇਨ੍ਹਾਂ ਇਲਾਕਿਆਂ ਨੂੰ ਆਪਣੇ ਅਧੀਨ ਕਰਨ ਦਾ ਜਤਨ ਕੀਤਾ ਸੀ।

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭।
ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੧੦।

†ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭।

‡ਜਾਲੰਧਰ ਡਿਸਟ੍ਰਿਕਟ ਗਜ਼ਟੀਅਰ, ਪੰਨਾ ੩੨।



Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਨੇ ਸਭ ਤੋਂ ਪਹਿਲਾਂ ਕਾਂਗੜੇ ਦੀ ਰਿਆਸਤ* ਉੱਤੇ ਹੱਲਾ ਕਰਨ ਦਾ ਫ਼ੈਸਲਾ ਕੀਤਾ। ਇਹ ਰਿਆਸਤ ਪੰਜਾਬ ਦੀ ਇਕ ਉੱਘੀ ਤੇ ਪ੍ਰਾਚੀਨ ਰਿਆਸਤ ਸੀ। ਉਨ੍ਹੀਂ ਦਿਨੀਂ ਘੁਮੰਡ ਚੰਦ ਕਟੋਚ, ਜੋ ਅਹਿਮਦ ਸ਼ਾਹ ਅਬਦਾਲੀ ਵੱਲੋਂ ਜਲੰਧਰ ਦਾ ਫ਼ੌਜਦਾਰ ਵੀ ਰਹਿ ਚੁਕਾ ਸੀ, ਇਸ ਰਿਆਸਤ ਦਾ ਰਾਜਾ ਸੀ। ਸਿੱਖਾਂ ਨੇ ਪਹਿਲਾਂ ਹੀ ਉਸ ਨੂੰ ਜਲੰਧਰ ਦੀ ਫ਼ੌਜਦਾਰੀ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਜਦ ਜੱਸਾ ਸਿੰਘ ਨੇ ਕੋਟ ਕਾਂਗੜੇ ਪੁਰ ਹਮਲਾ ਕੀਤਾ, ਤਾਂ ਘੁਮੰਡ ਚੰਦ ਉਸ ਦੀ ਬਲਵਾਨ ਫ਼ੌਜ ਦੇ ਸਾਹਮਣੇ ਨਾ ਠਹਿਰ ਸਕਿਆ। ਉਸ ਨੇ ਚਾਰ ਹਜ਼ਾਰ ਰੁਪਿਆ ਸਾਲਾਨਾ ਕਰ ਦੇਣਾ ਪਰਵਾਨ ਕਰ ਕੇ ਜੱਸਾ ਸਿੰਘ ਦੀ ਪ੍ਰਮੁੱਖਤਾ ਮੰਨ ਲਈ। ੧੭੭੬ ਈਸਵੀ ਤਕ ਉਹ ਬਰਾਬਰ ਇਹ ਕਰ ਦੇਂਦਾ ਰਿਹਾ†।

---

*ਕਾਂਗੜਾ ਪੰਜਾਬ ਦੀਆਂ ਪਹਾੜੀ ਰਿਆਸਤਾਂ ਵਿੱਚੋਂ ਸਭ ਤੋਂ ਉੱਘੀ ਤੇ ਪ੍ਰਾਚੀਨ ਸੀ ਅਤੇ ਇਸ ਦੇ ਰਾਜੇ ਨੂੰ ਸਭ ਰਿਆਸਤਾਂ ਦਾ ਲੀਡਰ ਮੰਨਿਆ ਜਾਂਦਾ ਸੀ। ਇਸ ਦੇ ਰਾਜੇ ਆਪਣੇ ਆਪ ਨੂੰ 'ਚੰਦਰ ਬੰਸੀ' ਅਖਵਾਉਂਦੇ ਸਨ। ਪਹਾੜੀ ਇਲਾਕੇ ਵਿਚ ਹੋਣ ਕਰਕੇ ਇਹ ਰਿਆਸਤ ਬੜਾ ਚਿਰ ਪਠਾਣਾਂ ਤੇ ਮੁਗ਼ਲ ਬਾਦਸ਼ਾਹਾਂ ਦੇ ਹਮਲੇ ਤੋਂ ਬਚੀ ਰਹੀ। ਕਾਂਗੜੇ ਵਿਚ ਇਕ ਬੜਾ ਤਕੜਾ ਪਹਾੜੀ ਕਿਲ੍ਹਾ ਵੀ ਹੈ। ੧੫੫੬ ਵਿਚ ਇਹ ਕਿਲ੍ਹਾ ਮੁਗ਼ਲ ਬਾਦਸ਼ਾਹ ਅਕਬਰ ਨੇ ਫ਼ਤਹ ਕੀਤਾ ਸੀ, ਪਰੰਤੂ ਕਾਂਗੜੇ ਦੇ ਰਾਜੇ ਨੇ ਜਹਾਂਗੀਰ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ। ਜਹਾਂਗੀਰ ਨੇ ਇਸ ਨੂੰ ਮੁੜ ਕੇ ਫ਼ਤਹ ਕੀਤਾ। ਇਸ ਤੋਂ ਪਿੱਛੋਂ ਜੈ ਸਿੰਘ ਦੇ ਫ਼ਤਹ ਕਰਨ ਤਕ ਇਹ ਕਿਲ੍ਹਾ ਮੁਗ਼ਲਾਂ ਦੇ ਹੱਥ ਵਿਚ ਹੀ ਰਿਹਾ।

[ਹਚਿਨਸਨ : ਹਿਸਟਰੀ ਔਫ਼ ਪੰਜਾਬ ਹਿੱਲ ਸਟੇਟਸ I, ਪੰਨਾ ੯੮-੧੯੮।

†ਕਨਿੰਘਮ : ਹਿਸਟਰੀ ਔਫ ਦੀ ਸਿਖਸ, ਪੰਨਾ ੧੧੫।

ਲਤੀਫ : ਹਿਸਟਰੀ ਔਫ਼ ਦੀ ਪੰਜਾਬ, ਪੰਨਾ ੩੦੮।

ਹਚਿਨਸਨ : ਹਿਸਟਰੀ ਔਫ ਪੰਜਾਬ ਹਿੱਲ ਸਟੇਟਸ I, ਪੰਨਾ ੧੭੭।



Sri Satguru Jagjit Singh Ji eLibrary NamdhariElibrary@gmail.com

ਕਾਂਗੜੇ ਦੀ ਜਿੱਤ ਸਿੱਖ ਰਾਜ ਦੇ ਇਤਿਹਾਸ ਵਿਚ ਬੜੀ ਮਹਾਨਤਾ ਰਖਦੀ ਹੈ, ਕਿਉਂਜੁ ਇਸ ਜਿੱਤ ਨੇ ਪੰਜਾਬ ਦੀਆਂ ਬਾਕੀ ਪਹਾੜੀ ਰਿਆਸਤਾਂ ਦੀ ਜਿੱਤ ਲਈ ਸਿੱਖਾਂ ਦਾ ਰਾਹ ਸਾਫ਼ ਕਰ ਦਿੱਤਾ। ਇਸ ਜਿੱਤ ਨਾਲ ਜੱਸਾ ਸਿੰਘ ਦਾ ਰੁਹਬ ਬਹੁਤ ਵਧ ਗਿਆ ਤੇ ਬਾਕੀ ਰਿਆਸਤਾਂ ਉੱਤੇ ਆਪਣਾ ਅਧਿਕਾਰ ਜਮਾਣਾ ਉਹਦੇ ਲਈ ਬਹੁਤ ਸੌਖਾ ਹੋ ਗਿਆ; ਇਥੋਂ ਤਕ ਕਿ ਕਈ ਪਹਾੜੀ ਰਾਜਿਆਂ ਨੇ ਬਿਨਾਂ ਲੜਾਈ ਦੇ ਜੱਸਾ ਸਿੰਘ ਨੂੰ ਸਾਲਾਨਾ ਕਰ ਦੇ ਕੇ ਉਸ ਦੀ ਪ੍ਰਮੁੱਖਤਾ ਸਵੀਕਾਰ ਕਰਨ ਦਾ ਫ਼ੈਸਲਾ ਕਰ ਲਿਆ*।

ਇਕ ਪਹਾੜੀ ਰਿਆਸਤ ਨੂਰਪੁਰ† ਦੀ ਹੱਦ ਜੱਸਾ ਸਿੰਘ ਦੇ ਆਪਣੇ ਇਲਾਕਿਆਂ ਨਾਲ ਲਗਦੀ ਸੀ। ਉਸ ਦੇ ਰਾਜੇ ਪ੍ਰਿਥਵੀ ਸਿੰਘ ਨੇ ਛੇਤੀ ਹੀ ਇਹ ਪਰਤੀਤ ਕਰ ਲਿਆ ਕਿ ਉਹ ਜੱਸਾ ਸਿੰਘ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਸੋ ਉਸ ਨੇ ਕਾਂਗੜੇ ਦੇ ਰਾਜੇ ਵਾਂਗ ਰਾਮਗੜ੍ਹੀਏ ਸਰਦਾਰ ਦੀ ਪ੍ਰਮੁੱਖਤਾ ਮੰਨ ਲਈ ਤੇ ਸਾਲਾਨਾ ਕਰ ਦੇਣਾ ਵੀ ਪਰਵਾਨ ਕਰ ਲਿਆ।

ਕਾਂਗੜੇ ਤੋਂ ਉੱਤਰ ਵਲ ਪੰਜਾਬ ਦੀ ਇਕ ਹੋਰ ਉੱਘੀ ਪਹਾੜੀ ਰਿਆਸਤ ਚੰਬਾ‡ ਸੀ। ਜਿਸ ਵੇਲੇ ਜੱਸਾ ਸਿੰਘ ਨੇ ਇਸ ਰਿਆਸਤ

---

*ਜਨਰਲ ਔਫ ਦੀ ਪੰਜਾਬ ਯੂਨੀਵਰਸਿਟੀ ਹਿਸਟਾਰੀਕਲ ਸੁਸਾਇਟੀ ਅਪਰੈਲ ੧੯੩੯, ਪੰਨਾ ੩੯।

†ਨੂਰਪੁਰ ਰਿਆਸਤ ਵਿਚ ਵਰਤਮਾਨ ਨੂਰਪੁਰ ਤਹਿਸੀਲ ਜ਼ਿਲਾ ਕਾਂਗੜਾ ਪਠਾਨਕੋਟ ਅਤੇ ਸ਼ਾਹਪੁਰ ਕੰਢੀ ਜ਼ਿਲਾ ਗੁਰਦਾਸਪੁਰ ਸ਼ਾਮਲ ਸਨ। ਇਸ ਦੀ ਨੀਂਹ ੧੦੦੦ ਈਸਵੀ ਵਿਚ ਜਹੋਂਤ ਮਲ ਨੇ ਰਖੀ।

‡ਚੰਬਾ ਭਾਰਤ ਦੀਆਂ ਸਭ ਤੋਂ ਪ੍ਰਾਚੀਨ ਰਿਆਸਤਾਂ ਵਿੱਚੋਂ ਇਕ ਸੀ। ਇਸ ਦੀ ਨੀਂਹ ੫੫੦ ਈਸਵੀ ਦੇ ਲਗਪਗ ਰੱਖੀ ਗਈ ਸੀ ਤੇ ਇਸ ਪਰ ਰਾਜਪੂਤ ਰਾਜੇ ਰਾਜ ਕਰਦੇ ਸਨ।

[ਹੰਟਰ : ਇੰਪੀਰੀਅਲ ਗਜ਼ਟੀਅਰ ਔਫ਼ ਇੰਡੀਆ, ਜਿਲਦ II, ਪੰਨਾ ੩੭੧-੭੨



Sri Satguru Jagjit Singh Ji eLibrary NamdhariElibrary@gmail.com

ਉੱਤੇ ਹਮਲਾ ਕੀਤਾ, ਓਦੋਂ ਉੱਥੇ ਇਕ ਨਬਾਲਗ ਰਾਜਾ ਰਾਜ ਸਿੰਘ ਦੀ ਹਕੂਮਤ ਸੀ। ਉਸ ਨੇ ਵੀ ਟਾਕਰਾ ਕਰਨ ਤੋਂ ਬਿਨਾਂ ਹੀ ਜੱਸਾ ਸਿੰਘ ਦੀ ਪ੍ਰਮੁੱਖਤਾ ਮੰਨ ਕੇ ਸਾਲਾਨਾ ਕਰ ਦੇਣਾ ਪਰਵਾਨ ਕਰ ਲਿਆ।

ਇਨ੍ਹਾਂ ਪਹਾੜੀ ਰਿਆਸਤਾਂ ਤੋਂ ਛੁੱਟ ਜੱਸਾ ਸਿੰਘ ਨੇ ਹੋਰ ਕਈ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਵੀ ਆਪਣੇ ਅਧੀਨ ਕਰ ਲਿਆ। ਇਨ੍ਹਾਂ ਵਿੱਚੋਂ ਜਸਵਾਂ, ਦੀਪਾਲਪੁਰ, ਅਨਾਰਪੁਰ, ਹਰੀਪੁਰ, ਦਾਤਾਰਪੁਰ ਤੇ ਜੇਠੇਵਾਲ ਦੇ ਨਾਂ ਵਿਸ਼ੇਸ਼ ਕਰਕੇ ਵਰਣਨ ਯੋਗ ਹਨ*। ਜੱਸਾ ਸਿੰਘ ਨੂੰ ਇਨ੍ਹਾਂ ਸਭ ਰਿਆਸਤਾਂ ਵੱਲੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ। ਇਨ੍ਹਾਂ ਜਿੱਤਾਂ ਨਾਲ ਉਸ ਦੇ ਰਾਜ ਦੀਆਂ ਹੱਦਾਂ ਦੂਰ ਦੂਰ ਤਕ ਵਧ ਗਈਆਂ। ਬਿਆਸ ਅਤੇ ਰਾਵੀ ਦੇ ਵਿਚਕਾਰ ਦਾ ਸਾਰਾ ਪਹਾੜੀ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਉਸ ਦੇ ਰਾਜ ਵਿਚ ਸ਼ਾਮਲ ਸੀ†।

ਪਹਾੜੀ ਇਲਾਕੇ ਦੀ ਜਿੱਤ ਤੋਂ ਬਾਅਦ ਜੱਸਾ ਸਿੰਘ ਨੇ ਆਪਣਾ ਧਿਆਨ ਆਪਣੇ ਇਲਾਕਿਆਂ ਨੂੰ ਸੰਗਠਤ ਕਰਨ ਵਲ ਮੋੜਿਆ। ਉਸ ਨੇ ਇਨ੍ਹਾਂ ਸਭ ਖਿੰਡੇ ਹੋਏ ਇਲਾਕਿਆਂ ਉੱਤੇ ਇਕ ਪੱਕਾ ਕੇਂਦਰੀ ਰਾਜ-ਪਰਬੰਧ ਕਾਇਮ ਕਰਨ ਲਈ ਇਕ ਸੁਲਝੀ ਹੋਈ ਸਕੀਮ ਬਣਾਈ। ਪਰਬੰਧਕੀ ਸਹੂਲਤ ਦੀ ਖ਼ਾਤਰ ਉਸ ਨੇ ਬਟਾਲਾ ਆਪਣੇ ਭਰਾ ਮਾਲੀ ਸਿੰਘ ਦੇ ਅਤੇ ਕਲਾਨੌਰ ਆਪਣੇ ਦੂਜੇ ਭਰਾ ਤਾਰਾ ਸਿੰਘ ਦੇ ਸਪੁਰਦ ਕਰ ਦਿੱਤਾ। ਉਸ ਦੇ ਰਾਜ ਦੇ ਮੁਢਲੇ ਦਿਨਾਂ ਵਿਚ ਕਿਲ੍ਹਾ ਰਾਮਗੜ੍ਹ ਹੀ ਉਸ ਦੀ ਰਾਜਧਾਨੀ ਸੀ। ਪਰੰਤੂ ਰਾਜ ਦੀਆਂ ਹੱਦਾਂ ਵਧ ਜਾਣ ਦੇ ਕਾਰਨ ਹੁਣ ਇਹ ਕੇਂਦਰੀ ਅਸਥਾਨ ਨਹੀਂ ਰਹਿ ਗਿਆ ਸੀ। ਇਸ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭
ਇਹ ਸਭ ਰਿਆਸਤਾਂ ਹੁਣ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਹਨ।

†ਗਿਆਨ ਸਿੰਘ : ਰਾਜ ਖ਼ਾਲਸਾ, ਸਫ਼ਾ ੧੦।
ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭।



Sri Satguru Jagjit Singh Ji eLibrary NamdhariElibrary@gmail.com

ਤੋਂ ਛੁਟ ਅੰਮ੍ਰਿਤਸਰ ਸ਼ਹਿਰ ਵਿਚ ਹੁਣ ਹੋਰ ਕਈ ਸਿੱਖ ਸਰਦਾਰਾਂ ਦੇ ਹਿੱਸੇ ਹੋ ਗਏ ਸਨ, ਇਸ ਲਈ ਰਾਜਧਾਨੀ ਦੀ ਤਬਦੀਲੀ ਜ਼ਰੂਰੀ ਸਮਝੀ ਗਈ। ਸੋ ਜੱਸਾ ਸਿੰਘ ਨੇ ਡੂੰਘੀ ਸੋਚ-ਵਿਚਾਰ ਤੋਂ ਬਾਅਦ ਰਾਮ ਗੜ੍ਹ ਦੇ ਥਾਂ ਸ੍ਰੀ ਹਰਿਗੋਬਿੰਦ ਪੁਰ* ਨੂੰ ਆਪਣੀ ਰਾਜਧਾਨੀ ਬਣਾਇਆ। ਇਹ ਸ਼ਹਿਰ ਉਸ ਦੇ ਜਿੱਤੇ ਹੋਏ ਇਲਾਕਿਆਂ ਦੇ ਐਨ ਕੇਂਦਰ ਵਿਚ ਸੀ।

ਪਹਾੜੀ ਇਲਾਕਿਆਂ ਵਿਚ ਪੱਕਾ ਪਰਬੰਧ ਰੱਖਣ ਦੀ ਖ਼ਾਤਰ ਉਸ ਨੇ ਕਿਲ੍ਹੇ ਉਸਾਰਨ ਦੀ ਨੀਤੀ ਨੂੰ ਵਰਤੋਂ ਵਿਚ ਲਿਆਂਦਾ। ਉਸ ਨੇ ਮਹਿਸੂਸ ਕੀਤਾ ਕਿ ਜਿਨ੍ਹਾਂ ਪਹਾੜੀ ਰਾਜਿਆਂ ਨੇ ਉਸ ਦੀ ਅਧੀਨਗੀ ਪਰਵਾਨ ਕਰ ਲਈ ਸੀ, ਉਨ੍ਹਾਂ ਦੇ ਉੱਤੇ ਕਰੜੀ ਨਜ਼ਰ ਰੱਖਣ ਦੀ ਲੋੜ ਸੀ, ਤਾਂ ਜੁ ਉਨ੍ਹਾਂ ਵਿਚੋਂ ਕੋਈ ਵੀ ਕਿਸੇ ਸਮੇਂ ਬਗ਼ਾਵਤ ਨਾ ਕਰ ਸਕੇ। ਸੋ ਪਹਾੜੀ ਰਿਆਸਤਾਂ ਵਿਚ ਆਪਣੀ ਪ੍ਰਮੁੱਖਤਾ ਨੂੰ ਕਾਇਮ ਰੱਖਣ ਲਈ ਜੱਸਾ ਸਿੰਘ ਨੇ ਬਿਆਸ ਦੇ ਕੰਢੇ ਉੱਤੇ ਤਲਵਾੜਾ† ਨਗਰ ਵਿਚ

---

*ਸ੍ਰੀ ਹਰਿਗੋਬਿੰਦ ਪੁਰ ਬਿਆਸ ਨਦੀ ਦੇ ਕੰਢੇ ਉੱਤੇ ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ ਦਾ ਇਕ ਉੱਘਾ ਨਗਰ ਹੈ। ਇਸ ਨੂੰ ੧੫੮੭ ਈਸਵੀ ਵਿਚ ਗੁਰੂ ਅਰਜਨ ਸਾਹਿਬ ਨੇ ਆਪਣੇ ਸਾਹਿਬਜ਼ਾਦੇ ਹਰਿਗੋਬਿੰਦ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਵਸਾਇਆ ਸੀ। ਇਸ ਲਈ ਇਹ ਸਿੱਖਾਂ ਵਾਸਤੇ ਇਕ ਧਾਰਮਕ ਮਹੱਤਤਾ ਵਾਲਾ ਅਸਥਾਨ ਸੀ। ਜਾਪਦਾ ਹੈ ਕਿ ਸ੍ਰੀ ਹਰਿਗੋਬਿੰਦਪੁਰ ਦੀ ਧਾਰਮਕ ਮਹਾਨਤਾ ਨੇ ਵੀ ਜੱਸਾ ਸਿੰਘ ਨੂੰ ਇਸ ਨਗਰ ਦੀ ਚੋਣ ਕਰਨ ਲਈ ਪਰੇਰਿਆ ਹੋਵੇਗਾ।

ਕਾਹਨ ਸਿੰਘ : ਗੁਰ ਸ਼ਬਦ ਰਤਨਾਕਰ, I, ਪੰਨਾ ੭੫੦।

ਡੇਵੀਚ ਰਾਸ : ਲੈਂਡ ਆਫ਼ ਦਿ ਫ਼ਾਈਵ ਰਿਵਰਜ਼, ਪੰਨਾ ੨੦੩।

†ਤਲਵਾੜਾ ਪਿੰਡ ਕਿਲ੍ਹਾ ਬਣਾਉਣ ਲਈ ਸਭ ਤੋਂ ਚੰਗਾ ਥਾਂ ਸੀ। ਬਿਆਸ ਦੇ ਕੰਢੇ ਉੱਤੇ ਹੋਣ ਦੇ ਕਾਰਨ ਇਸ ਦਾ ਬੱਲ ਤੇ ਮਹਾਨਤਾ ਹੋਰ ਵੀ ਵਧ ਜਾਂਦੀ ਸੀ। ਇਸ ਤੋਂ ਛੁਟ ਇਹ ਪਹਾੜੀ ਰਿਆਸਤਾਂ ਦੇ ਬਹੁਤ ਨੇੜੇ ਸੀ। ਅਜ ਕਲ੍ਹ ਇਹ ਪਿੰਡ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਹੈ।



Sri Satguru Jagjit Singh Ji eLibrary NamdhariElibrary@gmail.com

ਇਕ ਕਿਲ੍ਹਾ ਉਸਾਰਿਆ। ਇਸ ਕਿਲ੍ਹੇ ਵਿਚ ਮਾਲੀ ਸਿੰਘ ਦੀ ਕਮਾਨ ਹੇਠ ਹਰ ਵੇਲੇ ਚਾਰ ਹਜ਼ਾਰ ਸਵਾਰ ਮੌਜੂਦ ਰਹਿੰਦੇ ਸਨ*।

ਭੂਗੋਲਕ ਕਾਰਨਾਂ ਕਰਕੇ ਜੱਸਾ ਸਿੰਘ ਨੇ ਇਨ੍ਹਾਂ ਪਹਾੜੀ ਰਿਆਸਤਾਂ ਨੂੰ ਆਪਣੇ ਸਿੱਧੇ ਪਰਬੰਧ ਹੇਠ ਲਿਆਉਣ ਤੋਂ ਸੰਕੋਚ ਕੀਤਾ। ਉਹ ਜਾਣਦਾ ਸੀ ਕਿ ਇਸ ਤੋਂ ਪਹਿਲਾਂ ਹਿੰਦੁਸਤਾਨ ਦਾ ਕੋਈ ਵੀ ਬਾਦਸ਼ਾਹ ਪਹਾੜੀ ਇਲਾਕਿਆਂ ਨੂੰ ਆਪਣੇ ਸਿੱਧੇ ਪਰਬੰਧ ਹੇਠ ਰੱਖਣ ਵਿਚ ਸਫ਼ਲ ਨਹੀਂ ਹੋ ਸਕਿਆ ਸੀ†। ਇੱਸੇ ਲਈ ਜੱਸਾ ਸਿੰਘ ਨੇ ਇਸ ਸੰਬੰਧ ਵਿਚ ਵਾਰਸਕ ਕਰ ਲੈਣ ਦੀ ਸੁਘੜ ਨੀਤੀ ਨੂੰ ਅਪਣਾਇਆ। ਰਾਜ-ਪਰਬੰਧ ਦੇ ਦ੍ਰਿਸ਼ਟੀਕੋਣ ਤੋਂ ਇਹ ਨੀਤੀ ਅਤਯੰਤ ਸਫ਼ਲ ਸਿਧ ਹੋਈ, ਕਿਉਂਜੁ ਇਸ ਨਾਲ ਰਾਜ-ਪਰਬੰਧ ਦੀ ਕੋਈ ਜ਼ਿੰਮੇਵਾਰੀ ਲੈਣ ਤੋਂ ਬਿਨਾਂ ਹੀ ਜੱਸਾ ਸਿੰਘ ਨੂੰ ਕਰ ਵੀ ਮਿਲਦਾ ਰਿਹਾ ਤੇ ਉਸ ਦੀ ਪ੍ਰਮੁੱਖਤਾ ਵੀ ਮੰਨੀ ਜਾਂਦੀ ਰਹੀ।

ਚੰਬੇ ਦਾ ਰਾਜਾ ਰਾਜ ਸਿੰਘ ਅਜੇ ਨਬਾਲਗ਼ ਸੀ ਤੇ ਰਾਜ ਦੀ ਅਮਲੀ ਵਾਗ ਡੋਰ ਉਸ ਦੀ ਮਾਤਾ ਜਾਂ ਵਿਧਵਾ ਰਾਣੀ ਦੇ ਹੱਥ ਵਿਚ ਸੀ। ਉਹ ਜੰਮੂ ਦੇ ਰਾਜੇ ਰਣਜੀਤ ਦਿਓ ਦੀ ਭੈਣ ਸੀ। ਚੰਬੇ ਦੇ ਰਾਜੇ ਨੇ ਜੱਸਾ ਸਿੰਘ ਦੀ ਪ੍ਰਮੁੱਖਤਾ ਮੰਨ ਲਈ ਹੋਈ ਸੀ, ਪਰ ਰਣਜੀਤ ਦਿਓ ਚੰਬੇ ਵਿਚ ਆਪਣਾ ਅਧਿਕਾਰ ਜਮਾਉਣਾ ਚਾਹੁੰਦਾ ਸੀ। ਉਸ ਨੇ ਆਪਣੀ ਭੈਣ ਦੀ ਰਾਹੀਂ ਰਿਆਸਤ ਵਿਚ ਅਬਲੂ ਨਾਉਂ ਦੇ ਇਕ ਆਪਣੇ ਨਿੱਜੀ ਆਦਮੀ ਨੂੰ ਵਜ਼ੀਰ ਨੀਅਤ ਕਰਾ ਦਿੱਤਾ, ਤਾਂ ਜੁ ਰਾਜ-ਪਰਬੰਧ ਵਿਚ ਉਸ ਦੀ ਆਪਣੀ ਮਰਜ਼ੀ ਚਲ ਸਕੇ। ਜਦ ਰਾਜ ਸਿੰਘ ਬਾਲਗ਼ ਹੋਇਆ, ਤਾਂ ਉਸ ਨੇ ਅਬਲੂ ਉੱਤੇ ਕੁਝ ਸ਼ਕ ਕੀਤਾ। ਰਣਜੀਤ ਦਿਓ ਨੇ ਰਾਜ ਸਿੰਘ ਦੇ ਇਸ ਸਲੂਕ ਦਾ ਬਹੁਤ ਬੁਰਾ ਮਨਾਇਆ ਤੇ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਸਫ਼ਾ ੯੮।
ਫ਼ਾਰੈਸਟਰ : ਟਰੈਵਲਜ਼, ਸਫ਼ਾ ੨੨੯।

†ਹੰਟਰ : ਇੰਪੀਰੀਅਲ ਗਜ਼ਟੀਅਰ ਔਫ਼ ਇੰਡੀਆ, III, ਸਫ਼ਾ ੪੧੪.



Sri Satguru Jagjit Singh Ji eLibrary NamdhariElibrary@gmail.com

ਆਪਣੇ ਫ਼ੌਜੀ ਜਰਨੈਲ ਅੰਮ੍ਰਿਤ ਪਾਲ ਪਾਸੋਂ ਚੰਬੇ ਪੁਰ ਹੱਲਾ ਕਰਵਾ ਦਿੱਤਾ। ਇਸ ਵੇਲੇ ਰਾਜ ਸਿੰਘ ਕਿਸੇ ਸਰਕਾਰੀ ਕੰਮ ਲਈ ਕਲਾਨੌਰ ਗਿਆ ਹੋਇਆ ਸੀ। ਜਦ ਉਸ ਨੇ ਇਸ ਹਮਲੇ ਦੀ ਖ਼ਬਰ ਸੁਣੀ, ਤਾਂ ਆਪਣੇ ਪ੍ਰਮੁੱਖ ਜੱਸਾ ਸਿੰਘ ਪਾਸ ਫ਼ੌਜੀ ਸਹਾਇਤਾ ਲਈ ਬੇਨਤੀ ਕੀਤੀ। ਜੱਸਾ ਸਿੰਘ ਨੇ ਆਪਣੀਆਂ ਫ਼ੌਜਾਂ ਭੇਜ ਕੇ ਰਣਜੀਤ ਦਿਓ ਦੀ ਫ਼ੌਜ ਨੂੰ ਹਾਰ ਦਿੱਤੀ ਅਤੇ ਚੰਬੇ ਦੀ ਸਾਰੀ ਰਿਆਸਤ ਵਿੱਚੋਂ ਜੰਮੂ ਦੀਆਂ ਫ਼ੌਜਾਂ ਨੂੰ ਕਢ ਦਿੱਤਾ ਗਿਆ। ਰਾਜ ਸਿੰਘ ਨੇ ਇਸ ਸਹਾਇਤਾ ਲਈ ਜੱਸਾ ਸਿੰਘ ਦਾ ਧੰਨਵਾਦ ਕਰਨ ਤੋਂ ਬਿਨਾਂ ਇਕ ਲੱਖ ਰੁਪਿਆ ਨਕਦ ਉਸ ਦੀ ਭੇਟ ਕੀਤਾ*।

ਮੈਦਾਨੀ ਇਲਾਕਿਆਂ ਨਾਲੋਂ ਪਹਾੜੀ ਇਲਾਕਿਆਂ ਦੀ ਜਿੱਤ ਜੱਸਾ ਸਿੰਘ ਦੇ ਜੀਵਨ ਵਿਚ ਵਿਸ਼ੇਸ਼ ਮਹਾਨਤਾ ਰਖਦੀ ਹੈ। ਦੂਰ ਦੂਰ ਫੈਲੀਆਂ ਹੋਈਆਂ ਪਹਾੜੀਆਂ ਰਿਆਸਤਾਂ ਨੂੰ ਜਿੱਤਣਾ ਉਨ੍ਹਾਂ ਦਿਨਾਂ ਵਿਚ ਕੋਈ ਸੌਖੀ ਤੇ ਸਧਾਰਨ ਗੱਲ ਨਹੀਂ ਸੀ। ਕਾਂਗੜੇ ਦੇ ਰਾਜੇ ਵਾਂਗ ਉਨ੍ਹਾਂ ਵਿੱਚੋਂ ਕਈ ਪਹਾੜੀ ਰਾਜੇ ਇੰਨੇ ਬਲਵਾਨ ਸਨ ਕਿ ਜਹਾਂਗੀਰ ਵਰਗੇ ਮਹਾਨ ਮੁਗ਼ਲ ਬਾਦਸ਼ਾਹ ਦੇ ਵਿਰੁੱਧ ਵੀ ਬਗ਼ਾਵਤ ਕਰ ਸਕਦੇ ਸਨ। ਕਾਂਗੜੇ ਦਾ ਰਾਜਾ ਅਠਾਰ੍ਹਵੀਂ ਸਦੀ ਵਿਚ ਵੀ ਬਹੁਤ ਸ਼ਕਤੀ-ਸ਼ਾਲੀ ਮੰਨਿਆ ਜਾਂਦਾ ਸੀ, ਇੱਸੇ ਲਈ ਅਹਿਮਦ ਸ਼ਾਹ ਅਬਦਾਲੀ ਨੇ ਘੁਮੰਡ ਚੰਦ ਕਟੋਚ ਨੂੰ ਜਲੰਧਰ ਦਾ ਫ਼ੌਜਦਾਰ ਨੀਅਤ ਕੀਤਾ ਸੀ। ਅਜਿਹੇ ਕਠਨ ਇਲਾਕਿਆਂ ਦੀ ਜਿੱਤ ਅਤੇ ਉਨ੍ਹਾਂ ਦਾ ਸਫ਼ਲ ਕਬਜ਼ਾ ਰਾਮਗੜ੍ਹੀਏ ਸਰਦਾਰ ਦਾ ਸਭ ਤੋਂ ਮਹਾਨ ਕਾਰਨਾਮਾ ਸਮਝਿਆ ਜਾਂਦਾ ਹੈ। ਇਨ੍ਹਾਂ ਸਭ ਇਲਾਕਿਆਂ ਦੀ ਜਿੱਤ ਨੇ ਜਿੱਥੇ ਉਸ ਦੇ ਮਾਣ-ਮਰਤਬੇ ਤੇ ਮਸ਼ਹੂਰੀ ਨੂੰ ਬਹੁਤ ਵਧਾਇਆ, ਉਥੇ ਉਸ ਨੂੰ ਇਕ ਬਲਵਾਨ ਸਰਦਾਰ ਬਣਾ ਦਿੱਤਾ।

---

*ਹਚਿਨਸਨ : ਹਿਸਟਰੀ ਔਫ਼ ਦੀ ਪੰਜਾਬ ਹਿਲ ਸਟੇਟਸ, I, ਪੰਨਾ ੩੧੫-੧੬।

ਡੇਵਿਸ ਰਾਸ : ਲੈਂਡ ਔਫ਼ ਦੀ ਫ਼ਾਈਵ ਰਿਵਰਜ਼, ਪੰਨਾ ੩੦੬-੦੭



Sri Satguru Jagjit Singh Ji eLibrary NamdhariElibrary@gmail.com

## ੬

# ਸ਼ਰੀਕਾਂ ਨਾਲ ਟੱਕਰ

## ਇਲਾਕਿਆਂ ਦੀ ਸੰਭਾਲ ਲਈ ਜਤਨ

## (੧੭੭੪–੧੭੭੬)

ਪਹਾੜੀ ਰਿਆਸਤਾਂ, ਰਿਆੜਕੀ ਅਤੇ ਦੁਆਬ ਦੀ ਜਿੱਤ ਨੇ ਜੱਸਾ ਸਿੰਘ ਦਾ ਤੇਜ-ਪਰਤਾਪ ਸਿਖਰ ਤੇ ਪਹੁੰਚਾ ਦਿੱਤਾ ਸੀ, ਇੱਥੋਂ ਤਕ ਕਿ ਉਸ ਦੀ ਵਧਦੀ ਤਾਕਤ ਨੂੰ ਵੇਖ ਕੇ ਉਸ ਦੇ ਸਾਥੀ ਸਿੱਖ ਸਰਦਾਰ ਉਸ ਨਾਲ ਈਰਖਾ ਕਰਨ ਲਗ ਪਏ ਸਨ। ਕੁਦਰਤੀ ਨੇਮਾਂ ਅਨੁਸਾਰ ਇਹ ਵੀ ਸੁਭਾਵਕ ਸੀ ਕਿ ਰਾਜ-ਭਾਗ ਦੀ ਪਰਾਪਤੀ ਪਿੱਛੋਂ ਸਿੱਖ ਸਰਦਾਰਾਂ ਵਿਚ ਪ੍ਰਸਪਰ ਫੁੱਟ ਪੈ ਜਾਏ।

ਜੱਸਾ ਸਿੰਘ ਰਾਮਗੜ੍ਹੀਆ ਤੇ ਜੈ ਸਿੰਘ ਕੰਨ੍ਹਈਆ 'ਦਲ ਖ਼ਾਲਸਾ' ਵਿਚ ਮੁਢ ਤੋਂ ਹੀ ਗੂੜ੍ਹੇ ਮਿੱਤਰਾਂ ਵਾਂਗ ਰਲ ਕੇ ਕੰਮ ਕਰਦੇ ਰਹੇ ਸਨ। ਇਲਾਕਿਆਂ ਉੱਤੇ ਕਬਜ਼ਾ ਕਰਨ ਵਿਚ ਵੀ ਉਨ੍ਹਾਂ ਦੀ ਸਾਂਝ ਬਣੀ ਰਹੀ ਸੀ। ਪਰੰਤੂ ਕਸੂਰ ਦੀ ਜਿੱਤ ਦੇ ਸਮੇਂ ਲੁੱਟ ਦੇ ਮਾਲ ਦੀ ਵੰਡ ਤੋਂ ਇਨ੍ਹਾਂ ਵਿਚਕਾਰ ਅਜਿਹੀ ਅਣਬਣ ਹੋਈ ਕਿ ਸਹਿਜੇ ਸਹਿਜੇ ਵਧ ਕੇ ਇਸ ਨੇ ਭਿਆਨਕ ਰੂਪ ਧਾਰਨ ਕਰ ਲਿਆ।

ਅਠਾਰ੍ਹਵੀਂ ਸਦੀ ਵਿਚ ਕਸੂਰ ਨੂੰ ਪੰਜਾਬ ਦਾ ਸਭ ਤੋਂ ਧਨਵਾਨ ਸ਼ਹਿਰ ਮੰਨਿਆ ਜਾਂਦਾ ਸੀ। ਇਸ ਨੂੰ ਹੋਰ ਸਭ ਸ਼ਹਿਰਾਂ ਨਾਲੋਂ ਸੁਰੱਖਿਅਤ ਸਮਝ ਕੇ ਕਈ ਅਮੀਰ ਘਰਾਣੇ ਇਥੇ ਆਬਾਦ ਹੋ ਗਏ ਸਨ। ਕਸੂਰ ਦੇ ਪਠਾਣਾਂ ਵਿਰੁਧ ਲੜਾਈ ਵਿਚ ਪਹਿਲੋਂ ਰਾਮਗੜ੍ਹੀਆਂ ਅਤੇ ਕੰਨ੍ਹਈਆਂ ਦੀਆਂ ਫ਼ੌਜਾਂ ਨੇ ਮਿਲ ਕੇ ਹਿੱਸਾ ਲਿਆ ਸੀ। ਜਿੱਤ ਤੋਂ ਪਿੱਛੋਂ ਉਨ੍ਹਾਂ ਨੇ ਸ਼ਹਿਰ ਦੇ ਸਭ ਤੋਂ ਮਾਲਦਾਰ ਹਿੰਦੂ, ਹਿਰਦੇ



Sri Satguru Jagjit Singh Ji eLibrary NamdhariElibrary@gmail.com

ਰਾਮ* ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਤੋਂ ਉਸ ਦੇ ਗੁਪਤ ਖ਼ਜ਼ਾਨੇ ਬਾਰੇ ਪੁੱਛ ਗਿੱਛ ਕੀਤੀ। ਹਿਰਦੇ ਰਾਮ ਨੇ ਪਹਿਲਾਂ ਪਹਿਲ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ, ਜਿਸ ਉੱਤੇ ਜੱਸਾ ਸਿੰਘ ਨੇ ਉਸ ਨੂੰ ਆਪਣੇ ਭਰਾ ਮਾਲੀ ਸਿੰਘ ਦੇ ਸਪੁਰਦ ਕਰ ਦਿਤਾ। ਇਸ ਉੱਤੇ ਹਿਰਦੇ ਰਾਮ ਨੇ ਡਰਦੇ ਮਾਰਿਆਂ ਹੀਰਿਆਂ ਅਤੇ ਗਹਿਣਿਆਂ ਦੀ ਸੰਦੂਕੜੀ ਮਾਲੀ ਸਿੰਘ ਨੂੰ ਦੇ ਦਿੱਤੀ। ਇਤਨੀ ਮਾਇਆ ਵੇਖ ਕੇ ਮਾਲੀ ਸਿੰਘ ਦਾ ਮਨ ਅਡੋਲ ਨਾ ਰਹਿ ਸਕਿਆ ਤੇ ਉਸ ਨੇ ਸਾਰਾ ਮਾਲ ਹੀ ਹੜੱਪ ਕਰਨ ਦੀ ਨੀਤ ਧਾਰ ਲਈ। ਸਭ ਤੋਂ ਪਹਿਲਾਂ ਉਹ ਆਪਣੇ ਵੱਡੇ ਭਰਾ ਪਾਸ ਗਿਆ ਤੇ ਉਸ ਨੂੰ ਆਪਣੀ ਨੀਅਤ ਦੱਸੀ। ਜੱਸਾ ਸਿੰਘ ਨੇ ਉਸ ਨੂੰ ਇਸ ਬੇਈਮਾਨੀ ਤੇ ਕਮੀਨਗੀ ਤੋਂ ਵਰਜਿਆ। ਉਸ ਨੇ ਮਾਲੀ ਸਿੰਘ ਨੂੰ ਸਮਝਾਇਆ ਕਿ ਸਾਥੀਆਂ ਨਾਲ ਇਸ ਤਰ੍ਹਾਂ ਦੀ ਧੋਖੇਬਾਜ਼ੀ ਦਾ ਸਿੱਟਾ ਬਹੁਤ ਬੁਰਾ ਨਿਕਲੇਗਾ‡, ਪਰੰਤੂ ਮਾਲੀ ਸਿੰਘ ਦੇ ਉੱਤੇ ਉਸ ਦੀ ਸਿੱਖਿਆ ਦਾ ਕੋਈ ਅਸਰ ਨਾ ਹੋਇਆ। ਉਸ ਨੇ ਹਿਰਦੇ ਰਾਮ ਨੂੰ ਤਾੜਿਆ ਕਿ ਉਹ ਇਹ ਮਾਲ ਲਿਜਾਣ ਦਾ

---

*ਹਿਰਦੇ ਰਾਮ, ਦਿਲਾ ਰਾਮ ਦਾ ਪੜਪੋਤਰਾ ਸੀ। ਕਿਹਾ ਜਾਂਦਾ ਹੈ ਦਿਲਾ ਰਾਮ ਜਹਾਂਗੀਰ ਦੇ ਸਮੇਂ ਲਾਹੌਰ ਦਾ ਦੀਵਾਨ ਸੀ ਅਤੇ ਨੂਰ ਜਹਾਨ ਦੀ ਪਾਰਟੀ ਨਾਲ ਸੰਬੰਧ ਰਖਦਾ ਸੀ। ਇਸੇ ਲਈ ਨੂਰ ਜਹਾਨ ਨੇ ਮਰਨ ਤੋਂ ਪਹਿਲਾਂ ਹੀਰਿਆਂ ਆਦਿ ਦਾ ਖ਼ਜ਼ਾਨਾ ਦਿਲਾ ਰਾਮ ਦੇ ਹਵਾਲੇ ਕਰ ਦਿਤਾ ਸੀ। ਇੱਸੇ ਕਰਕੇ ਇਸ ਘਰਾਣੇ ਨੂੰ ਲਾਹੌਰ ਦੇ ਸਭ ਘਰਾਣਿਆਂ ਵਿੱਚੋਂ ਮਾਲਦਾਰ ਸਮਝਿਆ ਜਾਂਦਾ ਸੀ।

[ਗਿਆਨ ਸਿੰਘ : ਸ਼ਮਸ਼ੇਰ ਖ਼ਾਲਸਾ, ਪੰਨਾ ੧੮੩।
[ਰਤਨ ਸਿੰਘ : ਪੰਥ ਪ੍ਰਕਾਸ਼, ਪੰਨਾ ੩੧੮।

‡ਜੱਸਾ ਸਿੰਘ ਫਿਰ ਬਹੁ ਸਮਝਾਇਆ।
ਆਵਣ ਜਾਵਣ ਹੈ ਇਹ ਮਾਇਆ।
[ਰਤਨ ਸਿੰਘ : ਪੰਥ ਪ੍ਰਕਾਸ਼, ਸਫ਼ਾ ੩੮੧।



Sri Satguru Jagjit Singh Ji eLibrary NamdhariElibrary@gmail.com

ਭੇਦ ਕਿਸੇ ਪਾਸ ਨਾ ਖੋਲ੍ਹੋ* । ਪਰੰਤੂ ਇਹੋ ਜਿਹੀ ਗੱਲ ਆਖ਼ਰ ਕਿੰਨਾ ਚਿਰ ਲੁਕੀ ਰਹਿ ਸਕਦੀ ਸੀ ? ਜਦ ਕੰਨ੍ਹਈਏ ਸਰਦਾਰਾਂ ਨੂੰ ਇਸ ਦੀ ਸੂੰਹ ਲੱਗੀ, ਤਾਂ ਉਨ੍ਹਾਂ ਦੇ ਦਿਲ ਰਾਮਗੜ੍ਹੀਆਂ ਵੱਲੋਂ ਖੱਟੇ ਹੋ ਗਏ । ਅੰਤ ਹਿਰਦੇ ਰਾਮ ਦੇ ਖ਼ਜ਼ਾਨੇ ਵਾਲਾ ਝਗੜਾ ਇੰਨਾ ਵਧਿਆ ਕਿ ਰਾਮਗੜ੍ਹੀਆਂ ਤੇ ਕਨ੍ਹਈਆਂ ਵਿਚਕਾਰ ਲੜਾਈ ਹੋ ਪੈਣ ਦਾ ਖ਼ਤਰਾ ਹੋ ਗਿਆ । ਪਰੰਤੂ ਚੜ੍ਹਤ ਸਿੰਘ ਸੁਕਰਚੱਕੀਏ ਨੇ ਕਿਸੇ ਤਰ੍ਹਾਂ ਝਗੜੇ ਦੀ ਜੜ੍ਹ ਅਰਥਾਤ ਮਾਲ ਵਾਲੀ ਸੰਦੂਕੜੀ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਤੇ ਇਸ ਤਰ੍ਹਾਂ ਲੜਾਈ ਹੁੰਦੀ ਹੁੰਦੀ ਰੁਕ ਗਈ† ।

ਕਸੂਰ ਦੀ ਇਸ ਦੁਰਘਟਨਾ ਤੋਂ ਉਪਰੰਤ ਜੈ ਸਿੰਘ ਕੰਨ੍ਹਈਏ ਤੇ ਜੱਸਾ ਸਿੰਘ ਰਾਮਗੜ੍ਹੀਏ ਦੀ ਮਿੱਤਰਤਾ ਦਾ ਅੰਤ ਹੋ ਗਿਆ ਤੇ ਉਨ੍ਹਾਂ ਦੇ ਮਤਭੇਦ ਦਿਨੋ ਦਿਨ ਵਧਦੇ ਗਏ । ਸਾਂਝੇ ਜਿੱਤੇ ਇਲਾਕਿਆਂ‡ ਦੇ ਮਾਲੀਏ ਦੀ ਵੰਡ ਤੋਂ ਇਹ ਖਿੱਚੋਤਾਣ ਕੱਟੜ ਦੁਸ਼ਮਣੀ ਦਾ ਰੂਪ ਧਾਰਨ ਕਰ ਗਈ[] । ਜੈ ਸਿੰਘ ਹੁਣ ਜੱਸਾ ਸਿੰਘ ਦੀ ਵਧਦੀ ਤਾਕਤ

---

*ਰਤਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦਾ ਹੈ ਕਿ ਮਾਲੀ ਸਿੰਘ ਨੇ ਭੇਦ ਰੱਖਣ ਲਈ ਹਿਰਦੇ ਰਾਮ ਨੂੰ ਮਰਵਾ ਦਿੱਤਾ ਸੀ ।

†ਅਹਿਮਦ ਸ਼ਾਹ ਬਟਾਲੀਆ ਲਿਖਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਏ ਨੂੰ ਕਸੂਰ ਦੀ ਲੁੱਟ ਵਿੱਚੋਂ ਇੰਨਾ ਸੋਨਾ ਹੱਥ ਲੱਗਾ ਸੀ ਕਿ ਉਹ ਉਸ ਨੂੰ ਇਕ ਮੰਜੀ ਉੱਤੇ ਪਾ ਕੇ ਲੈ ਗਿਆ ਸੀ । ਇਹ ਸੋਨਾ ਅੰਮ੍ਰਿਤਸਰ ਦੇ ਨੇੜੇ ਇਕ ਥਾਂ ਉੱਤੇ ਦੱਬ ਦਿੱਤਾ ਗਿਆ ਸੀ । ਪਰ ਮੰਦੇ ਭਾਗਾਂ ਨੂੰ ਜੱਸਾ ਸਿੰਘ ਇਸ ਥਾਂ ਨੂੰ ਦੂਜੀ ਵਾਰੀ ਲਭ ਹੀ ਨਾ ਸਕਿਆ ਤੇ ਇਸ ਤਰ੍ਹਾਂ ਇਹ ਸਾਰੀ ਮਾਇਆ ਵਿਅਰਥ ਗਈ ।

[ਅਹਿਮਦ ਸ਼ਾਹ ਬਟਾਲੀਆ : ਤਾਰੀਖ਼-ਇ-ਹਿੰਦ, ਸਫ਼ਾ ੧੮੩ ।

‡ਇਹ ਇਲਾਕੇ ਬਟਾਲਾ, ਕਾਦੀਆਂ, ਘੁਮਣ ਤੇ ਕਲਾਨੌਰ ਸਨ ।

[]ਸੋਹਣ ਲਾਲ : ਉਮਦੁਤ-ਉਲ-ਤਵਾਰੀਖ਼ I, ਦਫ਼ਤਰ ੧, ਪੰਨਾ ੧੯ ।
ਪਰਮਾਨੰਦ : ਤਾਰੀਖ਼-ਇ-ਪੰਜਾਬ, ਸਫ਼ਾ ੩੧ ।
ਮੈਕਗ੍ਰੇਗਰ : ਹਿਸਟਰੀ ਔਫ਼ ਦੀ ਸਿਖਸ, ਪੰਨਾ ੧੩੪ ।



Sri Satguru Jagjit Singh Ji eLibrary NamdhariElibrary@gmail.com

ਨੂੰ ਈਰਖਾ ਦੀ ਨਜ਼ਰ ਨਾਲ ਵੇਖਦਾ ਸੀ ਤੇ ਹਰ ਵੇਲੇ ਉਸ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਿਉਂਤਾਂ ਸੋਚਦਾ ਰਹਿੰਦਾ ਸੀ।

ਕਾਂਗੜੇ ਦਾ ਰਾਜਾ ਘੁਮੰਡ ਚੰਦ ਜੱਸਾ ਸਿੰਘ ਦੀ ਪ੍ਰਮੁੱਖਤਾ ਤੋਂ ਇਨਕਾਰ ਕਰਨ ਲਈ ਬੜਾ ਕਾਹਲਾ ਪੈ ਰਿਹਾ ਸੀ। ਹੁਣ ਜੈ ਸਿੰਘ ਕੰਨ੍ਹਈਏ ਨੇ ਉਸ ਨੂੰ ਜੱਸਾ ਸਿੰਘ ਦੇ ਵਿਰੁੱਧ ਚੁਕਿਆ ਤੇ ਉਸ ਨੂੰ ਮਦਦ ਦੇਣ ਦਾ ਭਰੋਸਾ ਦਿਵਾਇਆ। ਜੈ ਸਿੰਘ ਦੀ ਚੁੱਕ ਵਿਚ ਆ ਕੇ ਘੁਮੰਡ ਚੰਦ ਨੇ ਜੱਸਾ ਸਿੰਘ ਨੂੰ ਕਿਹਾ ਕਿ 'ਪਹਾੜੀ ਰਾਜੇ ਕੇਵਲ ਮੇਰੇ ਕਾਰਨ ਹੀ ਤੇਰੀ ਪ੍ਰਮੁਖਤਾ ਮੰਨਦੇ ਹਨ।' ਜੱਸਾ ਸਿੰਘ ਨੇ ਉੱਤਰ ਦਿੱਤਾ ਕਿ 'ਇਹ ਸਭ ਵਾਹਿਗੁਰੂ ਦੀ ਕਿਰਪਾ ਦਾ ਫਲ ਹੈ।' ਇਸ ਉੱਤੇ ਘੁਮੰਡ ਚੰਦ ਨੇ ਆਪਣੇ ਸਾਥੀ ਜੈ ਸਿੰਘ ਦੀ ਮਦਦ ਨਾਲ ਜੱਸਾ ਸਿੰਘ ਉੱਤੇ ਹਮਲਾ ਕਰ ਦਿੱਤਾ। ਜੱਸਾ ਸਿੰਘ ਨੇ ਇਨ੍ਹਾਂ ਦੋਹਾਂ ਦੀਆਂ ਸੰਮਿਲਤ ਫ਼ੌਜਾਂ ਨੂੰ ਹਾਰ ਦਿੱਤੀ ਅਤੇ ਅੰਤ ਵਿਚ ਘੁਮੰਡ ਚੰਦ ਨੂੰ ਫਿਰ ਜੱਸਾ ਸਿੰਘ ਦੀ ਪ੍ਰਮੁੱਖਤਾ ਮੰਨਣੀ ਪਈ*।

ਭਾਵੇਂ ਇਹ ਲੜਾਈ ਅਸਲ ਵਿਚ ਜੱਸਾ ਸਿੰਘ ਤੇ ਘੁਮੰਡ ਚੰਦ ਦੇ ਵਿਚਕਾਰ ਸੀ, ਪਰ ਜੈ ਸਿੰਘ ਕੰਨ੍ਹਈਏ ਨੇ ਪਹਾੜੀਏ ਰਾਜੇ ਦੀ ਫ਼ੌਜੀ ਸਹਾਇਤਾ ਕੀਤੀ ਸੀ, ਇਸ ਲਈ ਉਹ ਮਹਿਸੂਸ ਕਰਦਾ ਸੀ ਕਿ ਘੁਮੰਡ ਚੰਦ ਦੀ ਹਾਰ ਨਾਲ ਉਹਦੇ ਵਕਾਰ ਨੂੰ ਵੀ ਧੱਕਾ ਲੱਗਾ ਹੈ। ਇਸ ਲੜਾਈ ਤੋਂ ਛੇਤੀ ਪਿੱਛੋਂ ਹੀ ਘੁਮੰਡ ਚੰਦ ਚਲਾਣਾ ਕਰ ਗਿਆ ਤੇ ਉਸ ਦੀ ਥਾਂ ਉਸ ਦਾ ਪੁੱਤਰ ਸੰਸਾਰ ਚੰਦ ਗੱਦੀ ਤੇ ਬੈਠਾ। ਸੰਸਾਰ ਚੰਦ ਵੀ ਆਪਣੇ ਪਿਤਾ ਵਾਂਗ ਉਤਸ਼ਾਹੀ ਤੇ ਹਿੰਮਤੀ ਸੀ ਤੇ ਆਪਣੇ ਆਪ ਨੂੰ ਜੱਸਾ ਸਿੰਘ ਦੀ ਅਧੀਨਗੀ ਤੋਂ ਮੁਕਤ ਕਰਨਾ ਚਾਹੁੰਦਾ ਸੀ। ਉਸ ਨੇ ਜੈ ਸਿੰਘ ਨਾਲ ਗਾਂਢਾ-ਸਾਂਢਾ ਬਣਾਈ ਰੱਖਿਆ, ਜਿਸ ਕਰਕੇ ਉਸ ਦੀ ਜੱਸਾ ਸਿੰਘ ਨਾਲ ਅਣਬਣ ਵਧਦੀ ਗਈ ਤੇ ਉਸ ਨਾਲ ਕੁਝ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭.



Sri Satguru Jagjit Singh Ji eLibrary NamdhariElibrary@gmail.com

ਲੜਾਈਆਂ ਵੀ ਹੋਈਆਂ*। ੧੭੭੪ ਈਸਵੀ ਤਕ ਕਾਂਗੜੇ ਦਾ ਕਿਲ੍ਹਾ ਮੁਗਲਾਂ ਦੇ ਕਬਜ਼ੇ ਵਿਚ ਹੀ ਸੀ। ਸੰਸਾਰ ਚੰਦ ਨੇ ਜੈ ਸਿੰਘ ਦੀ ਸਹਾਇਤਾ ਨਾਲ ਇਸ ਕਿਲ੍ਹੇ ਉੱਤੇ ਚੜ੍ਹਾਈ ਕਰ ਦਿੱਤੀ, ਪਰੰਤੂ ਜਿੱਤ ਪਰਾਪਤ ਕਰਨ ਤੋਂ ਪਿੱਛੋਂ ਜੈ ਸਿੰਘ ਨੇ ਇਹ ਕਿਲ੍ਹਾ ਆਪਣੇ ਅਧੀਨ ਕਰ ਲਿਆ। ਇਸ ਕਿਲ੍ਹੇ ਨੂੰ ਪਹਾੜੀ ਰਿਆਸਤਾਂ ਦੀ ਕੁੰਜੀ ਸਮਝਿਆ ਜਾਂਦਾ ਸੀ, ਇਸ ਕਰਕੇ ਇਹਦੇ ਜੈ ਸਿੰਘ ਦੇ ਕਬਜ਼ੇ ਵਿਚ ਚਲੇ ਜਾਣ ਨਾਲ ਜੱਸਾ ਸਿੰਘ ਦੀ ਤਾਕਤ ਤੇ ਰਸੂਖ਼ ਨੂੰ ਬਹੁਤ ਸੱਟ ਵੱਜੀ ਤੇ ਪਹਾੜੀ ਇਲਾਕਿਆਂ ਉੱਤੇ ਉਸ ਦਾ ਅਧਿਕਾਰ ਕਾਫ਼ੀ ਢਿੱਲਾ ਪੈ ਗਿਆ†।

ਕੋਟ ਕਾਂਗੜੇ ਉੱਤੇ ਕਬਜ਼ੇ ਤੋਂ ਬਾਅਦ ਜੱਸਾ ਸਿੰਘ ਤੇ ਜੈ ਸਿੰਘ ਵਿਚ ਅਣਬਣ ਹੋਰ ਵਧ ਗਈ ਤੇ ਉਹ ਸਿੱਧੇ ਤੌਰ ਤੇ ਦੋ ਵਖ ਵਖ ਧੜਿਆਂ ਵਿਚ ਵੰਡੇ ਗਏ। ਇਸ ਤੋਂ ਛੇਤੀ ਪਿੱਛੋਂ ਹੀ ਇਕ ਅਜਿਹੀ ਘਟਨਾ ਵਾਪਰੀ, ਜਿਸ ਨਾਲ ਦੋਵੇਂ ਧਿਰਾਂ ਇਕ ਦੂਜੀ ਦੇ ਵਿਰੁੱਧ ਡਟ ਕੇ ਖੜੀਆਂ ਹੋ ਗਈਆਂ।

ਉਨ੍ਹਾਂ ਦਿਨਾਂ ਵਿਚ ਪਠਾਨਕੋਟ ਦਾ ਇਲਾਕਾ ਭੰਗੀ ਸਰਦਾਰ ਗੰਡਾ ਸਿੰਘ ਦੇ ਭਰਾ ਨੰਦ ਸਿੰਘ ਦੇ ਕਬਜ਼ੇ ਵਿਚ ਸੀ‡। ਉਸ ਦੀ ਮੌਤ ਤੋਂ ਬਾਅਦ ਉਸ ਦੀ ਵਿਧਵਾ ਸਰਦਾਰਨੀ ਨੇ ਆਪਣੀ ਧੀ ਦਾ ਸਾਕ ਹਕੀਕਤ ਸਿੰਘ ਕੰਨ੍ਹਈਏ ਦੇ ਭਰਾ ਤਾਰਾ ਸਿੰਘ ਨਾਲ ਕਰ ਦਿੱਤਾ। ਇਸ ਤਰ੍ਹਾਂ ਪਠਾਨਕੋਟ ਦਾ ਇਲਾਕਾ ਕੰਨ੍ਹਈਆਂ ਦੇ ਕਬਜ਼ੇ ਵਿਚ ਚਲਾ ਗਿਆ। ਉਸ ਸਮੇਂ ਭੰਗੀ ਮਿਸਲ ਨੂੰ ਪੰਜਾਬ ਵਿਚ ਸਿਖਾਂ ਦੀਆਂ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭.

†ਇੰਮਪੀਰੀਅਲ ਗਜ਼ਟੀਅਰ ਪ੍ਰੋਵਿਨਸ਼ਨ ਸੀਰੀਜ਼ (੧੯੦੮), ਪੰਨਾ ੩੫੭.

ਜਨਰਲ ਔਫ ਪੰਜਾਬ ਯੂਨੀਵਰਸਿਟੀ ਹਿਸਟਾਰੀਕਲ ਸੁਸਾਇਟੀ, IV, ਅਪਰੈਲ ੧੯੩੫, ਪੰਨਾ ੪੩।

‡ਜੱਸਾ ਸਿੰਘ ਬਿਨੋਦ, ਸਫ਼ਾ ੩੯੪.



Sri Satguru Jagjit Singh Ji eLibrary NamdhariElibrary@gmail.com

ਸਭ ਮਿਸਲਾਂ ਨਾਲੋਂ ਬਲਵਾਨ ਸਮਝਿਆ ਜਾਂਦਾ ਸੀ। ਇਸ ਲਈ ਭੰਗੀ ਸਰਦਾਰ ਇਹ ਗੱਲ ਚੁਪ ਕਰਕੇ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਪਠਾਨਕੋਟ ਕੰਨ੍ਹਈਆਂ ਦੇ ਕਬਜ਼ੇ ਵਿਚ ਚਲਾ ਜਾਏ। ਜਦ ਗੰਡਾ ਸਿੰਘ ਭੰਗੀ ਮੁਲਤਾਨ ਦੀ ਜਿੱਤ ਤੋਂ ਵਾਪਸ ਆਇਆ, ਤਾਂ ਇਸ ਇਲਾਕੇ ਨੂੰ ਕੰਨ੍ਹਈਆਂ ਦੇ ਹੱਥ ਵਿਚ ਵੇਖ ਕੇ ਉਹ ਅੱਗ-ਭਬੂਕਾ ਹੋ ਗਿਆ। ਕੰਨ੍ਹਈਆਂ ਨੇ ਵਿਰੁੱਧ ਉਹਦੇ ਦਿਲ ਵਿਚ ਪਹਿਲਾਂ ਹੀ ਬਹੁਤ ਗੁੱਸਾ ਸੀ, ਕਿਉਂਜੁ ਉਹਨੂੰ ਸ਼ਕ ਸੀ ਕਿ ਝੰਡਾ ਸਿੰਘ ਭੰਗੀ ਨੂੰ ਮਰਵਾਣ ਵਿਚ ਉਹਨਾਂ ਦਾ ਹੱਥ ਸੀ। ਸੋ ਉਸ ਨੇ ਕੰਨ੍ਹਈਆਂ ਦੇ ਵਿਰੁੱਧ ਚੜ੍ਹਾਈ ਕਰਨ ਦਾ ਫ਼ੈਸਲਾ ਕਰ ਲਿਆ ਤੇ ਆਪਣੀ ਤਾਕਤ ਨੂੰ ਹੋਰ ਵਧਾਣ ਵਾਸਤੇ ਆਪਣੇ ਗਵਾਂਢੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਪਾਸੋਂ ਸਹਾਇਤਾ ਮੰਗੀ। ਜੱਸਾ ਸਿੰਘ ਦੀ ਮੁੱਢ ਤੋਂ ਹੀ ਭੰਗੀ ਸਰਦਾਰਾਂ ਨਾਲ ਚੋਖੀ ਮਿੱਤਰਤਾ ਸੀ ਤੇ ਉਸ ਨੇ ਇਸ ਤੋਂ ਪਹਿਲਾਂ ਡੇਰਾ ਇਸਮਾਈਲ ਖ਼ਾਂ ਜਿੱਤਣ ਵਿਚ ਵੀ ਉਨ੍ਹਾਂ ਦੀ ਕਾਫ਼ੀ ਸਹਾਇਤਾ ਕੀਤੀ ਸੀ*। ਇਸ ਤੋਂ ਛੁਟ ਇਸ ਵੇਲੇ ਕੰਨ੍ਹਈਆਂ ਨਾਲ ਉਸ ਦੀ ਅਜੋੜਤਾ ਹੋ ਗਈ ਹੋਈ ਸੀ, ਇਸ ਲਈ ਉਸ ਨੇ ਬੜੀ ਖ਼ੁਸ਼ੀ ਨਾਲ ਭੰਗੀਆਂ ਦਾ ਸਾਥ ਦੇਣਾ ਪਰਵਾਨ ਕਰ ਲਿਆ। ਰਾਮਗੜ੍ਹੀਆਂ ਤੋਂ ਛੁਟ ਜੰਮੂ ਦਾ ਰਾਜਾ ਰਣਜੀਤ ਦਿਓ ਅਤੇ ਪੀਰ ਮੁਹੰਮਦ ਚੱਠਾ ਵੀ ਭੰਗੀਆਂ ਦੀ ਮਦਦ ਉੱਤੇ ਸਨ।

ਇਧਰ ਕੰਨ੍ਹਈਏ ਸਰਦਾਰ ਵੀ ਅਵੇਸਲੇ ਨਹੀਂ ਬੈਠੇ ਹੋਏ ਸਨ। ਉਨ੍ਹਾਂ ਨੇ ਆਪਣੀ ਪੋਜ਼ੀਸ਼ਨ ਨੂੰ ਮਜ਼ਬੂਤ ਬਣਾਉਣ ਲਈ ਜੱਸਾ ਸਿੰਘ ਆਹਲੂਵਾਲੀਏ ਤੇ ਚੜ੍ਹਤ ਸਿੰਘ ਸੁਕਰਚੱਕੀਏ ਨਾਲ ਗਠਜੋੜ ਕਰ ਲਿਆ ਤੇ ਟਾਕਰੇ ਲਈ ਤਿਆਰ ਹੋ ਖਲੋਤੇ।

ਜਦ ਗੰਡਾ ਸਿੰਘ ਭੰਗੀ ਨੇ ਕਨ੍ਹਈਆਂ ਪਾਸੋਂ ਪਠਾਨਕੋਟ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਪੰਨਾ ੯੭;
ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ਪ-੬.

Sri Satguru Jagjit Singh Ji eLibrary NamdhariElibrary@gmail.com

ਵਾਪਸ ਮੰਗਿਆ, ਤਾਂ ਜੈ ਸਿੰਘ ਨੇ ਟਾਲ-ਮਟੋਲ ਕਰ ਛੱਡਿਆ। ਜਦ ਸਮਝੌਤੇ ਦੀ ਗੱਲਬਾਤ ਦਾ ਕੁਝ ਸਿੱਟਾ ਨਾ ਨਿਕਲਿਆ, ਤਾਂ ਭੰਗੀਆਂ ਨੇ ਪਠਾਨਕੋਟ ਉੱਤੇ ਧਾਵਾ ਬੋਲ ਦਿੱਤਾ। ਤਵੀ ਨਦੀ ਦੇ ਨੇੜੇ ਬੜੀ ਭਾਰੀ ਲੜਾਈ ਹੋਈ। ਭੰਗੀ, ਰਾਮਗੜ੍ਹੀਏ, ਰਣਜੀਤ ਦਿਓ ਤੇ ਪੀਰ ਮੁਹੰਮਦ ਚੱਠਾ ਇਕ ਪਾਸੇ ਸਨ ਤੇ ਕੰਨ੍ਹਈਏ, ਆਹਲੂਵਾਲੀਏ ਤੇ ਸੁਕਰਚੱਕੀਏ ਦੂਜੇ ਪਾਸੇ। ਲੜਾਈ ਬੜੀ ਤੁਲਵੀਂ ਸੀ, ਪਰ ਅੰਤ ਭੰਗੀਆਂ ਦੀ ਹਾਰ ਹੋਈ। ਇਸ ਲੜਾਈ ਵਿਚ ਜੱਸਾ ਸਿੰਘ ਰਾਮਗੜ੍ਹੀਏ ਨਾਲ ਇਕ ਦੁਰਘਟਨਾ ਵਾਪਰੀ। ਉਸ ਦਾ ਘੋੜਾ ਤਵੀ ਨਦੀ ਵਿਚ ਡਿੱਗ ਪਿਆ, ਪਰੰਤੂ ਉਸ ਦੇ ਚੰਗੇ ਭਾਗਾਂ ਨੂੰ ਉਸ ਦੇ ਇਕ ਸਿਪਾਹੀ ਨੇ ਉਹਨੂੰ ਸਮੇਂ ਸਿਰ ਬਚਾ ਲਿਆ*।

ਭੰਗੀਆਂ ਅਤੇ ਕਨ੍ਹਈਆਂ ਦੀ ਇਹ ਲੜਾਈ ਜੱਸਾ ਸਿੰਘ ਲਈ ਬੜੀ ਹਾਨੀਕਾਰਕ ਸਾਬਤ ਹੋਈ। ਇਸ ਹਾਰ ਨਾਲ ਉਸ ਦੀ ਤਾਕਤ ਤੇ ਰੁਹਬਦਾਬ ਨੂੰ ਭਾਰੀ ਧੱਕਾ ਲੱਗਾ। ਪਰੰਤੂ ਇਸ ਲੜਾਈ ਦਾ ਸਭ ਤੋਂ ਭੈੜਾ ਸਿੱਟਾ ਇਹ ਨਿਕਲਿਆ ਕਿ ਅੱਗੋਂ ਲਈ ਆਹਲੂਵਾਲੀਏ ਤੇ ਸੁਕਰਚੱਕੀਏ ਉਸ ਦੇ ਪੱਕੇ ਦੁਸ਼ਮਣ ਬਣ ਗਏ। ਇਸ ਤੋਂ ਪਹਿਲਾਂ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਦੋਵੇਂ ਹੀ ਖ਼ਾਲਸਾ ਪੰਥ ਦੀ ਸਰ-ਬਲੰਦੀ ਲਈ ਮੋਢੇ ਨਾਲ ਮੋਢਾ ਡਾਹ ਕੇ ਇਕੱਠੇ ਲੜਦੇ ਰਹੇ ਸਨ। ਉਨ੍ਹਾਂ ਨੇ ਮਿਲ ਕੇ 'ਦੱਲ ਖ਼ਾਲਸਾ' ਦੀ ਜੱਥੇਬੰਦੀ ਨੂੰ ਕਾਇਮ ਕੀਤਾ ਤੇ ਪਰਵਾਨ ਚੜ੍ਹਾਇਆ ਸੀ† । ਸਿਆਲਕੋਟ ਵਿਚ

---

*ਜੱਸਾ ਸਿੰਘ ਬਿਨੋਦ, ਸਫ਼ਾ ੩੮੪-੮੭.

ਗਿਆਨ ਸਿੰਘ ਲਿਖਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਏ ਨੇ ਭੰਗੀਆਂ ਨੂੰ ਕੰਨ੍ਹਈਆਂ ਦੇ ਵਿਰੁੱਧ ਲੜਨ ਲਈ ਚੁੱਕਿਆ ਸੀ।

[ਗਿਆਨ ਸਿੰਘ : ਰਾਜ ਖ਼ਾਲਸਾ, ਪੰਨਾ ੫-੬

†ਬਰਾਊਨ : ਹਿਸਟਰੀ ਔਫ਼ ਦੀ ਓਰਿਜਨ ਐਂਡ ਪ੍ਰਾਗ੍ਰੈਸ ਔਫ਼ ਦੀ ਸਿਖਸ। (ਬਾਕੀ ਅਗਲੇ ਸਫ਼ੇ ਤੇ ਵੇਖੋ)



Sri Satguru Jagjit Singh Ji eLibrary NamdhariElibrary@gmail.com

ਜਹਾਨ ਖ਼ਾਂ ਨੂੰ ਹਾਰ ਦੇਣ ਵਿਚ ਵੀ ਦੋਹਾਂ ਦਾ ਹੱਥ ਸੀ*। ਪਰ ਇਸ ਲੜਾਈ ਨੇ ਦੋਹਾਂ ਸਰਦਾਰਾਂ ਨੂੰ ਇਕ ਦੂਜੇ ਦਾ ਪੱਕਾ ਵਿਰੋਧੀ ਬਣਾ ਦਿੱਤਾ। ਇਨ੍ਹਾਂ ਦੋਹਾਂ ਸਰਦਾਰਾਂ ਦੇ ਇਲਾਕਿਆਂ ਦੀਆਂ ਹੱਦਾਂ ਆਪਸ ਵਿਚ ਮਿਲਦੀਆਂ ਸਨ, ਇਸ ਲਈ ਇਨ੍ਹਾਂ ਦਾ ਪਹਿਲਾਂ ਵੀ ਕੁਝ ਇਲਾਕਿਆਂ ਬਾਰੇ ਝਗੜਾ ਚਲਦਾ ਹੀ ਰਹਿੰਦਾ ਸੀ†, ਪਰੰਤੂ ਭੰਗੀਆਂ ਤੇ ਕੰਨ੍ਹਈਆਂ ਦੀ ਲੜਾਈ ਨੇ ਇਸ ਝਗੜੇ ਨੂੰ ਬਹੁਤ ਤੇਜ਼ ਕਰ ਦਿੱਤਾ।

ਆਪਣੇ ਘਟ ਰਹੇ ਮਾਣ ਤੇ ਤੇਜ-ਪਰਤਾਪ ਨੂੰ ਬਹਾਲ ਕਰਨ ਲਈ ਜੱਸਾ ਸਿੰਘ ਰਾਮਗੜ੍ਹੀਏ ਨੇ ਆਹਲੂਵਾਲੀਏ ਸਰਦਾਰ ਦੇ ਵਿਰੁੱਧ ਸਾਜ਼ਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਕਪੂਰਥਲੇ ਦੇ ਰਾਇ ਨੂੰ ਚੁਕਿਆ ਕਿ ਆਹਲੂਵਾਲੀਏ ਸਰਦਾਰ ਨੂੰ ਕਰ ਦੇਣ ਤੋਂ ਇਨਕਾਰ ਕਰ ਦੇਵੇ। ਪਰ ਰਾਮਗੜ੍ਹੀਆ ਸਰਦਾਰ ਇਸ ਚਾਲ ਵਿਚ ਸਫ਼ਲ ਨਾ ਹੋ ਸਕਿਆ, ਕਿਉਂਕਿ ਜੱਸਾ ਸਿੰਘ ਆਹਲੂਵਾਲੀਏ ਨੇ ਤੀਹ ਹਜ਼ਾਰ ਦੀ ਭਾਰੀ ਫ਼ੌਜ ਨਾਲ ਕਪੂਰਥਲੇ ਉੱਤੇ ਹੱਲਾ ਬੋਲ ਕੇ ਇਸ ਨੂੰ ਆਪਣੇ ਅਧੀਨ ਕਰ ਲਿਆ‡।

ਜੱਸਾ ਸਿੰਘ ਆਹਲੂਵਾਲੀਆ ਹੁਣ ਅਜਿਹੇ ਮੌਕੇ ਦੀ ਭਾਲ ਵਿਚ ਸੀ, ਜਦ ਉਹ ਰਾਮਗੜ੍ਹੀਏ ਸਰਦਾਰ ਪਾਸੋਂ ਉਸ ਦੀ ਉਪਰੋਕਤ ਸ਼ਰਾਰਤ ਦਾ ਬਦਲਾ ਲੈ ਸਕੇ। ੧੭੭੫ ਵਿਚ ਦੋਹਾਂ ਸਰਦਾਰਾਂ ਦੇ

---

(ਪਿਛਲੇ ਫ਼ੁਟਨੋਟ ਦੀ ਬਾਕੀ)

ਵਿਲੀਅਮਜ਼ : ਸਿਖਸ ਇਨ ਦੀ ਅਪਰ ਦੁਆਬ, ਪੰਨਾ ੧੧.
ਇਨ੍ਹਾਂ ਦੋਹਾਂ ਲਿਖਾਰੀਆਂ ਨੇ ਜੱਸਾ ਸਿੰਘ ਰਾਮਗੜ੍ਹੀਏ ਦਾ ਨਾਂ 'ਤੋਖਾ ਸਿੰਘ' ਅਤੇ 'ਤੋਖਾ ਸਿੰਘ ਬੜਈ' ਕਰ ਕੇ ਲਿਖਿਆ ਹੈ।

*ਜੱਸਾ ਸਿੰਘ ਬਿਨੋਦ, ਸਫ਼ਾ ੧੩੮.

†ਪਰਸੀਅਨ ਰੀਕਾਰਡਜ਼ ਔਫ ਮਰਾਠਾ ਹਿਸਟਰੀ, ਸਫ਼ਾ ੫.

‡ਰਾਮ ਜਸ : ਤਾਰੀਖ਼-ਇ-ਕਪੂਰਥਲਾ, ਪੰਨਾ ੨੫੪-੫੫.



Sri Satguru Jagjit Singh Ji eLibrary NamdhariElibrary@gmail.com

ਵਰਕਾਰ ਬਿਆਸ ਦੇ ਕੰਢੇ ਜ਼ਹੂਰੇ ਪਿੰਡ ਵਿਚ ਇਕ ਛੋਟੀ ਜਹੀ ਮੁਠਭੇੜ ਹੋਈ, ਜਿਸ ਵਿਚ ਜੱਸਾ ਸਿੰਘ ਰਾਮਗੜ੍ਹੀਆ, ਆਹਲੂਵਾਲੀਏ ਸਰਦਾਰ ਦੀ ਗੋਲੀ ਨਾਲ ਫੱਟੜ ਹੋ ਗਿਆ। ਨਤੀਜੇ ਵਜੋਂ ਇਹ ਇਲਾਕਾ ਰਾਮਗੜ੍ਹੀਆਂ ਦੇ ਹੱਥੋਂ ਨਿਕਲ ਗਿਆ*।

ਇਸ ਤਰ੍ਹਾਂ ਰਾਮਗੜ੍ਹੀਆਂ ਤੇ ਆਹਲੂਵਾਲੀਆਂ ਦੀ ਪ੍ਰਸਪਰ ਦੁਸ਼ਮਣੀ ਦਿਨੋ ਦਿਨ ਵਧਦੀ ਗਈ। ਅੰਤ ਇਹ ਖਿੱਚੋਤਾਣ ਇੰਨੀ ਵਧੀ ਕਿ ਜੱਸਾ ਸਿੰਘ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਆਹਲੂਵਾਲੀਏ ਸਰਦਾਰ ਨਾਲ ਭਾਰੀ ਟੱਕਰ ਲੈਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ। ਇਕ ਵਾਰੀ ਜੱਸਾ ਸਿੰਘ ਆਹਲੂਵਾਲੀਆ ਸ਼ਿਕਾਰ ਖੇਡਦਾ ਖੇਡਦਾ ਨੰਗਲ ਪਿੰਡ ਦੇ ਨੇੜੇ ਆ ਨਿਕਲਿਆ। ਇਹ ਪਿੰਡ ਰਾਮਗੜ੍ਹੀਆਂ ਦੇ ਇਲਾਕੇ ਦੇ ਨਾਲ ਲਗਦਾ ਸੀ। ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾ, ਮਾਲੀ ਸਿੰਘ ਨੇ ਆਹਲੂਵਾਲੀਏ ਸਰਦਾਰ ਉੱਤੇ ਅਚਾਨਕ ਹੀ ਹਮਲਾ ਕਰ ਦਿੱਤਾ ਤੇ ਉਸ ਨੂੰ ਫੱਟੜ ਕਰ ਕੇ ਕੈਦ ਕਰ ਲਿਆ। ਇਸ ਤੋਂ ਬਾਅਦ ਉਸ ਨੂੰ ਸ੍ਰੀ ਹਰਿਗੋਬਿੰਦ ਪੁਰ ਲੈ ਗਿਆ। ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੇ ਵਿਰੋਧੀ ਸਰਦਾਰ ਨਾਲ ਬੜਾ ਉਦਾਰਤਾ ਭਰਿਆ ਵਰਤਾਓ ਕੀਤਾ, ਇੱਥੋਂ ਤਕ ਕਿ ਮਾਲੀ ਸਿੰਘ ਦੇ ਅਯੋਗ ਸਲੂਕ ਦੀ ਉਸ ਪਾਸੋਂ ਮਾਫ਼ੀ ਮੰਗੀ। ਅੰਤ ਨੂੰ ਜਦ ਜੱਸਾ ਸਿੰਘ ਆਹਲੂਵਾਲੀਆ ਰਾਜ਼ੀ ਹੋ ਗਿਆ, ਤਾਂ ਰਾਮਗੜ੍ਹੀਏ ਸਰਦਾਰ ਨੇ ਉਸ ਨੂੰ ਖਿਲਅਤ ਦੇ ਕੇ ਬੜੇ ਆਦਰ-ਮਾਣ ਨਾਲ ਵਿਦਿਆ ਕੀਤਾ†।

ਪਰੰਤੂ ਰਾਮਗੜ੍ਹੀਏ ਸਰਦਾਰ ਦਾ ਇਹ ਨਿੱਘਾ ਸਲੂਕ ਤੇ ਉਸ ਦੇ ਉੱਚੇ ਆਚਰਨ ਦਾ ਵਿਖਾਲਾ ਵੀ ਦੋਹਾਂ ਧਿਰਾਂ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ ਵਿਚ ਕੋਈ ਸਹਾਇਤਾ ਨਾ ਕਰ ਸਕਿਆ।

---

*ਗੁਪਤਾ ਹਿਸਟਰੀ ਔਫ ਦੀ ਸਿਖਸ, III, ਪੰਨਾ ੩੭.

†ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਸਫ਼ਾ ੪੭,
ਜੱਸਾ ਸਿੰਘ ਬਿਨੋਦ, ਸਫ਼ਾ ੩੬੧-੬੨,



Sri Satguru Jagjit Singh Ji eLibrary NamdhariElibrary@gmail.com

ਆਹਲੂਵਾਲੀਏ ਸਰਦਾਰ ਨੂੰ ਆਪਣੀ ਹੇਠੀ ਬਹੁਤ ਬੁਰੀ ਤਰ੍ਹਾਂ ਰੜਕ ਰਹੀ ਸੀ ਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਸਾਥੀਆਂ ਦੀ ਇਸ ਦਲੇਰੀ ਦਾ ਸਭ ਸਿੱਖ ਸਰਦਾਰਾਂ ਨੇ ਬੁਰਾ ਮਨਾਇਆ ਸੀ । ਇਸ ਕਰਕੇ ਲਗਪਗ ਸਾਰੇ ਪਰਸਿਧ ਸਰਦਾਰ ਉਸ ਦੇ ਵਿਰੁੱਧ ਹੋ ਗਏ। ਚੜ੍ਹਤ ਸਿੰਘ ਸੁਕਰਚੱਕੀਆ ਵੀ ਹੁਣ ਪੰਜਾਬ ਦੇ ਬਹੁਤ ਉੱਘੇ ਤੇ ਬਲਵਾਨ ਸਿਖ ਸਰਦਾਰਾਂ ਵਿਚ ਗਿਣਿਆ ਜਾਂਦਾ ਸੀ । ਉਸ ਨੇ ਪਹਿਲਾਂ ਵੀ ਭੰਗੀਆਂ ਤੇ ਕਨ੍ਹਈਆਂ ਦੀ ਲੜਾਈ ਵਿਚ ਜੱਸਾ ਸਿੰਘ ਦੀ ਵਿਰੋਧੀ ਧਿਰ ਅਰਥਾਤ ਕਨ੍ਹਈਆਂ ਦਾ ਪੱਖ ਲਿਆ ਸੀ । ਹੁਣ ਜੱਸਾ ਸਿੰਘ ਆਹਲੂਵਾਲੀਏ ਨਾਲ ਇਹ ਘਟਨਾ ਵਾਪਰਨ ਦੇ ਪਿੱਛੋਂ ਉਸ ਦੀ ਰਾਮਗੜ੍ਹੀਦੇ ਸਰਦਾਰ ਨਾਲ ਵਿਰੋਧਤਾ ਹੋਰ ਵਧ ਗਈ। ਇਹ ਖਿੱਚੋਤਾਣ ਇੱਥੋਂ ਤਕ ਵਧੀ ਕਿ ਰਾਮਗੜ੍ਹੀਆਂ ਤੇ ਸੁਕਰਚੱਕੀਆਂ ਵਿਚ ਲੜਾਈ ਹੋ ਪਈ, ਜਿਸ ਵਿਚ ਜੱਸਾ ਸਿੰਘ ਨੇ ਚੜ੍ਹਤ ਸਿੰਘ ਨੂੰ ਹਾਰ ਦਿੱਤੀ ਤੇ ਉਸ ਦੀਆਂ ਕਈ ਬੰਦੂਕਾਂ ਤੇ ਹੋਰ ਬਹੁਤ ਸਾਰਾ ਜੰਗੀ ਸਾਮਾਨ ਕਾਬੂ ਕਰ ਲਿਆ*। ਇੰਨੀ ਭਾਰੀ ਵਿਰੋਧਤਾ ਦੇ ਬਾਵਜੂਦ ਜੱਸਾ ਸਿੰਘ ਆਪਣੇ ਵਿਰੋਧੀਆਂ ਨਾਲ ਸਾਵਾਂ ਤੁਲ ਰਿਹਾ ਸੀ। ਪਰੰਤੂ ਹੁਣ ਅਜਿਹੀ ਹਾਲਤ ਹੋ ਗਈ ਸੀ ਕਿ ਸਤਲੁਜ ਦੇ ਉਰਲੇ ਪਾਸੇ ਦੇ ਲਗਪਗ ਸਾਰੇ ਸਿੱਖ ਸਰਦਾਰ ਉਸ ਦੇ ਵਿਰੁਧ ਹੋ ਗਏ ਸਨ ਤੇ ਉਸ ਨੂੰ ਹਾਰ ਦੇਣ ਲਈ ਉਨ੍ਹਾਂ ਨੇ ਆਪਸ ਵਿਚ ਗੱਠਜੋੜ ਕਰ ਲਿਆ ਸੀ।

---

*ਗੁਪਤਾ : ਹਿਸਟਰੀ ਔਫ ਦੀ ਸਿਖਸ, III, ਪੰਨਾ ੩੭.



Sri Satguru Jagjit Singh Ji eLibrary NamdhariElibrary@gmail.com

੭

# ਜੱਸਾ ਸਿੰਘ ਦੀ ਅਵੁੱਨਤੀ

## (੧੭੭੬ ਈਸਵੀ)

ਜੱਸਾ ਸਿੰਘ ਆਹਲੂਵਾਲੀਏ ਦੀ ਰਾਮਗੜ੍ਹੀਆਂ ਦੇ ਹੱਥੋਂ ਗ੍ਰਿਫ਼ਤਾਰੀ ਅਤੇ ਚੜ੍ਹਤ ਸਿੰਘ ਸੁਕਰਚੱਕੀਏ ਦੀ ਜੱਸਾ ਸਿੰਘ ਰਾਮਗੜ੍ਹੀਏ ਪਾਸੋਂ ਹਾਰ ਨੇ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਬੜਾ ਭਾਰੀ ਪ੍ਰੀਵਰਤਨ ਲਿਆਂਦਾ। ਇਨ੍ਹਾਂ ਦੋਹਾਂ ਘਟਨਾਵਾਂ ਨੂੰ ਵੇਖ ਕੇ ਸਾਰੀਆਂ ਉੱਘੀਆਂ ਉੱਘੀਆਂ ਸਿੱਖ ਮਿਸਲਾਂ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਆਪਣੀ ਤਾਕਤ ਲਈ ਭਾਰੀ ਖ਼ਤਰਾ ਪਰਤੀਤ ਕਰਨ ਲਗ ਪਏ। ਉਨ੍ਹਾਂ ਨੇ ਵੇਖ ਲਿਆ ਸੀ ਕਿ ਰਾਮਗੜ੍ਹੀਆ ਸਰਦਾਰ ਆਹਲੂਵਾਲੀਆਂ, ਕੰਨ੍ਹਈਆਂ ਤੇ ਸੁਕਰਚੱਕੀਆਂ ਸਭ ਨੂੰ ਵਖਰੀ ਵਖਰੀ ਲੜਾਈ ਵਿਚ ਹਾਰ ਦੇ ਚੁਕਾ ਸੀ। ਇਸ ਲਈ ਉਨ੍ਹਾਂ ਨੇ ਉਸ ਨਾਲ ਅੱਡ ਅੱਡ ਲੜਨ ਦੀ ਥਾਂ ਮਿਲ ਕੇ ਟੱਕਰ ਲੈਣ ਦਾ ਫ਼ੈਸਲਾ ਕੀਤਾ। ਨਤੀਜਾ ਇਹ ਹੋਇਆ ਕਿ ਉਸ ਦੇ ਵਿਰੁੱਧ ਇਕ ਤਕੜਾ ਗੱਠਜੋੜ ਬਣ ਗਿਆ, ਜਿਸ ਦਾ ਮੰਤਵ ਉਸ ਦੀ ਤਾਕਤ ਨੂੰ ਪੂਰਨ ਤੌਰ ਤੇ ਖ਼ਤਮ ਕਰਨਾ ਸੀ।

ਕੁਦਰਤੀ ਤੌਰ ਤੇ ਇਸ ਸਾਂਝੇ ਮੋਰਚੇ ਨੂੰ ਹੋਂਦ ਵਿਚ ਲਿਆਉਣ ਵਿਚ ਬਹੁਤਾ ਹੱਥ ਜੱਸਾ ਸਿੰਘ ਆਹਲੂਵਾਲੀਏ ਦਾ ਸੀ। ੧੭੭੬ ਈਸਵੀ ਵਿਚ ਉਸ ਨੇ ਰਾਮਗੜ੍ਹੀਏ ਸਰਦਾਰ ਨੂੰ ਖ਼ਤਮ ਕਰਨ ਲਈ ਬਾਕੀ ਦੇ ਸਿੱਖ ਸਰਦਾਰਾਂ ਪਾਸੋਂ ਸਹਾਇਤਾ ਮੰਗੀ। ਚੜ੍ਹਤ ਸਿੰਘ ਸੁਕਰਚੱਕੀਏ ਤੇ ਜੈ ਸਿੰਘ ਕੰਨ੍ਹਈਏ ਤੋਂ ਛੁਟ ਇਸ ਵੇਰਾਂ ਭੰਗੀ ਸਰਦਾਰ ਵੀ ਜੱਸਾ ਸਿੰਘ ਆਹਲੂਵਾਲੀਏ ਦੀ ਮਦਦ ਲਈ ਤਿਆਰ ਹੋ ਗਏ।



Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਰਾਮਗੜ੍ਹੀਏ ਸਰਦਾਰ ਨੂੰ ਪੰਜਾਬ ਦੀਆਂ ਸਭ ਪਰਸਿਧ ਤੇ ਬਲਵਾਨ ਮਿੱਸਲਾਂ ਦਾ ਸਾਂਝਾ ਟਾਕਰਾ ਕਰਨਾ ਪਿਆ।

ਇਨ੍ਹਾਂ ਚਹੁੰਆਂ ਪਰਸਿਧ ਮਿਸਲਾਂ ਦੀਆਂ ਸੰਮਿਲਤ ਫੌਜਾਂ ਨੇ ਰਾਮਗੜ੍ਹੀਆਂ ਦੇ ਇਲਾਕੇ ਉੱਤੇ ਚੜ੍ਹਾਈ ਕਰ ਦਿੱਤੀ। ਉਨ੍ਹਾਂ ਦੇ ਹਮਲੇ ਦਾ ਸਭ ਤੋਂ ਪਹਿਲਾ ਨਿਸ਼ਾਨਾ ਰਾਮਗੜ੍ਹੀਆਂ ਦੀ ਰਾਜਧਾਨੀ ਸ੍ਰੀ ਹਰਿਗੋਬਿੰਦਪੁਰ ਸੀ। ਇੱਸੇ ਸ਼ਹਿਰ ਤੋਂ ਹੀ ਜੱਸਾ ਸਿੰਘ ਆਪਣੇ ਬਾਕੀ ਦੇ ਇਲਾਕਿਆਂ ਉੱਤੇ ਅਧਿਕਾਰ ਰੱਖ ਰਿਹਾ ਸੀ। ਇਸ ਹਮਲੇ ਦੇ ਉੱਘੇ ਆਗੂ ਜੈ ਸਿੰਘ ਅਤੇ ਹਕੀਕਤ ਸਿੰਘ ਕੰਨ੍ਹਈਆ ਸਨ। ਰਾਮਗੜ੍ਹੀਏ ਸਰਦਾਰ ਨੇ ਬੜੀ ਦਲੇਰੀ ਤੇ ਸੂਰਬੀਰਤਾ ਨਾਲ ਉਨ੍ਹਾਂ ਦਾ ਟਾਕਰਾ ਕੀਤਾ, ਪਰ ਦੁਸ਼ਮਣ ਦੀ ਭਾਰੀ ਗਿਣਤੀ ਅਤੇ ਵਧੀਆ ਫੌਜੀ ਤਾਕਤ ਦੇ ਅੱਗੇ ਕੋਈ ਪੇਸ਼ ਨਾ ਜਾਂਦੀ ਵੇਖ ਕੇ ਉਸ ਨੇ ਸ਼ਹਿਰ ਖ਼ਾਲੀ ਕਰ ਦਿੱਤਾ।

ਸ੍ਰੀ ਹਰਿਗੋਬਿੰਦਪੁਰ ਦੀ ਜਿੱਤ ਤੋਂ ਬਾਅਦ ਸੰਮਿਲਤ ਫੌਜਾਂ ਨੇ ਬਟਾਲੇ ਵਲ ਮੂੰਹ ਕੀਤਾ। ਬਟਾਲਾ ਜੱਸਾ ਸਿੰਘ ਦੇ ਇਲਾਕਿਆਂ ਦਾ ਸਭ ਤੋਂ ਉੱਘਾ ਨਗਰ ਸੀ। ਇਸ ਵਿਚ ਇਕ ਕਿਲ੍ਹਾ ਵੀ ਸੀ ਜਿਸ ਕਰਕੇ ਇਸ ਦੀ ਮਹਾਨਤਾ ਹੋਰ ਵੀ ਵਧ ਗਈ ਸੀ। ਜੱਸਾ ਸਿੰਘ ਨੇ ਇਹ ਇਲਾਕਾ ਆਪਣੇ ਭਰਾ ਮਾਲੀ ਸਿੰਘ ਦੇ ਸਪੁਰਦ ਕੀਤਾ ਹੋਇਆ ਸੀ। ਮਾਲੀ ਸਿੰਘ ਨੇ ਸ਼ਹਿਰ ਨੂੰ ਹੋਰ ਸੁਰਖਿਅਤ ਕਰਨ ਲਈ ਕਈ ਸਾਧਨ ਵਰਤੇ ਅਤੇ ਬੀਰਤਾ ਨਾਲ ਲੜਾਈ ਕੀਤੀ। ਇਨ੍ਹਾਂ ਸਭ ਗੱਲਾਂ ਦੇ ਕਾਰਨ ਸੰਮਿਲਤ ਫੌਜਾਂ ਲਈ ਬਟਾਲੇ ਦੀ ਜਿੱਤ ਸ੍ਰੀ ਹਰਿਗੋਬਿੰਦ ਪੁਰ ਜਿੰਨੀ ਸੌਖੀ ਨਹੀਂ ਸੀ। ਜਦੋਂ ਬਟਾਲੇ ਉੱਤੇ ਹੱਲਾ ਹੋਇਆ, ਤਾਂ ਮਾਲੀ ਸਿੰਘ ਨੇ ਸ਼ਹਿਰ ਨੂੰ ਬਚਾਉਣ ਲਈ ਸਿਰਤੋੜ ਜਤਨ ਕੀਤਾ। ਬਟਾਲੇ ਦੇ ਦੁਆਲੇ ਕਈ ਦਿਨ ਘੇਰਾ ਪਿਆ ਰਿਹਾ, ਇੱਥੋਂ ਤਕ ਕਿ ਸੰਮਿਲਤ ਫੌਜਾਂ ਸ਼ਹਿਰ ਦੀ ਜਿੱਤ ਵੱਲੋਂ ਨਿਰਾਸ ਹੋ ਗਈਆਂ। ਨਤੀਜਾ ਇਹ ਹੋਇਆ ਕਿ ਹਮਲਾ ਕਰਨ ਵਾਲੇ ਸਰਦਾਰਾਂ ਨੇ ਛਲ-ਫਰੇਬ ਤੋਂ



Sri Satguru Jagjit Singh Ji eLibrary NamdhariElibrary@gmail.com

ਕੰਮ ਲੈਣ ਦੀ ਸਕੀਮ ਬਣਾਈ। ਅੰਤ ਉਹ ਮਾਲੀ ਸਿੰਘ ਦੇ ਕੁਝ ਨੋਕਰਾਂ ਨੂੰ ਲੋਭ-ਲਾਲਚ ਦੇ ਕੇ ਆਪਣੇ ਵੱਲ ਕਰਨ ਵਿਚ ਕਾਮਯਾਬ ਹੋ ਗਏ। ਰਾਜ ਸਿੰਘ, ਦੇਵਾ ਸਿੰਘ, ਤਾਰਾ ਚੰਦ ਤੇ ਮਨਸਾ ਧਾਰੀ ਕਾਨੂੰਗੋ ਆਦਿ ਕਈ ਕਰਮਚਾਰੀਆਂ ਨੇ ਗ਼ੱਦਾਰੀ ਕਰ ਕੇ ਮਾਲੀ ਸਿੰਘ ਦਾ ਸਾਥ ਛਡ ਦਿੱਤਾ ਤੇ ਹਮਲਾਆਵਰ ਫ਼ੌਜਾਂ ਲਈ ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਸ ਤਰ੍ਹਾਂ ਇਹ ਪਰਸਿਧ ਸ਼ਹਿਰ ਵੀ ਰਾਮਗੜ੍ਹੀਆਂ ਦੇ ਹੱਥੋਂ ਨਿਕਲ ਗਿਆ*।

ਰਾਮਗੜ੍ਹੀਆਂ ਦੇ ਇਲਾਕਿਆਂ ਦਾ ਤੀਜਾ ਉੱਘਾ ਸ਼ਹਿਰ ਕਲਾਨੌਰ ਸੀ†। ਇਸ ਦਾ ਪਰਬੰਧ ਜੱਸਾ ਸਿੰਘ ਦੇ ਸਭ ਤੋਂ ਛੋਟੇ ਭਰਾ ਤਾਰਾ ਸਿੰਘ ਦੇ ਹੱਥ ਵਿਚ ਸੀ। ਬਟਾਲੇ ਤੋਂ ਬਾਅਦ ਸੰਮਿਲਤ ਫ਼ੌਜਾਂ ਨੇ ਇਸ ਉੱਤੇ ਧਾਵਾ ਕੀਤਾ। ਤਾਰਾ ਸਿੰਘ ਨੇ ਬੜੀ ਦਲੇਰੀ ਨਾਲ ਵੈਰੀਆਂ ਦਾ ਮੁਕਾਬਲਾ ਕੀਤਾ ਅਤੇ ਬੀਰਤਾ ਨਾਲ ਲੜਦਾ ਹੋਇਆ ਮਾਰਿਆ ਗਿਆ। ਇਹ ਵੇਖ ਕੇ ਉਸ ਦੀਆਂ ਫ਼ੌਜਾਂ ਵਿਚ ਭਾਜੜ ਪੈ ਗਈ ਤੇ ਕਲਾਨੌਰ ਵੀ ਕਨ੍ਹਈਆਂ ਦੇ ਕਬਜ਼ੇ ਵਿਚ ਆ ਗਿਆ। ਬਾਅਦ ਵਿਚ ਇਹ ਇਲਾਕਾ ਹਕੀਕਤ ਸਿੰਘ ਕੰਨ੍ਹਈਏ ਨੂੰ ਦੇ ਦਿੱਤਾ ਗਿਆ‡।

ਇਨ੍ਹਾਂ ਤਿੰਨਾਂ ਉੱਘੇ ਸ਼ਹਿਰਾਂ ਵਿਚ ਹਾਰ ਖਾਣ ਤੋਂ ਪਿੱਛੋਂ ਜੱਸਾ ਸਿੰਘ ਰਾਮਗੜ੍ਹੀਆ ਮੈਦਾਨੀ ਇਲਾਕੇ ਵਿਚ ਕਿਸੇ ਥਾਂ ਵੀ

---

*ਸੋਹਣ ਲਾਲ : ਉਮਦਤ-ਉਲ-ਤਵਾਰੀਖ਼, I, ਦਫ਼ਤਰ ੧, ਪੰਨਾ ੨੦
ਜੱਸਾ ਸਿੰਘ ਬਿਨੋਦ, ਪੰਨਾ ੩੮੪.

†ਇਹ ਉਹੀ ਅਸਥਾਨ ਹੈ, ਜਿੱਥੇ ਪਰਸਿਧ ਮੁਗ਼ਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ।

‡ਅਹਿਮਦ ਸ਼ਾਹ ਬਟਾਲੀਆ : ਤਾਰੀਖ਼-ਇ-ਹਿੰਦ, ਸਫ਼ਾ ੨੭੦.



Sri Satguru Jagjit Singh Ji eLibrary NamdhariElibrary@gmail.com

ਜੰਮ ਕੇ ਵੈਰੀ ਨਾਲ ਟਾਕਰਾ ਨਾ ਕਰ ਸਕਿਆ। ਇਸ ਤਰ੍ਹਾਂ ਉਸ ਦੇ ਜਲੰਧਰ ਦੁਆਬੇ ਦੇ ਸਾਰੇ ਇਲਾਕੇ ਵੀ ਆਹਲੂਵਾਲੀਆਂ, ਕੰਨ੍ਹਈਆਂ, ਸੁਕਰਚੱਕੀਆਂ ਤੇ ਭੰਗੀਆਂ ਦੀਆਂ ਸੰਮਿਲਤ ਫੌਜਾਂ ਨੇ ਫ਼ਤਹ ਕਰ ਲਏ । ਜੱਸਾ ਸਿੰਘ ਦੇ ਸਾਰੇ ਇਲਾਕੇ ਉਸ ਦੇ ਹੱਥੋਂ ਨਿਕਲ ਜਾਣ ਤੋਂ ਬਾਅਦ ਇਹ ਕੁਦਰਤੀ ਸੀ ਕਿ ਪਹਾੜੀ ਰਾਜੇ ਵੀ ਉਸ ਦੀ ਪ੍ਰਮੁੱਖਤਾ ਮੰਨਣ ਤੋਂ ਇਨਕਾਰ ਕਰ ਦੇਣ । ਸੋ ਜੱਸਾ ਸਿੰਘ ਦੇ ਉਤਾਰ ਦੇ ਕਾਰਨ ਉਹ ਵੀ ਸੁਤੰਤਰ ਹੋ ਗਏ। ਇਸ ਤਰ੍ਹਾਂ ਇਨ੍ਹਾਂ ਚਾਰ ਮਿਸਲਾਂ ਦੇ ਗਠਜੋੜ ਨੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਨਾ ਕੇਵਲ ਉਸ ਦੇ ਇਲਾਕੇ ਵਿੱਚੋਂ ਕੱਢ ਦਿੱਤਾ, ਸਗੋਂ ਸਤਲੁਜੋਂ ਪਾਰ ਜਾਣ ਲਈ ਮਜਬੂਰ ਕਰ ਦਿੱਤਾ।

੮

# ਦੇਸ ਨਿਕਾਲਾ

## (੧੭੭੬-੧੭੮੩)

੧੭੭੬ ਈਸਵੀ ਵਿਚ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਜੋ ਪ੍ਰੀਵਰਤਣ ਹੋਇਆ, ਉਸ ਦੇ ਨਤੀਜੇ ਵਜੋਂ ਸਤਲੁਜ ਤੋਂ ਉੱਤਰ ਵੱਲ ਦੇ ਇਲਾਕੇ ਵਿਚ ਜੱਸਾ ਸਿੰਘ ਰਾਮਗੜ੍ਹੀਏ ਦੀ ਤਾਕਤ ਮੂਲੋਂ ਹੀ ਖ਼ਤਮ ਹੋ ਗਈ ਤੇ ਆਪਣੇ ਅਧਿਕਾਰ ਨੂੰ ਨਵੇਂ ਸਿਰੇ ਕਾਇਮ ਕਰਨ ਲਈ ਉਸ ਨੂੰ ਇਕ ਵਾਰੀ ਫਿਰ ਇਕ ਤਕੜਾ ਘੋਲ ਕਰਨਾ ਪਿਆ। ਹੁਣ ਉਸ ਨੇ ਸਤਲੁਜ ਤੋਂ ਪਾਰ ਮਾਲਵੇ ਆਦਿ ਇਲਾਕਿਆਂ ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਵਿਚਾਰ ਕੀਤਾ। ਜਦ ਜੱਸਾ ਸਿੰਘ ਸਤਲੁਜ ਵਲ ਕੂਚ ਕਰ ਰਿਹਾ ਸੀ, ਤਾਂ ਜੱਸਾ ਸਿੰਘ ਆਹਲੂਵਾਲੀਏ ਦੇ ਭਤੀਜੇ ਭਾਗ ਸਿੰਘ ਨੇ ਉਸ ਦਾ ਪਿੱਛਾ ਕਰਨ ਦਾ ਜਤਨ ਕੀਤਾ। ਇਸ ਉੱਤੇ ਜੱਸਾ ਸਿੰਘ ਆਪਣੇ ਇਕ ਮਿੱਤਰ ਰਣਜੀਤ ਸਿੰਘ ਨੂੰ ਪਿੰਡ ਲਖ ਪੁਰ* ਵਿਚ ਜਾ ਕੇ ਮਿਲਿਆ। ਰਣਜੀਤ ਸਿੰਘ ਦੇ ਵਿਚ ਪੈਣ ਦਾ ਨਤੀਜਾ ਇਹ ਹੋਇਆ ਕਿ ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਭਤੀਜੇ ਨੂੰ ਰਾਮਗੜ੍ਹੀਏ ਸਰਦਾਰ ਦਾ ਟਾਕਰਾ ਕਰਨ ਤੋਂ ਵਰਜ ਦਿੱਤਾ। ਇਸ ਤਰ੍ਹਾਂ ਉਹ ਸੁੱਖ-ਸਾਂਦ ਨਾਲ ਸਤਲੁਜੋਂ ਪਾਰ ਹੋ ਗਿਆ ਤੇ ਉਸ ਨੇ ਇਸ ਨਵੇਂ ਇਲਾਕੇ ਵਿਚ ਕਿਸਮਤ-ਅਜ਼ਮਾਈ ਕਰਨ ਦਾ

*ਇਹ ਪਿੰਡ ਅਜ ਕਲ੍ਹ ਕਪੂਰਥਲੇ ਦੇ ਜ਼ਿਲੇ ਵਿਚ ਫਗਵਾੜੇ ਦੇ ਨੇੜੇ ਹੈ।



Sri Satguru Jagjit Singh Ji eLibrary NamdhariElibrary@gmail.com

ਇਰਾਦਾ ਬਣਾ ਲਿਆ। ਇਹ ਉਸ ਦੇ ਜਿੱਤਾਂ ਵਾਲੇ ਜੀਵਨ-ਘੋਲ ਦਾ ਦੂਜਾ ਦੌਰ ਸੀ*।

ਜੱਸਾ ਸਿੰਘ ਦੇ ਸਤਲੁਜ ਪਾਰ ਕਰਨ ਤੋਂ ਪਿਛੋਂ ਪਟਿਆਲੇ ਦੇ ਰਾਜਾ ਅਮਰ ਸਿੰਘ† ਨੇ ਉਸ ਦਾ ਬੜਾ ਨਿੱਘਾ ਸਵਾਗਤ ਕੀਤਾ ਤੇ ਉਸ ਨੂੰ ਆਪਣੇ ਕੋਲ ਨੌਕਰੀ ਦੀ ਪੇਸ਼ਕਸ਼ ਕੀਤੀ। ਜੱਸਾ ਸਿੰਘ ਕੋਲ ਇਸ ਵੇਲੇ ਲਗ ਪਗ ਚਾਰ ਹਜ਼ਾਰ‡ ਫ਼ੌਜੀ ਜੁਆਨ ਸਨ ਤੇ ਰਾਜਾ

---

*ਅਲੀ-ਉਦ-ਦੀਨ : ਤਾਰੀਖ਼-ਇ-ਸਿੱਖਾਂ, ੯੮.

ਜੱਸਾ ਸਿੰਘ ਬਿਨੋਦ, ਸਫ਼ਾ ੩੮੪.

ਅਲੀ-ਉਦ-ਦੀਨ ਅਤੇ ਜੱਸਾ ਸਿੰਘ ਬਿਨੋਦ ਦੇ ਲੇਖਕ ਰਾਮ ਸੁਖ ਰਾਓ ਦੇ ਕਥਨ ਅਨੁਸਾਰ ਜੱਸਾ ਸਿੰਘ ਆਪਣੇ ਬਾਲ ਬੱਚੇ ਨੂੰ ਰਣਜੀਤ ਸਿੰਘ ਪਾਸ ਲਖ ਪੁਰ ਹੀ ਛਡ ਗਿਆ ਸੀ। ਪਰ ਫ਼ਰਵਰੀ ੧੭੮੩ ਵਿਚ ਪੇਸ਼ਵਾ ਵਲ ਲਿਖੀ ਗਈ ਫ਼ਾਰਸੀ ਦੀ ਇਕ ਚਿੱਠੀ ਤੋਂ ਪਤਾ ਲਗਦਾ ਹੈ ਕਿ ਜੱਸਾ ਸਿੰਘ ਆਪਣੇ ਪਰਵਾਰ ਸਮੇਤ ਸ਼ਿਕਾਰ ਤਲ (ਗੰਗਾ ਦੇ ਮੈਦਾਨ) ਵਿਚ ਰਹਿ ਰਿਹਾ ਸੀ। ਉਪਰੋਕਤ ਇਤਿਹਾਸਕਾਰਾਂ ਨੂੰ ਜੱਸਾ ਸਿੰਘ ਦੀ ਰਣਜੀਤ ਸਿੰਘ ਨਾਲ ਸਧਾਰਨ ਮੁਲਾਕਾਤ ਤੋਂ ਟਪਲਾ ਲੱਗਾ ਜਾਪਦਾ ਹੈ।

(ਪਰਸ਼ੀਅਨ ਰੀਕਾਰਡਜ਼ ਔਫ਼ ਮਰਾਠਾ ਹਿਸਟਰੀ, ੧੧੯)

†ਰਾਜਾ ਅਮਰ ਸਿੰਘ ਪਟਿਆਲਾ ਰਿਆਸਤ ਦੇ ਮੋਢੀ ਆਲਾ ਸਿੰਘ ਦਾ ਪੋਤਰਾ ਸੀ। ਉਸ ਨੇ ਆਪਣੇ ਦਾਦੇ ਦੇ ਜਿੱਤੇ ਹੋਏ ਸਭ ਇਲਾਕਿਆਂ ਨੂੰ ਸੰਗਠਤ ਕੀਤਾ ਅਤੇ ਕਈ ਹੋਰ ਇਲਾਕੇ ਜਿੱਤ ਕੇ ਆਪਣਾ ਰਾਜ ਕਾਫ਼ੀ ਵਧਾ ਲਿਆ। ਉਸ ਨੇ ਭੱਟੀਆਂ ਅਤੇ ਹਰੀ ਸਿੰਘ ਸਿਆਲਬੇ ਦੇ ਵਿਰੁੱਧ ਸਫਲ ਲੜਾਈਆਂ ਲੜੀਆਂ ਅਤੇ ਦਿੱਲੀ ਦੇ ਵਜ਼ੀਰ ਮਾਜਦ-ਉਦ-ਦੌਲਾ ਦਾ ਵੀ ਬੜੀ ਯੋਗਤਾ ਨਾਲ ਟਾਕਰਾ ਕੀਤਾ। ਆਪਣੀ ਸਿਆਣਪ ਅਤੇ ਨੀਤੀ-ਨਿਪੁਨਤਾ ਨਾਲ ਉਸ ਨੇ ਖ਼ਾਲਸੇ ਤੇ ਮੁਗਲਾਂ ਦੋਹਾਂ ਨਾਲ ਮਿੱਤਰਤਾ ਬਣਾਈ ਰੱਖੀ ਅਤੇ ਆਪਣੀ ਸੂਰਬੀਰਤਾ ਅਤੇ ਦਲੇਰੀ ਨਾਲ ਉਸ ਨੇ ਪਟਿਆਲਾ ਰਿਆਸਤ ਨੂੰ ਸਤਲੁਜ ਤੇ ਜਮਨਾ ਦੇ ਵਿਚਕਾਰ ਦੀਆਂ ਸਭ ਰਿਆਸਤਾਂ ਨਾਲੋਂ ਬਲਵਾਨ ਬਣਾ ਲਿਆ।

‡ਖ਼ੁਸ਼ਵਕਤ ਰਾਏ ; ਤਾਰੀਖ਼-ਇ-ਸਿੱਖਾਂ, ੯੮.



Sri Satguru Jagjit Singh Ji eLibrary NamdhariElibrary@gmail.com

ਅਮਰ ਸਿੰਘ ਉਸ ਦੇ ਤਜਰਬੇ, ਸਿਆਣਪ ਤੇ ਫ਼ੌਜੀ ਬੱਲ ਤੋਂ ਲਾਭ ਉਠਾਣਾ ਚਾਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਉਸ ਨੇ ਭੱਟੀਆਂ ਦੇ ਵਿਰੁੱਧ ਬੜਾ ਭਿਆਨਕ ਜੁੱਧ ਛੇੜਿਆ ਹੋਇਆ ਸੀ ਤੇ ਉਸ ਨੂੰ ਜੱਸਾ ਸਿੰਘ ਵਰਗੇ ਨਿਪੁੰਨ ਜਰਨੈਲ ਦੀ ਸਹਾਇਤਾ ਦੀ ਅਤਿਅੰਤ ਲੋੜ ਸੀ। ਸੋ ਪਟਿਆਲਾ-ਨਰੇਸ਼ ਨੇ ਉਸ ਨੂੰ ਖ਼ੁਸ਼ ਕਰਨ ਲਈ ਹਾਂਸੀ ਤੇ ਹਿਸਾਰ ਦੇ ਇਲਾਕੇ ਜਗੀਰ ਵਿਚ ਦੇ ਦਿੱਤੇ। ਪਰੰਤੂ ਜੱਸਾ ਸਿੰਘ ਨੇ, ਜੋ ਸੁਤੰਤਰ ਮੱਲਾਂ ਮਾਰਨ ਦਾ ਆਦੀ ਹੋ ਚੁਕਾ ਸੀ, ਪਟਿਆਲੇ ਦੀ ਨੌਕਰੀ ਕਰਨੀ ਮੁਨਾਸਬ ਨਾ ਸਮਝੀ ਤੇ ਆਪਣੀ ਕਿਸਮਤ-ਅਜ਼ਮਾਈ ਲਈ ਹੋਰ ਪਰੇ ਹਰਿਆਨੇ ਤੇ ਯੂ. ਪੀ. ਵਿਚ ਜਾਣ ਦਾ ਫ਼ੈਸਲਾ ਕੀਤਾ। ਉਸ ਨੇ ਹਾਂਸੀ ਤੇ ਹਿਸਾਰ ਦੀ ਜਾਗੀਰ ਆਪਣੇ ਪੁੱਤਰ ਜੋਧ ਸਿੰਘ ਦੇ ਸਪੁਰਦ ਕਰ ਦਿੱਤੀ, ਜਿਸ ਨੇ ਇਨ੍ਹਾਂ ਇਲਾਕਿਆਂ ਦਾ ਸਫ਼ਲ ਪਰਬੰਧ ਕਰਨ ਤੋਂ ਛੁਟ ਰਾਜਾ ਅਮਰ ਸਿੰਘ ਨੂੰ ਕਈ ਲੜਾਈਆਂ ਵਿਚ ਮਦਦ ਵੀ ਦਿੱਤੀ*।

ਜੱਸਾ ਸਿੰਘ ਹਾਲੀ ਪਟਿਆਲੇ ਦੇ ਨੇੜੇ-ਤੇੜੇ ਹੀ ਘੁੰਮ ਰਿਹਾ ਸੀ ਕਿ ਪਟੌਦੀ ਦੇ ਨਵਾਬ ਦੀ ਕਮਾਨ ਹੇਠ ਕਈ ਛੋਟੇ ਛੋਟੇ ਰਾਜਿਆਂ ਨੇ ਰਾਜਾ ਅਮਰ ਸਿੰਘ ਉੱਤੇ ਹੱਲਾ ਬੋਲ ਦਿੱਤਾ। ਪਟਿਆਲਾ-ਨਰੇਸ਼ ਇਕੱਲਾ ਇਸ ਹਮਲੇ ਦਾ ਟਾਕਰਾ ਕਰਨ ਤੋਂ ਅਸਮਰਥ ਸੀ, ਇਸ ਲਈ ਉਸ ਨੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਆਪਣੀ ਸਹਾਇਤਾ ਲਈ ਸੱਦ ਭੇਜਿਆ। ਰਾਮਗੜ੍ਹੀਆ ਸਰਦਾਰ ਝਟ ਪਟ ਆਪਣੇ ਮਿੱਤਰ ਦੀ ਸਹਾਇਤਾ ਲਈ ਪਹੁੰਚ ਗਿਆ। ਦੋਹਾਂ ਦੀਆਂ ਫ਼ੌਜਾਂ ਨੇ ਮਿਲ ਕੇ ਹਮਲਾ-ਆਵਰਾਂ ਨੂੰ ਤਕੜੀ ਹਾਰ ਦਿੱਤੀ ਅਤੇ ਪਟਿਆਲੇ ਦੇ ਇਲਾਕੇ ਵਿਚੋਂ ਉਨ੍ਹਾਂ ਨੂੰ ਬਾਹਰ ਕਢ ਦਿਤਾ†।

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੯੮;
ਤਜ਼ਕਰਾ-ਇ-ਖ਼ਾਨਦਾਨ-ਇ-ਰਾਜਾ ਹਾਇ ਫੂਲਕੀਆਂ, ੫੬;

†ਸੁੰਦਰ ਸਿੰਘ : ਐਨਲਜ਼ ਔਫ਼ ਰਾਮਗੜ੍ਹੀਆ ਸਰਦਾਰਜ਼, ਸਫ਼ਾ ੮,



Sri Satguru Jagjit Singh Ji eLibrary NamdhariElibrary@gmail.com

ਰਾਜਾ ਅਮਰ ਸਿੰਘ ਆਪਣੇ ਬੱਲ ਤੇ ਨੀਤੀਵਾਨਤਾ ਦੇ ਕਾਰਨ ਦਿਨੋ-ਦਿਨ ਉੱਨਤੀ ਕਰ ਰਿਹਾ ਸੀ, ਇਸ ਲਈ ਉਸ ਦੇ ਗਵਾਂਢੀ ਸਿੱਖ ਸਰਦਾਰ ਉਸ ਨਾਲ ਈਰਖਾ ਕਰਦੇ ਸਨ। ਇਨ੍ਹਾਂ ਸਾਰਿਆਂ ਵਿੱਚੋਂ ਹਰੀ ਸਿੰਘ ਸਿਆਲਬਾ* ਉਸ ਦਾ ਸਭ ਤੋਂ ਕੱਟੜ ਵੈਰੀ ਸੀ, ਇਸ ਲਈ ਉਹ ਇਸ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ੧੭੭੮ ਈਸਵੀ ਵਿਚ ਰਾਜਾ ਅਮਰ ਸਿੰਘ ਨੇ ਹਰੀ ਸਿੰਘ ਉੱਤੇ ਹਮਲਾ ਕਰ ਦਿੱਤਾ। ਜੱਸਾ ਸਿੰਘ ਰਾਮਗੜ੍ਹੀਏ ਦਾ ਪੁੱਤਰ ਜੋਧ ਸਿੰਘ ਵੀ ਇਸ ਲੜਾਈ ਵਿਚ ਉਹਦੇ ਨਾਲ ਸ਼ਾਮਲ ਸੀ ਤੇ ਉਹਦੀ ਸਹਾਇਤਾ ਨਾਲ ਰਾਜਾ ਅਮਰ ਸਿੰਘ ਨੇ ਹਰੀ ਸਿੰਘ ਉੱਤੇ ਸ਼ਾਨਦਾਰ ਜਿੱਤ ਪਰਾਪਤ ਕੀਤੀ†।

---

*ਹਰੀ ਸਿੰਘ ਸਿਆਲਬਾ, ਜਿਸ ਨੂੰ ਹਰੀ ਸਿੰਘ ਲੰਗਾ ਵੀ ਕਿਹਾ ਜਾਂਦਾ ਹੈ, ਡੱਲੇਵਾਲੀਆ ਮਿਸਲ ਦਾ ਸਰਦਾਰ ਸੀ। ਉਸ ਦੇ ਇਲਾਕੇ ਸਤਲੁਜ ਦਰਿਆ ਦੇ ਦੋਹੀਂ ਪਾਸੀਂ ਸਨ ਤੇ ਉਸ ਦੀ ਰਿਆਸਤ ਦੇ ਉੱਘੇ ਨੱਗਰ ਸਿਆਲਬਾ, ਰੋਪੜ, ਖ਼ੈਰਾਬਾਦ ਅਤੇ ਕੁਰਾਲੀ ਸਨ।

†ਤਜ਼ਕਰਾ-ਇ-ਖ਼ਾਨਦਾਨ-ਇ-ਰਾਜਾ ਹਾਏ ਫੂਲਕੀਆਂ, ਸਫ਼ਾ ੪੩-੪੪.

ਗ੍ਰਿਫ਼ਨ ਅਤੇ ਮੁਹੰਮਦ ਹੱਸਨ ਲਿਖਦੇ ਹਨ ਕਿ ਇਸ ਲੜਾਈ ਵਿਚ ਜੱਸਾ ਸਿੰਘ ਰਾਮਗੜ੍ਹੀਆ ਹਰੀ ਸਿੰਘ ਸਿਆਲਬੇ ਦੇ ਨਾਲ ਸੀ। ਪਰੰਤੂ ਉਨ੍ਹਾਂ ਦਾ ਇਹ ਕਥਨ ਅਸਲੀਅਤ ਦੇ ਵਿਰੁੱਧ ਹੈ। ਇਕ ਤਾਂ ਇਸ ਲਈ ਕਿ ਜੱਸਾ ਸਿੰਘ ਦਾ ਪੁੱਤਰ ਜੋਧ ਸਿੰਘ ਰਾਜਾ ਅਮਰ ਸਿੰਘ ਵੱਲ ਹੋ ਕੇ ਲੜ ਰਿਹਾ ਸੀ ਤੇ ਦੂਜੇ ਇਸ ਲੜਾਈ ਤੋਂ ਪਿੱਛੋਂ ਦੇ ਹਾਲਾਤ ਅਤੇ ਜੱਸਾ ਸਿੰਘ ਤੇ ਰਾਜਾ ਅਮਰ ਸਿੰਘ ਦੀ ਮਿੱਤਰਤਾ ਇਸ ਗੱਲ ਨੂੰ ਗ਼ਲਤ ਸਿੱਧ ਕਰਦੇ ਹਨ।

ਤਜ਼ਕਰਾ-ਇ-ਖ਼ਾਨਦਾਨ-ਇ-ਰਾਜਾ ਹਾਏ ਫੂਲਕੀਆਂ ਦਾ ਖਰੜਾ ਇਨ੍ਹਾਂ ਦੋਹਾਂ ਇਤਿਹਾਸਕਾਰਾਂ ਤੋਂ ਪਹਿਲਾਂ ਦਾ ਹੈ। ਕਰਮ ਸਿੰਘ ਹਿਸਟੋਰੀਅਨ ਦੇ ਖ਼ਿਆਲ ਵਿਚ ਇਹ ਖਰੜਾ ੧੮੨੩ ਈ: ਵਿਚ ਲਿਖਿਆ ਗਿਆ ਸੀ। ਇਸ ਲਿਖਾਰੀ ਨੇ ਵੀ ਇਹ ਨਹੀਂ ਮੰਨਿਆ ਕਿ ਜੱਸਾ ਸਿੰਘ ਨੇ ਇਸ ਲੜਾਈ ਵਿਚ ਹਰੀ ਸਿੰਘ ਦੀ ਸਹਾਇਤਾ ਕੀਤੀ ਸੀ। ਸੋ ਮੁਹੰਮਦ ਹੱਸਨ ਤੇ ਗ੍ਰਿਫ਼ਨ ਦਾ ਉਪਰੋਕਤ ਕਥਨ ਮੰਨਣ-ਯੋਗ ਨਹੀਂ।



Sri Satguru Jagjit Singh Ji eLibrary NamdhariElibrary@gmail.com

ਇਸ ਜਿੱਤ ਤੋਂ ਛੇਤੀ ਪਿਛੋਂ ਰਾਜਾ ਅਮਰ ਸਿੰਘ ਇਕ ਵੱਡੀ ਬਿਪਤਾ ਵਿਚ ਫਸ ਗਿਆ। ਮੁਗ਼ਲ ਬਾਦਸ਼ਾਹ, ਸ਼ਾਹ ਆਲਮ, ਰਾਜਾ ਅਮਰ ਸਿੰਘ ਦੀ ਵਧਦੀ ਤਾਕਤ ਨੂੰ ਆਪਣੇ ਅਧਿਕਾਰਾਂ ਲਈ ਸਖ਼ਤ ਖ਼ਤਰਾ ਪਰਤੀਤ ਕਰ ਰਿਹਾ ਸੀ, ਇਸ ਲਈ ਉਸ ਨੇ ਪਟਿਆਲਾ ਰਿਆਸਤ ਨੂੰ ਮੁਗ਼ਲ ਰਾਜ ਦੇ ਅਧੀਨ ਕਰਨ ਦਾ ਇਰਾਦਾ ਕੀਤਾ। ਉਸ ਨੇ ਆਪਣੇ ਉਤਸ਼ਾਹੀ ਵਜ਼ੀਰ, ਮਾਜਦ-ਉਦ-ਦੌਲਾ ਅਤੇ ਸ਼ਹਿਜ਼ਾਦਾ ਫ਼ਰਗੰਦ ਬਖ਼ਤ ਦੀ ਕਮਾਨ ਹੇਠ ਇਕ ਭਾਰੀ ਫ਼ੌਜ ਪਟਿਆਲੇ ਉੱਤੇ ਹਮਲਾ ਕਰਨ ਲਈ ਭੇਜੀ। ਜਦ ਸ਼ਾਹੀ ਫ਼ੌਜਾਂ ਕਰਨਾਲ ਦੇ ਨੇੜੇ ਪੁੱਜੀਆਂ, ਤਾਂ ਸਾਹਿਬ ਸਿੰਘ ਕਾਂਡੀ, ਦੀਵਾਨ ਸਿੰਘ, ਬਘੇਲ ਸਿੰਘ ਅਤੇ ਦੇਸਾ ਸਿੰਘ ਕੈਂਥਲੀਆ* ਆਦਿ ਕਈ ਸਿੱਖ ਸਰਦਾਰ, ਜਿਨ੍ਹਾਂ ਦੀ ਰਾਜਾ ਅਮਰ ਸਿੰਘ ਨਾਲ ਲਗਦੀ ਸੀ, ਉਸ ਦੀ ਵਿਰੋਧਤਾ ਕਰਨ ਲਈ ਉਨ੍ਹਾਂ ਨਾਲ ਮਿਲ ਗਏ। ਇਨ੍ਹਾਂ ਸਾਰਿਆਂ ਦੀਆਂ ਸੰਮਿਲਤ ਫ਼ੌਜਾਂ ਨੇ ਵਾਹੋ ਦਾਹੀ ਕੂਚ ਕੀਤਾ ਤੇ ਪਟਿਆਲੇ ਦੇ ਨੇੜੇ ਡੇਰਾ ਆ ਲਾਇਆ।

ਰਾਜਾ ਅਮਰ ਸਿੰਘ ਨੇ ਦ੍ਰਿੜ੍ਹਤਾ ਨਾਲ ਇਸ ਬਿਪਤਾ ਦਾ ਟਾਕਰਾ ਕਰਨ ਦਾ ਫ਼ੈਸਲਾ ਕੀਤਾ ਅਤੇ ਇਸ ਮਤਲਬ ਲਈ ਜੱਸਾ ਸਿੰਘ ਅਤੇ ਉਸ ਦੇ ਪੁੱਤਰ ਜੋਧ ਸਿੰਘ ਤੋਂ ਵੀ ਸਹਾਇਤਾ ਮੰਗੀ†। ਇਸ ਤੋਂ ਛੁਟ ਜੱਸਾ ਸਿੰਘ ਆਹਲੂਵਾਲੀਆ ਵੀ ਉਸ ਦੀ ਸਹਾਇਤਾ ਲਈ ਪਹੁੰਚ ਪਿਆ। ਜਦੋਂ ਲੜਾਈ ਸ਼ੁਰੂ ਹੋਈ, ਤਾਂ ਰਾਜਾ ਅਮਰ ਸਿੰਘ ਨੇ ਫ਼ੌਜੀ ਮਹੱਤਤਾ ਵਾਲੀਆਂ ਥਾਵਾਂ ਰਾਮਗੜ੍ਹੀਏ ਸਰਦਾਰ

---

*ਕੈਂਥਲ ਦਾ ਘਰਾਣਾ ਸਤਲੁਜ ਤੋਂ ਪਾਰਲੇ ਸਿੱਖ ਇਤਿਹਾਸ ਵਿਚ ਬਹੁਤ ਮਹਾਨਤਾ ਰਖਦਾ ਹੈ। ਇਹ ਵੀ ਫੂਲਕੀਆਂ ਮਿਸਲ ਦੀ ਹੀ ਇਕ ਸ਼ਾਖ ਹੈ। [ਰਾਜਾਜ਼ ਔਫ ਦੀ ਪੰਜਾਬ, ੪੭-੪੮,

†ਬਖ਼ਤ ਮਲ : ਖਾਲਸਾ ਨਾਮਾ, ਸਫ਼ਾ ਪਪ.



Sri Satguru Jagjit Singh Ji eLibrary NamdhariElibrary@gmail.com

ਨੂੰ ਸੌਂਪੀਆਂ, ਤਾਂ ਜੁ ਉਨ੍ਹਾਂ ਦੀ ਨਿਪੁੰਨ ਜਰਨੈਲੀ ਤੇ ਫ਼ੌਜੀ ਯੋਗਤਾ ਤੋਂ ਪੂਰਾ ਫ਼ਾਇਦਾ ਉਠਾਇਆ ਜਾ ਸਕੇ* । ਇਸ ਦਾ ਸਿੱਟਾ ਇਹ ਨਿਕਲਿਆ ਕਿ ਰਾਜਾ ਅਮਰ ਸਿੰਘ ਨੂੰ ਸ਼ਾਹੀ ਫ਼ੌਜਾਂ ਉੱਤੇ ਭਾਰੀ ਜਿੱਤ ਪਰਾਪਤ ਹੋਈ ਤੇ ਮਾਜਦ-ਉਦ-ਦੌਲਾ ਨੇ ਹਾਰ ਖਾ ਕੇ ਫ਼ੌਜਾਂ ਨੂੰ ਵਾਪਸ ਮੁੜਨ ਦਾ ਹੁਕਮ ਦੇ ਦਿੱਤਾ । ਸਿੱਖਾਂ ਨੇ ਪਾਨੀਪਤ ਵਲ ਨੱਸੀਆਂ ਜਾਂਦੀਆਂ ਫ਼ੌਜਾਂ ਦਾ ਪਿੱਛਾ ਕਰ ਕੇ ਲੁੱਟ ਦੇ ਮਾਲ ਨਾਲ ਚੰਗੇ ਹੱਥ ਰੰਗੇ† ।

ਮੁਗ਼ਲਾਂ ਦੀਆਂ ਗਿਣਤੀ ਵਿਚ ਕਈ ਗੁਣਾ ਵਧ ਤੇ ਬਲਵਾਨ ਫ਼ੌਜਾਂ ਉੱਤੇ ਇਹ ਸ਼ਾਨਦਾਰ ਜਿੱਤ ਪਰਾਪਤ ਕਰ ਕੇ ਸਿੱਖਾਂ ਦੇ ਹੌਸਲੇ ਬਹੁਤ ਵਧ ਗਏ । ਹੁਣ ਉਹ ਗੰਗਾ-ਜਮਨਾ ਦੇ ਦੁਆਬੇ ਨੂੰ ਆਪਣੇ ਅਧੀਨ ਕਰਨ ਤੇ ਉੱਥੋਂ ਦੇ ਉੱਘੇ ਨਵਾਬਾਂ ਪਾਸੋਂ ਕਰ ਉਗਰਾਉਣ ਲਈ ਨਿਕਲ ਤੁਰੇ‡ । ਜੱਸਾ ਸਿੰਘ ਰਾਮਗੜ੍ਹੀਆ ਵੀ ਇਸ ਵਹੀਰ ਦੇ ਨਾਲ ਸ਼ਾਮਲ ਸੀ । ਸਿੱਖਾਂ ਨੇ ਛੇਤੀ ਹੀ ਸਹਾਰਨਪੁਰ ਅਤੇ ਮੁਜ਼ੱਫ਼ਰ ਨਗਰ ਦੇ ਇਲਾਕੇ ਲੁੱਟ ਲਏ । ਇਸ ਉੱਤੇ ਸਭ ਸਥਾਨਕ ਸਰਦਾਰਾਂ ਨੇ ਸ਼ਾਹ ਆਲਮ ਪਾਸ ਸਹਾਇਤਾ ਲਈ ਬੇਨਤੀ ਕੀਤੀ । ਬਾਦਸ਼ਾਹ ਨੇ ਆਪਣੇ ਇਕ ਤਜਰਬਾਕਾਰ ਤੇ ਸੁਘੜ ਜਰਨੈਲ ਮਿਰਜ਼ਾਂ ਸਾਫ਼ੀ ਨੂੰ ਸਿੱਖਾਂ ਦੀ ਇਹ ਬਗ਼ਾਵਤ ਕੁਚਲਣ ਲਈ ਨੀਅਤ ਕੀਤਾ[] । ਸਾਫ਼ੀ ਨੇ ਇਸ ਇਲਾਕੇ ਨੂੰ ਸਿੱਖਾਂ ਤੋਂ ਖ਼ਾਲੀ ਕਰਾਉਣ ਦਾ ਕੰਮ ਸ਼ੁਰੂ ਕੀਤਾ ।

---

*ਗੁਪਤਾ : ਹਿਸਟਰੀ ਔਫ਼ ਦੀ ਸਿਖਸ, II, ਪੰਨਾ ੯੪-੯੬.

†ਖ਼ੈਰ-ਉਦ-ਦੀਨ : ਇਬਰਤ ਨਾਮਾ, II, ਸਫ਼ਾ ੬੦-੬੨.
ਮੁੰਨਾ ਲਾਲ : ਤਾਰੀਖ਼-ਇ-ਸ਼ਾਹ ਆਲਮ, ਸਫ਼ਾ ੧੯-੨੦.
ਬਖ਼ਤ ਮਲ : ਖ਼ਾਲਸਾ ਨਾਮਾ, ਸਫ਼ਾ ੫੪-੫੫.
ਫ਼ਰੈਂਕਲਿਨ : ਸ਼ਾਹ ਆਲਮ, ਪੰਨਾ ੯੧.

‡ਫ਼ਰੈਂਕਲਿਨ : ਸ਼ਾਹ ਆਲਮ, ਸਫ਼ਾ ੯੧.

[]ਗੁਪਤਾ : ਹਿਸਟਰੀ ਔਫ਼ ਦੀ ਸਿਖਸ, II, ਸਫ਼ਾ ੯੪.



Sri Satguru Jagjit Singh Ji eLibrary NamdhariElibrary@gmail.com

ਨਤੀਜਾ ਇਹ ਹੋਇਆ ਕਿ ਸਿੱਖ ਆਗੂ ਸੁਲ੍ਹਾ ਲਈ ਗੱਲ ਬਾਤ ਕਰਨ ਵਾਸਤੇ ਮਜਬੂਰ ਹੋ ਗਏ। ਜਨਵਰੀ ੧੭੮੦ ਵਿਚ ਰਾਜਾ ਅਮਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਦੂਤ ਮੁਗ਼ਲ ਦਰਬਾਰ ਵਿਚ ਭੇਜ ਦਿੱਤੇ। ਜੱਸਾ ਸਿੰਘ ਰਾਮਗੜ੍ਹੀਆ ਇਸ ਗੱਲ-ਬਾਤ ਵਿਚ ਸ਼ਾਮਲ ਨਾ ਹੋਇਆ। ਉਸ ਦਾ ਵਿਚਾਰ ਸੀ ਕਿ ਸ਼ਾਹ ਆਲਮ ਨਾਲ ਵਖਰੀ ਗੱਲ-ਬਾਤ ਕਰ ਕੇ ਨਿੱਜੀ ਸੰਬੰਧ ਕਾਇਮ ਕੀਤੇ ਜਾਣ। ਸੋ ਉਸ ਨੇ ੧੬ ਫ਼ਰਵਰੀ ੧੭੮੦ ਨੂੰ ਬਘੇਲ ਸਿੰਘ* ਨਾਲ ਮਿਲ ਕੇ ਸ਼ਾਹ ਆਲਮ ਨੂੰ ਇਕ ਚਿੱਠੀ ਭੇਜੀ, ਜਿਸ ਵਿਚ ਲਿਖਿਆ ਕਿ "ਉਹ ਦੋਵੇਂ (ਜੱਸਾ ਸਿੰਘ ਤੇ ਬਘੇਲ ਸਿੰਘ) ਆਪ ਦਰਬਾਰ ਵਿਚ ਪੇਸ਼ ਹੋਣ ਦਾ ਵਿਚਾਰ ਰਖਦੇ ਹਨ ਤੇ ਮੁਹੰਮਦ ਬੇਗ ਹਮਦਮੀ ਰਾਹੀਂ ਆਪਣੀਆਂ ਸ਼ਰਤਾਂ ਪੇਸ਼ ਕਰਨੀਆਂ ਚਾਹੁੰਦੇ ਹਨ†।" ਪਰੰਤੂ ਇਨ੍ਹਾਂ ਦੋਹਾਂ ਧਿਰਾਂ ਦੀਆਂ ਗੱਲਾਂ ਬਾਤਾਂ ਦਾ ਕੋਈ ਠੋਸ ਸਿੱਟਾ ਨਾ ਨਿਕਲਿਆ ਅਤੇ ਸਿੱਖ ਪਹਿਲਾਂ ਵਾਂਗ ਗੰਗਾ-ਜਮਨਾ ਦੇ ਇਲਾਕੇ (ਵਰਤਮਾਨ ਉੱਤਰ-ਪ੍ਰਦੇਸ਼) ਵਿਚ ਮੱਲਾਂ ਮਾਰਦੇ ਰਹੇ।

ਜੱਸਾ ਸਿੰਘ ਰਾਮਗੜ੍ਹੀਏ ਨੇ ਬਘੇਲ ਸਿੰਘ ਅਤੇ ਗੁਰਦਿੱਤ ਸਿੰਘ ਦੀ ਸਹਾਇਤਾ ਨਾਲ ਤੀਹ ਹਜ਼ਾਰ ਦੀ ਫ਼ੌਜ ਲੈ ਕੇ ਮੁਜ਼ੱਫਰ ਪੁਰ ਤੇ ਮੀਰਾਂ ਪੁਰ ਦੇ ਇਲਾਕੇ ਵਿਚ ਲੁੱਟ-ਮਾਰ ਕੀਤੀ ਤੇ ਫਿਰ ਮਾਰੋ-ਮਾਰ ਕਰਦਾ ਮੇਰਠ ਸ਼ਹਿਰ ਵਿਚ ਜਾ ਨਿਕਲਿਆ। ਇਥੇ ਉਸ ਨੇ ਇਨ੍ਹਾਂ ਸਭ ਇਲਾਕਿਆਂ ਦੇ ਹਾਕਮ ਜ਼ਬੀਤਾ ਖ਼ਾਂ ਨੂੰ ਘੇਰ ਲਿਆ ਤੇ ਉਸ ਪਾਸੋਂ ਦਸ ਹਜ਼ਾਰ ਰੁਪਿਆ ਕਰ ਵਜੋਂ ਵਸੂਲ ਕੀਤਾ। ਇਸ ਤੋਂ ਛੁਟ ਜ਼ਬੀਤਾ ਖ਼ਾਂ ਨੇ ਜੱਸਾ ਸਿੰਘ ਨੂੰ ਸਾਲ ਦੇ ਸਾਲ ਕਰ ਦੇਣ ਦਾ ਇਕਰਾਰ

---

*ਬਘੇਲ ਸਿੰਘ, ਕਰੋੜ ਸਿੰਘੀਆ ਮਿਸਲ ਦਾ ਸਰਦਾਰ ਸੀ। ਇਸੇ ਸਰਦਾਰ ਨੇ ਦਿੱਲੀ ਦੇ ਕਈ ਇਲਾਕੇ ਜਿੱਤੇ ਸਨ।

†ਗੁਪਤਾ : ਹਿਸਟਰੀ ਔਫ਼ ਦੀ ਸਿਖਸ, II, ੬੭.



Sri Satguru Jagjit Singh Ji eLibrary NamdhariElibrary@gmail.com

ਕੀਤਾ* । ਇੱਥੋਂ ਅੱਗੇ ਜੱਸਾ ਸਿੰਘ ਅਤੇ ਬਘੇਲ ਸਿੰਘ ਦੀਆਂ ਫ਼ੌਜਾਂ ਨੇ ਉੱਤਰ-ਪ੍ਰਦੇਸ਼ ਦੇ ਉੱਘੇ ਵਪਾਰਕ ਕੇਂਦਰ ਚੰਦੌਸੀ ਉੱਤੇ ਹਮਲਾ ਕੀਤਾ, ਜਿੱਥੋਂ ਉਨ੍ਹਾਂ ਨੂੰ ਕਈ ਲੱਖ ਰੁਪਿਆ ਹੱਥ ਲੱਗਾ। ਇਸ ਤੋਂ ਅੱਗੇ ਅੰਗਰੇਜ਼ਾਂ ਦਾ ਇਲਾਕਾ ਲਗਦਾ ਸੀ ਤੇ ਜੱਸਾ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਨ੍ਹਾਂ ਵਰਗੀ ਬਲਵਾਨ ਹਕੂਮਤ ਨਾਲ ਟੱਕਰ ਲੈਣ ਵਿਚ ਨੁਕਸਾਨ ਤੋਂ ਛੁਟ ਕੁਝ ਹੱਥ ਨਹੀਂ ਆਵੇਗਾ। ਸੋ ਉਸ ਨੇ ਰੁਹੇਲ ਖੰਡ ਉੱਤੇ ਚੜ੍ਹਾਈ ਕਰਨ ਦਾ ਫ਼ੈਸਲਾ ਕੀਤਾ, ਪਰੰਤੂ ਇਸ ਮੌਕੇ ਉੱਤੇ ਜੱਸਾ ਸਿੰਘ ਅਤੇ ਬਘੇਲ ਸਿੰਘ ਦੇ ਵਿਚਕਾਰ ਰੁਪਏ ਆਦਿ ਦੀ ਵੰਡ ਤੋਂ ਝਗੜਾ ਖੜਾ ਹੋ ਗਿਆ ਤੇ ਉਸ ਦੀ ਇਹ ਸਕੀਮ ਸਿਰੇ ਨਾ ਚੜ੍ਹ ਸਕੀ। ਇਸ ਤੋਂ ਪਿੱਛੋਂ ਜੱਸਾ ਸਿੰਘ ਨੇ ਸਾਂਬਲ, ਕਾਸ ਗੰਜ, ਕੰਸੀਆ ਗੰਜ, ਖੁਰਜਾ, ਸਿਕੰਦਰਾ ਤੇ ਦਾਰਾ ਨਗਰ ਆਦਿ ਸ਼ਹਿਰਾਂ ਨੂੰ ਲੁੱਟਿਆ ਤੇ ਉੱਥੋਂ ਦੇ ਸਥਾਨਕ ਹਾਕਮਾਂ ਨੂੰ ਹਾਰ ਦਿੱਤੀ† ।

ਕੁਝ ਚਿਰ ਪਿੱਛੋਂ ਸਾਰੇ ਸਿੱਖ ਸਰਦਾਰਾਂ ਨੇ ਦਿੱਲੀ ਉੱਤੇ ਧਾਵਾ ਕਰਨ ਦਾ ਮਤਾ ਪਕਾਇਆ । ਜੱਸਾ ਸਿੰਘ ਰਾਮਗੜ੍ਹੀਏ ਨੇ ਦਿੱਲੀ ਵਲ ਜਾਂਦਿਆਂ ਹੋਇਆਂ ਦੂਜੇ ਸਰਦਾਰਾਂ ਨਾਲ ਭਰਤਪੁਰ ਦੇ ਜਾਟ ਰਾਜੇ ਕੋਲੋਂ ਇਕ ਲੱਖ ਰੁਪਿਆ ਕਰ ਵਜੋਂ ਵਸੂਲ ਕੀਤਾ‡ । ਮਾਰਚ ੧੭੮੩ ਵਿਚ ਸਿੱਖ ਦਿੱਲੀ ਸ਼ਹਿਰ ਵਿਚ ਦਾਖ਼ਲ ਹੋ ਗਏ[] ।

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ਸਫ਼ਾ ੯੯.

†ਅਲੀ-ਉਦ-ਦੀਨ : ਇਬਰਤ ਨਾਮਾ, ਸਫ਼ਾ ੩੬੧.

ਗਿਆਨ ਸਿੰਘ : ਰਾਜ ਖ਼ਾਲਸਾ, ਸਫ਼ਾ ੩੦.

ਨੰਦ ਕਿਸ਼ੋਰ : ਤਾਰੀਖ਼-ਇ-ਸਹਾਰਨਪੁਰ, ਸਫ਼ਾ ੬੧.

ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੯੮-੯੯.

‡ਇਸ ਇਕ ਲਖ ਰੁਪਏ ਵਿੱਚੋਂ ਬਹੁਤਾ ਹਿੱਸਾ ਜੱਸਾ ਸਿੰਘ ਰਾਮਗੜ੍ਹੀਏ ਨੂੰ ਮਿਲਿਆ। ਵੇਖੋ ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ, ਸਫ਼ਾ ੪੪੨ ।

[]ਗੁਪਤਾ : ਹਿਸਟਰੀ ਔਫ਼ ਦੀ ਸਿਖਸ, ਸਫ਼ਾ ੧੪੧.



Sri Satguru Jagjit Singh Ji eLibrary NamdhariElibrary@gmail.com

ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਉਨ੍ਹਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ, ਇਸ ਲਈ ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ। ਇਸ ਹਮਲੇ ਵਿਚ ਜੱਸਾ ਸਿੰਘ ਰਾਮਗੜ੍ਹੀਆ ਹੋਰ ਸਿੱਖ ਸਰਦਾਰਾਂ ਨਾਲੋਂ ਵਖਰਾ ਹੋ ਕੇ ਹਮਲੇ ਕਰਦਾ ਰਿਹਾ। ਪਹਿਲਾਂ ਉਸ ਨੇ ਮੁਗ਼ਲਪੁਰਾ ਖ਼ਤਮ ਕੀਤਾ ਤੇ ਫਿਰ ਲਾਲ ਕਿਲ੍ਹੇ ਵਿਚ ਜਾ ਵੜਿਆ। ਉੱਥੋਂ ਉਸ ਨੂੰ ਹੋਰ ਧਨ ਤੋਂ ਛੁਟ ਮੁਗ਼ਲਾਂ ਦੇ ਤੋਪਖਾਨੇ ਦੀਆਂ ਚਾਰ ਬੰਦੂਕਾਂ ਤੇ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਰੰਗ-ਬਰੰਗੇ ਪੱਥਰ ਦੀ ਇਕ ਸੁੰਦਰ* ਸਿਲ ਹੱਥ ਲੱਗੀ। ਕਿਹਾ ਜਾਂਦਾ ਹੈ ਕਿ ਜਦ ਜੱਸਾ ਸਿੰਘ ਦਿੱਲੀ ਵਿਚ ਮੁਗ਼ਲਾਂ ਦੇ ਮਹਿਲਾਂ ਨੂੰ ਲੁੱਟ ਰਿਹਾ ਸੀ ਤਾਂ ਸ਼ਾਹ ਆਲਮ ਨੇ ਉਸ ਨੂੰ ਦਿੱਲੀ ਦੀ ਜਨਤਾ ਵੱਲੋਂ ਪੰਜ ਸੌ ਰੁਪਿਆ ਨਜ਼ਰਾਨੇ ਵਜੋਂ ਭੇਟਾ ਕੀਤਾ ਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਸ਼ਹਿਰ ਨੂੰ ਲੁੱਟਣ ਤੇ ਸਾੜਨ ਦੀ ਕਾਰਵਾਈ ਬੰਦ ਕਰ ਦੇਵੇ। ਇਸ ਉੱਤੇ ਜੱਸਾ ਸਿੰਘ ਨੇ ਦਿੱਲੀ ਤੋਂ ਵਾਪਸ ਕੂਚ ਕਰ ਦਿੱਤਾ।

੧੭੮੩ ਵਿਚ ਰਾਮਗੜ੍ਹੀਏ ਸਰਦਾਰ ਦਾ ਬਲਵਾਨ ਵਿਰੋਧੀ ਜੱਸਾ ਸਿੰਘ ਆਹਲੂਵਾਲੀਆ ਚਲਾਣਾ ਕਰ ਗਿਆ। ਇਸ ਨਾਲ ਉਹਦਾ ਰਾਹ ਸਾਫ਼ ਹੋ ਗਿਆ ਤੇ ਉਸ ਨੇ ਮੁੜ ਕੇ ਆਪਣੇ ਪਹਿਲੇ ਇਲਾਕੇ ਵਾਪਸ ਲੈਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ। ਉਸ ਦਾ ਇਰਾਦਾ ਸੀ ਕਿ ਉਹ ਹਿਸਾਰ ਤੋਂ ਕੂਚ ਕਰ ਕੇ ਸਿੱਧਾ ਸਤਲੁਜ ਪਾਰ ਕਰ ਜਾਏ, ਪਰੰਤੂ ਮਾਲਵੇ ਤੇ ਹਰਿਆਣੇ ਦੇ ਸਿੱਖ ਸਰਦਾਰਾਂ ਨੇ ਉਸ ਦੇ ਰਸਤੇ ਵਿਚ ਕਈ ਰੁਕਾਵਟਾਂ ਖੜੀਆਂ ਕੀਤੀਆਂ ਤੇ ਉਸ ਨੂੰ ਆਪੋ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੯੮.

ਗਿਆਨ ਸਿੰਘ : ਰਾਜ ਖ਼ਾਲਸਾ, ੩੦.

ਸੁੰਦਰ ਸਿੰਘ : ਐਨਲਜ਼ ਔਫ਼ ਰਾਮਗੜ੍ਹੀਆ ਸਰਦਾਰਜ਼, ਸਫ਼ਾ ੬.

ਇਹ 6'×4'×9" ਦੀ ਸੁੰਦਰ ਸਿਲ ਅਜੇ ਵੀ ਰਾਮਗੜ੍ਹੀਆ ਬੁੰਗੇ ਵਿਚ ਪਈ ਹੈ।



Sri Satguru Jagjit Singh Ji eLibrary NamdhariElibrary@gmail.com

ਆਪਣੇ ਇਲਾਕੇ ਵਿੱਚੋਂ ਲੰਘਣ ਦਾ ਰਾਹ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ੇਰ ਸਿੰਘ ਬੂੜੀਏ, ਗੁਰਦਿਤ ਸਿੰਘ ਡੱਲੇਵਾਲੀਏ, ਬਘੇਲ ਸਿੰਘ ਅਤੇ ਗੁਰਬਖ਼ਸ਼ ਸਿੰਘ ਅੰਬਾਲੇ ਵਾਲੇ ਨੇ ਜੱਸਾ ਸਿੰਘ ਦੇ ਵਿਰੁੱਧ ਫ਼ੌਜੀ ਗੱਠਜੋੜ ਬਣਾ ਲਿਆ। ਪਰੰਤੂ ਇਸ ਜੁੱਟ ਨੇ ਜੱਸਾ ਸਿੰਘ ਕੋਲੋਂ ਹਾਰ ਖਾਧੀ ਤੇ ਮਾਫ਼ੀ ਵਜੋਂ ਉਸ ਨੂੰ ਤਿੰਨ ਘੋੜੇ ਭੇਟ ਕੀਤੇ। ਇਸ ਤੋਂ ਬਾਅਦ ਜੱਸਾ ਸਿੰਘ ਦੇ ਰਸਤੇ ਵਿਚ ਕੋਈ ਰੁਕਾਵਟ ਨਾ ਰਹੀ* ਤੇ ਉਹ ਰਵਾਂ-ਰਵੀਂ ਸਤਲੁਜ ਤਕ ਪਹੁੰਚ ਗਿਆ। ਅਜੇ ਉਹ ਲੁਧਿਆਣੇ ਦੇ ਜ਼ਿਲੇ ਵਿਚ ਰਾਏ ਕੋਟ ਦੇ ਅਸਥਾਨ ਤੇ ਹੀ ਪੁੱਜਾ ਸੀ ਕਿ ਉਸ ਨੂੰ ਮਹਾਂ ਸਿੰਘ ਸੁਕਰਚੱਕੀਏ ਵੱਲੋਂ ਭੇਜਿਆ ਹੋਇਆ ਇਕ ਦੂਤ, ਰਾਇ ਅਹਿਮਦ ਆ ਕੇ ਮਿਲਿਆ। ਉਸ ਵੇਲੇ ਮਹਾਂ ਸਿੰਘ ਦਾ ਕੰਨ੍ਹਈਏ ਸਰਦਾਰਾਂ ਨਾਲ ਵਿਗਾੜ ਹੋ ਗਿਆ ਸੀ ਤੇ ਉਸ ਨੇ ਉਨ੍ਹਾਂ ਦੇ ਵਿਰੁੱਧ ਜੱਸਾ ਸਿੰਘ ਪਾਸੋਂ ਸਹਾਇਤਾ ਦੀ ਮੰਗ ਕੀਤੀ ਸੀ। ਸੋ ਕੇਂਦਰੀ ਪੰਜਾਬ ਵਿਚ ਪੈਰ ਪਾਂਦਿਆਂ ਹੀ ਉਸ ਲਈ ਸ਼ਗਨ ਚੰਗਾ ਹੋਇਆ ਤੇ ਉਸ ਨੂੰ ਆਸ ਹੋ ਗਈ ਕਿ ਆਪਣੇ ਇਲਾਕੇ ਵਾਪਸ ਲੈਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।

---

*ਗੁਪਤਾ : ਹਿਸਟਰੀ ਔਫ ਦੀ ਸਿਖਸ, II, ੧੫੩.

Sri Satguru Jagjit Singh Ji eLibrary NamdhariElibrary@gmail.com

# ੯

# ਪੁਨਰ ਸਥਾਪਨ

## [੧੭੮੩–੮੪]

ਜਦ ਜੱਸਾ ਸਿੰਘ ਹਰਿਆਨੇ ਪਰਾਂਤ ਵਿਚ ਰਹਿ ਰਿਹਾ ਸੀ, ਤਾਂ ਕੇਂਦਰੀ ਪੰਜਾਬ ਵਿਚ ਕਈ ਮਹੱਤਵ ਪੂਰਨ ਘਟਨਾਵਾਂ ਵਾਪਰੀਆਂ ਸਨ। ਮਹਾਂ ਸਿੰਘ ਸੁਕਰਚੱਕੀਏ* ਨੇ ਜੰਮੂ ਉੱਤੇ ਹਮਲਾ ਕੀਤਾ ਸੀ ਅਤੇ ਜੰਮੂ ਦੇ ਰਾਜੇ ਕੋਲੋਂ ਕਰ ਲੈਣ ਤੋਂ ਛੁਟ ਸ਼ਹਿਰ ਵਿੱਚੋਂ ਚੋਖੀ ਲੁੱਟ-ਮਾਰ ਕੀਤੀ ਸੀ†। ਇਸ ਮੁਹਿੰਮ ਦੀ ਸਕੀਮ ਮਹਾਂ ਸਿੰਘ ਤੇ ਜੈ ਸਿੰਘ ਕੰਨ੍ਹਈਏ ਨੇ ਰਲ ਕੇ ਬਣਾਈ ਸੀ, ਪਰੰਤੂ ਮਹਾਂ ਸਿੰਘ ਨੇ ਇਕੱਲਿਆਂ ਹੀ ਸ਼ਹਿਰ ਉੱਤੇ ਚੜ੍ਹਾਈ ਜਾ ਕੀਤੀ ਤੇ ਬਹੁਤ ਸਾਰਾ ਧੰਨ ਲੈ ਕੇ ਵਾਪਸ ਮੁੜ ਆਇਆ। ਜੈ ਸਿੰਘ ਨੂੰ ਇਸ ਗੱਲ ਦਾ ਬੜਾ ਵੱਟ ਲੱਗਾ ਤੇ ਮਹਾਂ ਸਿੰਘ ਦੇ ਵਾਪਸ ਆਉਣ ਉੱਤੇ ਉਸ ਨੇ ਉਹਦੇ ਪਾਸੋਂ ਜੰਮੂ ਦੀ ਲੁੱਟ ਦਾ ਹਿੱਸਾ ਮੰਗਿਆ। ਪਰੰਤੂ ਮਹਾਂ ਸਿੰਘ ਨੇ ਉਸ ਨੂੰ ਕੁਝ ਵੀ ਦੇਣ ਤੋਂ ਸਾਫ਼-ਇਨਕਾਰ ਕਰ ਦਿੱਤਾ। ਇਸ ਉੱਤੇ ਜੈ ਸਿੰਘ ਕੰਨ੍ਹਈਏ ਨੇ ਮਜੀਠਾ (ਜ਼ਿਲਾ ਅੰਮ੍ਰਿਤਸਰ) ਦੇ ਨੇੜੇ ਮਹਾਂ ਸਿੰਘ ਦੀਆਂ

---

*ਮਹਾਂ ਸਿੰਘ ਸੁਕਰਚੱਕੀਆ, ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸੀ। ਉਹ ਅਠਾਰ੍ਹਵੀਂ ਸਦੀ ਦੇ ਉੱਘੇ ਸਿੱਖ ਮਿਸਲਦਾਰਾਂ ਵਿੱਚੋਂ ਸੀ। ਆਪਣੀ ਸਿਆਣਪ, ਦਲੇਰੀ ਤੇ ਸੂਰਬੀਰਤਾ ਦੇ ਸਦਕੇ ਉਹ ਸਭ ਸਿੱਖ ਸਰਦਾਰਾਂ ਤੋਂ ਅੱਗੇ ਵਧ ਗਿਆ। ਮਹਾਰਾਜਾ ਰਣਜੀਤ ਸਿੰਘ ਵਿਚ ਮਹਾਂ ਸਿੰਘ ਦੀ ਦਲੇਰੀ ਤੇ ਨੀਤੀਵਾਨਤਾ ਦੀ ਪੂਰੀ ਅੰਸ਼ ਮਿਲਦੀ ਸੀ।

[ਗ੍ਰਿਫ਼ਿਨ : ਰਣਜੀਤ ਸਿੰਘ, ੧੫੨-੫੫.

[ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ੩੪੪-੪੫.

†ਫ਼ਾਰੈਸਟਰ : ਟਰੈਵਲਜ਼, ੨੪੮-੨੪੯.



Sri Satguru Jagjit Singh Ji eLibrary NamdhariElibrary@gmail.com

ਫ਼ੌਜਾਂ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਹਾਰ ਦਿੱਤੀ* । ਸੁਕਰਚੱਕੀਏ ਸਰਦਾਰ ਨੇ ਆਪਣੀ ਇਸ ਹੇਠੀ ਨੂੰ ਬਹੁਤ ਬੁਰੀ ਤਰ੍ਹਾਂ ਮਹਿਸੂਸ ਕੀਤਾ ਤੇ ਆਪਣੀ ਹਾਰ ਦਾ ਬਦਲਾ ਲੈਣ ਲਈ ਯੋਗ ਅਵਸਰ ਦੀ ਭਾਲ ਕਰਨ ਲੱਗਾ।

ਕਾਂਗੜੇ ਦਾ ਰਾਜਾ ਸੰਸਾਰ ਚੰਦ ਕਟੋਚ ਵੀ ਜੈ ਸਿੰਘ ਦੇ ਵਿਰੁੱਧ ਸੀ, ਕਿਉਂਜੁ ਕੰਨ੍ਹਈਏ ਸਰਦਾਰ ਨੇ ੧੭੭੪ ਈਸਵੀ ਵਿਚ ਉਸ ਪਾਸੋਂ ਚਲਾਕੀ ਨਾਲ ਕਾਂਗੜੇ ਦਾ ਕਿਲ੍ਹਾ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਇਸ ਲਈ ਉਹ ਵੀ ਇਸ ਮੌਕੇ ਉੱਤੇ ਜੈ ਸਿੰਘ ਦੇ ਵਿਰੁੱਧ ਮਹਾਂ ਸਿੰਘ ਸੁਕਰਚੱਕੀਏ ਨਾਲ ਮਿਲ ਗਿਆ। ਉਹ ਇਹ ਵੀ ਜਾਣਦਾ ਸੀ ਕਿ ਜੱਸਾ ਸਿੰਘ ਰਾਮਗੜ੍ਹੀਆ ਜੈ ਸਿੰਘ ਦਾ ਕੱਟੜ ਵਿਰੋਧੀ ਹੈ, ਇਸ ਲਈ ਉਸ ਨੇ ਮਹਾਂ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਇਸ ਸਮੇਂ ਰਾਮਗੜ੍ਹੀਏ ਸਰਦਾਰ ਤੋਂ ਸਹਾਇਤਾ ਪਰਾਪਤ ਕਰੇ† । ਮਹਾਂ ਸਿੰਘ ਨੂੰ ਵੀ ਇਹ ਤਜਵੀਜ਼ ਚੰਗੀ ਲੱਗੀ ਤੇ ਉਸ ਨੇ ਆਪਣੇ ਇਕ ਵਕੀਲ ਰਾਏ ਅਹਿਮਦ ਨੂੰ ਜੱਸਾ ਸਿੰਘ ਪਾਸ ਭੇਜਿਆ । ਜਿਵੇਂ ਉੱਪਰ ਦੱਸਿਆ ਜਾ ਚੁਕਾ ਹੈ, ਰਾਏ ਅਹਿਮਦ ਰਾਮਗੜ੍ਹੀਏ ਸਰਦਾਰ ਨੂੰ ਰਾਏ ਕੋਟ‡ ਦੇ ਅਸਥਾਨ ਉੱਤੇ ਆ ਮਿਲਿਆ ਤੇ ਉਸ ਨੇ ਉਹਨੂੰ ਪੰਜਾਬ ਦੇ ਸਾਰੇ ਹਾਲਾਤ ਤੋਂ ਜਾਣੂ ਕਰ ਕੇ ਮਹਾਂ ਸਿੰਘ ਦੀ ਸਹਾਇਤਾ ਕਰਨ ਲਈ ਬੇਨਤੀ ਕੀਤੀ।

ਜੱਸਾ ਸਿੰਘ ਨੇ ਇਸ ਸਾਰੀ ਹਾਲਤ ਤੇ ਡੂੰਘੀ ਵਿਚਾਰ ਕੀਤੀ ਤੇ ਇਸ ਨੂੰ ਹਰੇਕ ਪੱਖ ਤੋਂ ਵਿਚਾਰਿਆ। ਪਹਿਲਾਂ ਤਾਂ ਉਸ ਨੂੰ ਮਹਾਂ ਸਿੰਘ ਦੀ ਨੀਯਤ ਤੇ ਸ਼ਕ ਹੋਇਆ। ਉਸ ਨੂੰ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਅਤੇ ਜੈ ਸਿੰਘ ਦੀ ਪੋਤਰੀ ਮਹਿਤਾਬ ਕੌਰ ਦੇ ਵਿਆਹ

---

*ਬੂਟੇ ਸ਼ਾਹ : ਤਾਰੀਖ਼-ਇ-ਪੰਜਾਬ, II, ਸਫ਼ਾ ੧੨.

†ਗ੍ਰਿਫ਼ਨ : ਰਣਜੀਤ ਸਿੰਘ, ੧੫੯;

‡ਅਲੀ-ਉਦ-ਦੀਨ : ਇਬਰਤਨਾਮਾ, ੩੯੦-੯੧.



Sri Satguru Jagjit Singh Ji eLibrary NamdhariElibrary@gmail.com

ਦੀ ਸੰਭਾਵਨਾ ਵੀ ਦਿਸ ਰਹੀ ਸੀ । ਇਸ ਤੋਂ ਛੁਟ ਉਹ ਇਹ ਵੀ ਜਾਣਦਾ ਸੀ ਕਿ ਸੰਸਾਰ ਚੰਦ ਕਟੋਚ ਕਾਂਗੜੇ ਦਾ ਕਿਲ੍ਹਾ ਲੈ ਕੇ ਸੰਤੁਸ਼ਟ ਹੋ ਜਾਏਗਾ । ਸੋ ਉਸ ਨੂੰ ਇਸ ਗੱਠਜੋੜ ਵਿਚ ਆਪਣਾ ਕੰਮ ਸਰਨ ਦੀ ਕੋਈ ਆਸ ਨਾ ਜਾਪੀ । ਉਸ ਨੂੰ ਖ਼ਿਆਲ ਸੀ ਕਿ ਬਾਕੀ ਦੀਆਂ ਦੋਵੇਂ ਧਿਰਾਂ ਆਪਣਾ ਮਤਲਬ ਕਢ ਕੇ ਲਾਂਭੇ ਹੋ ਜਾਣਗੀਆਂ, ਸੋ ਉਸ ਨੇ ਮਹਾਂ ਸਿੰਘ ਨਾਲ ਗੱਠਜੋੜ ਦੀ ਤਜਵੀਜ਼ ਨੂੰ ਰੱਦ ਕਰ ਦਿੱਤਾ* ।

ਇਸ ਤੋਂ ਬਾਅਦ ਮਹਾਂ ਸਿੰਘ ਨੇ ਜੱਸਾ ਸਿੰਘ ਪਾਸ ਇਕ ਹੋਰ ਸੁਨਿਹਾ ਭੇਜ ਕੇ ਉਸ ਨੂੰ ਆਪਣੀ ਨੇਕ ਨੀਯਤੀ ਦਾ ਯਕੀਨ ਦਿਵਾਇਆ । ਇਸ ਉੱਤੇ ਜੱਸਾ ਸਿੰਘ ਨੇ ਇਸ ਸ਼ਰਤ ਉਤੇ ਉਹਦੀ ਸਹਾਇਤਾ ਕਰਨੀ ਪਰਵਾਨ ਕਰ ਲਈ ਕਿ ਇਸ ਬਾਰੇ ਇਕ ਲਿਖਤੀ ਸੰਧੀ-ਪੱਤਰ ਕੀਤਾ ਜਾਏ । ਨਤੀਜਾ ਇਹ ਹੋਇਆ ਕਿ ਮਹਾਂ ਸਿੰਘ, ਸੰਸਾਰ ਚੰਦ ਤੇ ਜੱਸਾ ਸਿੰਘ ਨੇ ਕੰਨ੍ਹਈਆਂ ਦੇ ਵਿਰੁੱਧ ਗਠਜੋੜ ਕਰ ਕੇ ਇਕ ਤਿਪੱਖੀ ਸੰਧੀ-ਪੱਤਰ ਉਤੇ ਦਸਖ਼ਤ ਕਰ ਦਿੱਤੇ† ।

ਦੂਜੇ ਪਾਸੇ ਜੈ ਸਿੰਘ ਕੰਨ੍ਹਈਆ ਵੀ ਆਪਣੇ ਵਿਰੁੱਧ ਹੋ ਰਹੇ ਫ਼ੌਜੀ ਗੱਠਜੋੜ ਦੇ ਖ਼ਤਰੇ ਤੋਂ ਭਲੀ ਪਰਕਾਰ ਜਾਣੂ ਸੀ ਅਤੇ ਬਲਵਾਨ ਹਮਲੇ ਦਾ ਟਾਕਰਾ ਕਰਨ ਲਈ ਪੂਰੀ ਪੂਰੀ ਤਿਆਰੀ ਕਰ ਰਿਹਾ ਸੀ । ਉਸ ਨੇ ਬਿਲਾਸਪੁਰ ਦੀ ਰਾਣੀ ਤੇ ਜੱਸਾ ਸਿੰਘ ਆਹਲੂਵਾਲੀਏ ਦੇ ਜਾ-ਨਸ਼ੀਨ ਪਾਸੋਂ ਸਹਾਇਤਾ ਪਰਾਪਤ ਕਰਨ ਦਾ ਪਰਬੰਧ ਕਰ ਲਿਆ । ਭਾਗ ਸਿੰਘ ਆਹਲੂਵਾਲੀਏ ਨੇ ਜੱਸਾ ਸਿੰਘ ਰਾਮਗੜ੍ਹੀਏ ਨਾਲ ਖ਼ਾਨਦਾਨੀ ਦੁਸ਼ਮਣੀ ਦੇ ਕਾਰਨ ਜੈ ਸਿੰਘ ਕੰਨ੍ਹਈਏ ਦੀ ਮਦਦ

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੯੯-੧੦੦.
ਗਿਆਨ ਸਿੰਘ : ਰਾਜ ਖ਼ਾਲਸਾ, ਸਫ਼ਾ ੧੨.

†ਅਲੀ-ਉਦ-ਦੀਨ : ਇਬਰਤਨਾਮਾ, ਸਫ਼ਾ ੩੬੧,
ਬੂਟੇ ਸ਼ਾਹ : ਤਾਰੀਖ਼-ਇ-ਪੰਜਾਬ, ਸਫ਼ਾ ੧੨.



Sri Satguru Jagjit Singh Ji eLibrary NamdhariElibrary@gmail.com

ਲਈ ਉਹਦੇ ਵਲ ਆਪਣੀ ਫ਼ੌਜ ਦਾ ਇਕ ਦਸਤਾ ਭੇਜ ਦਿੱਤਾ* ।

ਹੁਣ ਜੱਸਾ ਸਿੰਘ ਰਾਮਗੜ੍ਹੀਏ ਨੇ ਸਤਲੁਜ ਵਲ ਵਧਣਾ ਸ਼ੁਰੂ ਕਰ ਦਿੱਤਾ। ਜੈ ਸਿੰਘ ਕੰਨ੍ਹਈਏ ਨੇ ਜਤਨ ਕੀਤਾ ਕਿ ਉਹ ਦਰਿਆ ਤੋਂ ਪਾਰ ਨਾ ਹੋ ਸਕੇ । ਜਦ ਜੱਸਾ ਸਿੰਘ ਜੈ ਸਿੰਘ ਦੇ ਇਲਾਕਿਆਂ ਵਲ ਵਧ ਰਿਹਾ ਸੀ, ਤਾਂ ਕੰਨ੍ਹਈਏ ਸਰਦਾਰ ਨੇ ਉਸ ਦਾ ਰਾਹ ਰੋਕਣ ਲਈ ਗੁਰਬਖਸ਼ ਸਿੰਘ ਡੋਡੀਏ ਨੂੰ ਘੱਲਿਆ। ਇਸ ਲੜਾਈ ਵਿਚ ਗੁਰਬਖ਼ਸ਼ ਸਿੰਘ ਮਾਰਿਆ ਗਿਆ ਅਤੇ ਜੱਸਾ ਸਿੰਘ ਸਤਲੁਜ ਪਾਰ ਕਰ ਕੇ ਮਹਾਂ ਸਿੰਘ ਸੁਕਰਚੱਕੀਏ ਤੇ ਸੰਸਾਰ ਚੰਦ ਕਟੋਚ ਨਾਲ ਜਾ ਰਲਿਆ† ।

ਜੱਸਾ ਸਿੰਘ ਨੇ ਸਾਰੇ ਹਾਲਤ ਨੂੰ ਵਿਚਾਰ ਕੇ ਇਹ ਮਹਿਸੂਸ ਕੀਤਾ ਕਿ ਅਸਲ ਵਿਚ ਇਹ ਲੜਾਈ ਉਹਦੇ ਤੇ ਜੈ ਸਿੰਘ ਦੇ ਵਿਚਕਾਰ ਸੀ । ਇਸ ਲਈ ਉਸ ਨੇ ਇਸ ਸਾਰੀ ਮੁਹਿੰਮ ਦੀ ਕਮਾਨ ਆਪਣੇ ਹੱਥ ਵਿਚ ਲੈ ਲਈ। ਉਸ ਨੇ ਇਹ ਸਕੀਮ ਬਣਾਈ ਕਿ ਸੰਸਾਰ ਚੰਦ ਕਟੋਚ ਕਾਂਗੜੇ ਦੇ ਕਿਲ੍ਹੇ ਦੁਆਲੇ ਘੇਰਾ ਪਾਏ ਅਤੇ ਰਾਮਗੜ੍ਹੀਆਂ ਤੇ ਸੁਕਰਚੱਕੀਆਂ ਦੀਆਂ ਫ਼ੌਜਾਂ ਕੰਨ੍ਹਈਆਂ ਦੇ ਮੈਦਾਨੀ ਇਲਾਕੇ ਉੱਤੇ ਹਮਲਾ ਕਰਨ‡। ਇਸੇ ਸਮੇਂ ਮਜੀਠੇ ਦੇ ਇਲਾਕੇ ਤੋਂ ਜੈ ਸਿੰਘ ਦੀ ਭੰਗੀਆਂ ਨਾਲ ਵੀ ਅਣਬਣ ਹੋ ਗਈ ਸੀ । ਭੰਗੀ ਸਰਦਾਰ ਮਜੀਠੇ ਦੇ ਇਲਾਕੇ ਨੂੰ ਆਪਣਾ ਸਮਝਦੇ ਸਨ, ਪਰੰਤੂ ਕੰਨ੍ਹਈਆਂ ਤੇ ਆਹਲੂ-

---

*ਤਾਰੀਖ਼-ਇ-ਕਪੂਰਥਲਾ, ੩੧੨.

ਗ੍ਰਿਫ਼ਨ : ਰਾਜਾਜ਼ ਔਫ਼ ਦੀ ਪੰਜਾਬ, ੪੭੩.

ਜਨਰਲ ਔਫ਼ ਦੀ ਪੰਜਾਬ ਯੂਨੀਵਰਸਿਟੀ ਹਿਸਟਾਰੀਕਲ ਸੁਸਾਇਟੀ IV, ਅੰਕ ੧, ਅਪਰੈਲ ੧੯੩੫, ਸਫ਼ਾ ੬੫.

†ਕੰਨ੍ਹਈਆ ਲਾਲ : ਤਾਰੀਖ਼-ਇ ਪੰਜਾਬ, ੯੫.

ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ੩੧੨.

‡ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੧੦੦.



Sri Satguru Jagjit Singh Ji eLibrary NamdhariElibrary@gmail.com

ਵਾਲੀਆਂ ਨੇ ਮਿਲ ਕੇ ਉਨ੍ਹਾਂ ਨੂੰ ਇਸ ਇਲਾਕੇ ਵਿੱਚੋਂ ਕਢ ਦਿੱਤਾ ਸੀ* । ਸੋ ਇਸ ਵੇਲੇ ਯੋਗ ਮੌਕਾ ਤਾੜ ਕੇ ਭੰਗੀ ਸਰਦਾਰ ਵੀ ਜੈ ਸਿੰਘ ਕੰਨ੍ਹਈਏ ਪਾਸੋਂ ਬਦਲਾ ਲੈਣ ਦੀ ਖ਼ਾਤਰ ਇਸ ਤਿਪੱਖੀ ਗੱਠ-ਜੋੜ ਵਿਚ ਸ਼ਾਮਲ ਹੋ ਗਏ† ।

ਹੁਣ ਪਹਿਲੋਂ ਮਿੱਥੀ ਸਕੀਮ ਅਨੁਸਾਰ ਇਸ ਚੋਹਰੇ ਗੱਠ-ਜੋੜ ਦੀਆਂ ਫ਼ੌਜਾਂ ਨੇ ਇਕਵਾਰਗੀ ਹੀ ਕੰਨ੍ਹਈਆਂ ਦੇ ਇਲਾਕਿਆਂ ਉੱਤੇ ਹੱਲਾ ਬੋਲ ਦਿੱਤਾ। ਸੰਸਾਰ ਚੰਦ ਕਟੋਚ ਨੇ ਕਾਂਗੜੇ ਦੇ ਕਿਲ੍ਹੇ ਦੁਆਲੇ ਘੇਰਾ ਪਾ ਲਿਆ‡। ਜੱਸਾ ਸਿੰਘ ਨੇ ਆਪ ਬਟਾਲੇ ਉਤੇ ਚੜ੍ਹਾਈ ਕਰ ਦਿੱਤੀ। ਬਟਾਲੇ ਦੇ ਨੇੜੇ ਅੱਚਲ[] ਪਿੰਡ ਦੇ ਕੋਲ ਇਕ ਬੜੀ ਭਾਰੀ ਲੜਾਈ ਹੋਈ। ਇਸ ਲੜਾਈ ਵਿਚ ਇਕ ਸਥਾਨਕ ਜ਼ਿਮੀਦਾਰ, ਧਰਮ ਦਾਸ ਢੁੱਲੀ() ਨੇ ਜੱਸਾ ਸਿੰਘ ਦੀ ਬੜੀ ਮਦਦ ਕੀਤੀ। ਦੂਜੇ ਪਾਸੇ ਕੰਨ੍ਹਈਆਂ ਦੀ ਫ਼ੌਜ ਦੀ ਕਮਾਨ ਜੈ ਸਿੰਘ ਦੇ ਨੌਜਵਾਨ ਪੁੱਤਰ ਗੁਰਬਖ਼ਸ਼ ਸਿੰਘ ਦੇ ਹੱਥ ਵਿਚ ਸੀ। ਇਸ ਸੂਰਬੀਰ ਜੋਧੇ ਨੇ ਆਪਣੇ ਅਠ ਹਜ਼ਾਰ ਸਾਥੀਆਂ ਸਮੇਤ ਬੜੀ ਬਹਾਦਰੀ ਨਾਲ ਦੁਸ਼ਮਣ ਦਾ ਟਾਕਰਾ ਕੀਤਾ ਤੇ ਇਹ ਲੜਾਈ ਕਈ ਦਿਨ ਜਾਰੀ ਰਹੀ। ਬਦਕਿਸਮਤੀ ਨਾਲ ਅਚਾਨਕ ਇਕ ਤੀਰ ਲੱਗਣ ਕਰਕੇ ਉਹ ਜੁੱਧ ਵਿਚ ਮਾਰਿਆ ਗਿਆ¿¿। ਉਸ ਦੀ ਮੌਤ ਨਾਲ ਕੰਨ੍ਹਈਆਂ ਦੀਆਂ ਫ਼ੌਜਾਂ ਦੇ ਦਿਲ ਟੁੱਟ

---

*ਅਲੀ-ਉਦ-ਦੀਨ : ਇਬਰਤਨਾਮਾ, ੩੯੦-੯੧.
ਤਾਰੀਖ਼-ਇ-ਕਪੂਰਥਲਾ, ੩੧੨.

†ਅਲੀ-ਉਦ-ਦੀਨ : ਇਬਰਤਨਾਮਾ, ੩੯੦-੩੯੧.

‡ਫ਼ਾਰੇਸਟਰ : ਟਰੈਵਲਜ਼, ੨੨੫.

[]ਸੋਹਣ ਲਾਲ ਤੋਂ ਬਿਨਾਂ ਸਭ ਇਤਿਹਾਸਕਾਰਾਂ ਨੇ ਇਸ ਲੜਾਈ ਦਾ ਅਸਥਾਨ ਅੱਚਲ ਹੀ ਦੱਸਿਆ ਹੈ।

()ਸੋਹਣ ਲਾਲ : ਉਮਦਤ-ਉਲ-ਤਵਾਰੀਖ਼, I,ਦਫ਼ਤਰ ੧,ਪੰਨਾ ੨੦

¿¿ਅਹਿਮਦ ਸ਼ਾਹ ਬਟਾਲੀਆ : ਤਾਰੀਖ਼-ਇ-ਹਿੰਦ, ੨੫੩.



Sri Satguru Jagjit Singh Ji eLibrary NamdhariElibrary@gmail.com

ਗਏ ਤੇ ਉਹਨਾਂ ਵਿਚ ਭਾਜੜ ਮਚ ਗਈ। ਜੈ ਸਿੰਘ ਨੂੰ ਭਾਰੀ ਹਾਰ ਹੋਈ ਤੇ ਉਹ ਪਠਾਨਕੋਟ ਵਲ ਨਸ ਗਿਆ। ਗੁਰਬਖ਼ਸ਼ ਸਿੰਘ ਦੀ ਵਿਧਵਾ, ਰਾਣੀ ਸਦਾ ਕੌਰ* ਨੂੰ ਵੀ ਆਪਣੀ ਜਾਨ ਬਚਾਉਣ ਲਈ ਨੰਗੇ ਪੈਰੀਂ ਬਟਾਲੇ ਤੋਂ ਦੌੜਨਾ ਪਿਆ†।

ਜੇਤੂ ਫ਼ੌਜਾਂ ਨੇ ਸ਼ਹਿਰ ਵਿਚ ਦਾਖ਼ਲ ਹੋ ਕੇ ਇਸ ਉੱਤੇ ਕਬਜ਼ਾ ਕਰ ਲਿਆ ਤੇ ਫਿਰ ਝਟਪਟ ਕਲਾਨੌਰ ਵਲ ਕੂਚ ਕਰ ਦਿੱਤਾ। ਇਹ ਨੱਗਰ ਹਕੀਕਤ ਸਿੰਘ ਕੰਨ੍ਹਈਏ ਦੇ ਪੁੱਤਰ ਮੰਗਲ ਸਿੰਘ ਦੇ ਅਧੀਨ ਸੀ। ਉਹ ਵੀ ਤਿੰਨ ਦਿਨ ਲਗਾਤਾਰ ਬੜੀ ਬਹਾਦਰੀ ਨਾਲ ਸੰਮਿਲਤ ਫ਼ੌਜਾਂ ਦਾ ਟਾਕਰਾ ਕਰਦਾ ਰਿਹਾ, ਪਰ ਅੰਤ ਉਸ ਨੂੰ ਵੀ ਹਾਰ ਮੰਨਣੀ ਪਈ। ਇਸ ਜਿੱਤ ਤੋਂ ਬਾਅਦ ਜੱਸਾ ਸਿੰਘ ਅਤੇ ਮਹਾਂ ਸਿੰਘ ਨੇ ਪਿੰਡ ਪਿੰਡ ਵਿਚ ਜੈ ਸਿੰਘ ਕਨ੍ਹਈਏ ਦਾ ਪਿੱਛਾ ਕੀਤਾ। ਸ੍ਰੀ ਹਰਿਗੋਬਿੰਦ ਪੁਰ, ਮੱਤੇਵਾਲ ਅਤੇ ਦਾਦੂਵਾਲ ਦੇ ਅਸਥਾਨਾਂ ਉੱਤੇ ਵਿਰੋਧੀ ਧਿਰਾਂ ਵਿਚਕਾਰ ਛੋਟੀਆਂ ਛੋਟੀਆਂ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਜੈ ਸਿੰਘ ਨੂੰ ਹਾਰ ਹੋਈ। ਇਸ ਤੋਂ ਪਿਛੋਂ ਕੰਨ੍ਹਈਏ ਸਰਦਾਰ ਕਿਸੇ ਥਾਂ ਵੀ ਜੰਮ ਕੇ ਮੁਕਾਬਲਾ ਨਾ ਕਰ ਸਕੇ।

ਪਹਾੜੀ ਇਲਾਕੇ ਦੀ ਮੁਹਿੰਮ ਦੀ ਕਮਾਨ ਸੰਸਾਰ ਚੰਦ ਕਟੋਚ ਦੇ ਹੱਥ ਵਿਚ ਸੀ। ਉਸ ਨੇ ਹਾਜੀਪੁਰ, ਮੁਕੇਰੀਆਂ ਤੇ ਕੁਝ ਹੋਰ ਇਲਾਕੇ ਕੰਨ੍ਹਈਆਂ ਪਾਸੋਂ ਖੋਹ ਲਏ ਅਤੇ ਕਾਂਗੜੇ ਦੇ ਕਿਲ੍ਹੇ ਦੁਆਲੇ ਵੀ ਘੇਰਾ

---

*ਸਦਾ ਕੌਰ ਗੁਰਬਖ਼ਸ਼ ਸਿੰਘ ਕੰਨ੍ਹਈਏ ਦੀ ਪਤਨੀ ਤੇ ਜੈ ਸਿੰਘ ਕੰਨ੍ਹਈਏ ਦੀ ਨੂੰਹ ਸੀ। ਜੈ ਸਿੰਘ ਦੀ ਮੌਤ ਤੋਂ ਪਿੱਛੋਂ ਉਹ ਕੰਨ੍ਹਈਆ ਮਿਸਲ ਦੀ ਸਰਦਾਰਨੀ ਥਾਪੀ ਗਈ। ਪੰਜਾਬ ਦੀਆਂ ਪਰਸਿੱਧ ਇਸਤ੍ਰੀਆਂ ਵਿੱਚੋਂ ਉਸ ਦਾ ਨਾਂ ਖ਼ਾਸ ਵਰਣਨ ਯੋਗ ਹੈ। ਇਹ ਬੜੀ ਨੀਤੀਵਾਨ ਤੇ ਸੁਘੜ ਸੁਆਣੀ ਸੀ। ਸਦਾ ਕੌਰ ਦੀ ਲਿਆਕਤ ਦਾ ਸਦਕਾ ਹੀ ਉਸ ਨੂੰ ਰਣਜੀਤ ਸਿੰਘ ਦੀ ਬਾਦਸ਼ਾਹੀ ਦੀ ਪੌੜੀ ਮੰਨਿਆ ਜਾਂਦਾ ਹੈ।

†ਪਰਮਾਨੰਦ : ਤਾਰੀਖ਼-ਇ ਪੰਜਾਬ, ੩੭੩.



Sri Satguru Jagjit Singh Ji eLibrary NamdhariElibrary@gmail.com

ਪਾ ਲਿਆ। ਪਰ ਕਿਲ੍ਹੇ ਦੇ ਅੰਦਰੋਂ ਜੈ ਸਿੰਘ ਦੀ ਇਕ ਮੁਟਿਆਰ ਦਾਸੀ ਨੇ ਇੰਨਾ ਡਟ ਕੇ ਟਾਕਰਾ ਕੀਤਾ ਕਿ ਸੰਸਾਰ ਚੰਦ ਇਸ ਉਤੇ ਕਬਜ਼ਾ ਨਾ ਕਰ ਸਕਿਆ*। ਇਧਰ ਜੱਸਾ ਸਿੰਘ ਨੇ ਜੈ ਸਿੰਘ ਨੂੰ ਸਾਰੇ ਮੈਦਾਨੀ ਇਲਾਕੇ ਵਿੱਚੋਂ ਬੇਦਖ਼ਲ ਕਰ ਦਿੱਤਾ ਤੇ ਫਿਰ ਸੰਸਾਰ ਚੰਦ ਨੂੰ ਸੁਨਿਹਾ ਭੇਜਿਆ ਕਿ ਉਹ ਕਾਂਗੜੇ ਦੇ ਕਿਲ੍ਹੇ ਨੂੰ ਜਿੱਤਣ ਲਈ ਵਧ ਤੋਂ ਵਧ ਯਤਨ ਕਰੇ।

ਮੈਦਾਨੀ ਇਲਾਕੇ ਦੀ ਮੁਕੰਮਲ ਹਾਰ ਅਤੇ ਪਹਾੜੀ ਇਲਾਕੇ ਵਿਚ ਕਿਲ੍ਹੇ ਦੇ ਤਕੜੇ ਘੇਰੇ ਤੋਂ ਜੈ ਸਿੰਘ ਨੇ ਪਰਤੀਤ ਕਰ ਲਿਆ ਕਿ ਉਹ ਇਕ ਵਿਅਰਥ ਲੜਾਈ ਲੜ ਰਿਹਾ ਹੈ। ਇਸ ਲਈ ਉਹ ਆਪ ਪਹਾੜੀਆਂ ਵਿਚ ਜਾ ਲੁਕਿਆ ਅਤੇ ਉਸ ਦੀ ਨੀਤੀਵਾਨ ਨੂੰਹ, ਸਦਾ ਕੌਰ ਨੇ ਸਮਝੌਤੇ ਲਈ ਗੱਲ-ਬਾਤ ਸ਼ੁਰੂ ਕਰ ਦਿੱਤੀ। ਸਦਾ ਕੌਰ, ਮਹਾਂ ਸਿੰਘ ਸੁਕਰਚੱਕੀਏ ਦੀ ਪਤਨੀ ਰਾਜ ਕੌਰ ਨੂੰ ਮਿਲੀ ਅਤੇ ਉਸ ਨੇ ਉਹਨੂੰ ਪ੍ਰੇਰਿਆ ਕਿ ਉਹ ਆਪਣੇ ਪੁੱਤਰ ਰਣਜੀਤ ਸਿੰਘ ਲਈ ਉਸ ਦੀ ਸਪੁੱਤਰੀ ਮਹਿਤਾਬ ਕੌਰ ਦਾ ਰਿਸ਼ਤਾ ਪਰਵਾਨ ਕਰ ਲਏ। ਕੁਝ ਚਿਰ ਪਿੱਛੋਂ ਇਹ ਗੱਲ ਸਿਰੇ ਚੜ੍ਹ ਗਈ, ਜਿਸ ਕਰਕੇ ਕੰਨ੍ਹਈਆਂ ਤੇ ਸੁਕਰਚੱਕੀਆਂ ਦੇ ਵਿਚਕਾਰ ਸਮਝੌਤਾ ਹੋ ਗਿਆ। ਪਰ ਸਦਾ ਕੌਰ ਦੀ ਇਹ ਨੀਤੀ-ਨਿਪੁੰਨ ਚਾਲ ਵੀ ਉਸ ਨੂੰ ਉਹਦੇ ਖੁੱਸੇ ਹੋਏ ਇਲਾਕੇ ਵਾਪਸ ਦਿਵਾਉਣ ਵਿਚ ਸਫ਼ਲ ਨਾ ਹੋ ਸਕੀ।

ਇਧਰ ਸੰਸਾਰ ਚੰਦ ਕਾਂਗੜੇ ਦਾ ਕਿਲ੍ਹਾ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕਿਆ ਸੀ। ਹੁਣ ਜੱਸਾ ਸਿੰਘ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਕੰਨ੍ਹਈਏ ਸਰਦਾਰ ਨਾਲ ਗੱਲ-ਬਾਤ ਰਾਹੀਂ ਕਿਲ੍ਹਾ ਪਰਾਪਤ ਕਰਨ ਦਾ ਜਤਨ ਕਰੇ। ਜੱਸਾ ਸਿੰਘ ਦੀ ਇਹ ਚਾਲ ਉਸ ਨੂੰ ਪੁੱਠੀ ਪਈ ਤੇ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਸਾਬਤ ਹੋਈ। ਰਾਜਾ ਸੰਸਾਰ ਚੰਦ ਅਤੇ ਜੈ ਸਿੰਘ ਦੇ ਵਿਚਕਾਰ ਗੱਲ-ਬਾਤ ਦਾ ਸਿੱਟਾ ਇਹ

---

*ਲਤੀਫ਼ : ਹਿਸਟਰੀ ਔਫ਼ ਦੀ ਪੰਜਾਬ, ਪੰਨਾ ੩੧੨.



Sri Satguru Jagjit Singh Ji eLibrary NamdhariElibrary@gmail.com

ਨਿਕਲਿਆ ਕਿ ਉਨ੍ਹਾਂ ਦੋਹਾਂ ਵਿਚ ਸਮਝੌਤਾ ਹੋ ਗਿਆ। ਜੈ ਸਿੰਘ ਨੇ ਕਾਂਗੜੇ ਦਾ ਕਿਲ੍ਹਾ ਸੰਸਾਰ ਚੰਦ ਦੇ ਹਵਾਲੇ ਕਰ ਦਿੱਤਾ, ਜਿਸ ਦੇ ਬਦਲੇ ਉਸ ਨੇ ਹਾਜੀਪੁਰ ਤੇ ਮੁਕੇਰੀਆਂ ਦੇ ਇਲਾਕੇ ਕੰਨ੍ਹਈਏ ਸਰਦਾਰ ਨੂੰ ਵਾਪਸ ਕਰ ਦਿੱਤੇ। ਇਸ ਤੋਂ ਛੁਟ ਇਹ ਵੀ ਫ਼ੈਸਲਾ ਹੋਇਆ ਕਿ ਸੰਸਾਰ ਚੰਦ ਕਟੋਚ, ਜੱਸਾ ਸਿੰਘ ਰਾਮਗੜ੍ਹੀਏ ਦੇ ਵਿਰੁੱਧ ਜੈ ਸਿੰਘ ਕੰਨ੍ਹਈਏ ਦੀ ਸਹਾਇਤਾ ਕਰੇਗਾ। ਕਾਂਗੜੇ ਦਾ ਰਾਜਾ ਸੁਤੰਤਰ ਰਹਿਣ ਦਾ ਇੱਛਾਵਾਨ ਸੀ, ਇਸ ਲਈ ਉਹਨੇ ਜੈ ਸਿੰਘ ਨਾਲ ਰਲਣਾ ਪਰਵਾਨ ਕਰ ਲਿਆ। ਮਹਾਂ ਸਿੰਘ ਸੁਕਰਚੱਕੀਏ ਨਾਲ ਪਹਿਲਾਂ ਹੀ ਕੰਨ੍ਹਈਆਂ ਦਾ ਸਮਝੌਤਾ ਹੋ ਚੁਕਾ ਸੀ, ਇਸ ਲਈ ਜੱਸਾ ਸਿੰਘ ਰਾਮ-ਗੜ੍ਹੀਆ ਫਿਰ ਇਕੱਲਾ ਰਹਿ ਗਿਆ।

ਪਰ ਇਸ ਵੇਲੇ ਤਕ ਜੱਸਾ ਸਿੰਘ ਨੇ ਆਪਣੀ ਪੋਜ਼ੀਸ਼ਨ ਕਾਫ਼ੀ ਮਜ਼ਬੂਤ ਬਣਾ ਲਈ ਸੀ ਤੇ ਪਹਾੜੀ ਰਿਆਸਤਾਂ ਤੋਂ ਬਿਨਾਂ ਆਪਣੇ ਸਾਰੇ ਪਹਿਲੇ ਇਲਾਕੇ ਮੁੜ ਕੇ ਪਰਾਪਤ ਕਰ ਲਏ ਸਨ*। ਭਾਵੇਂ ਜੈ ਸਿੰਘ ਕੰਨ੍ਹਈਏ ਨੇ ਇਸ ਤੋਂ ਬਾਅਦ ਵੀ ਉਸ ਨਾਲ ਲੜਾਈ ਜਾਰੀ ਰੱਖੀ, ਪਰ ਉਹ ਉਹਨੂੰ ਉਸ ਦੇ ਮਹੱਤਵ-ਪੂਰਨ ਇਲਾਕਿਆਂ ਤੋਂ ਬੇਦਖ਼ਲ ਕਰਨ ਵਿਚ ਕਦੀ ਵੀ ਕਾਮਯਾਬ ਨਾ ਹੋ ਸਕਿਆ।

---

*ਅਲੀ-ਉਦ-ਦੀਨ ਲਿਖਦਾ ਹੈ ਕਿ ਜੱਸਾ ਸਿੰਘ ਨੂੰ ਬਟਾਲੇ ਤੋਂ ਛੁਟ ਸਭ ਇਲਾਕੇ ਵਾਪਸ ਮਿਲ ਗਏ ਸਨ। ਪਰ ਬਟਾਲੇ ਬਾਰੇ ਬਾਅਦ ਵਿਚ ਹੋਈਆਂ ਲੜਾਈਆਂ ਤੋਂ ਸਿੱਧ ਹੁੰਦਾ ਹੈ ਕਿ ਬਟਾਲਾ ਵੀ ਜੱਸਾ ਸਿੰਘ ਦੇ ਕਬਜ਼ੇ ਵਿਚ ਆ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

# ਹੋਰ ਮਿਸਲਾਂ ਨਾਲ ਝੜਪਾਂ

## [੧੭੮੪-੯੬]

ਆਪਣੇ ਇਲਾਕਿਆਂ ਉੱਤੇ ਮੁੜ ਕੇ ਕਬਜ਼ਾ ਕਰਨ ਤੋਂ ਪਿੱਛੋਂ ਜੱਸਾ ਸਿੰਘ ਨੂੰ ਭਾਗ ਸਿੰਘ ਆਹਲੂਵਾਲੀਏ ਦਾ ਟਾਕਰਾ ਕਰਨਾ ਪਿਆ। ਆਹਲੂਵਾਲੀਆ ਸਰਦਾਰ ੧੭੮੩ ਵਿਚ ਜੈ ਸਿੰਘ ਕੰਨ੍ਹਈਏ ਦੀ ਮਦਦ ਕਰਦਾ ਹੋਇਆ ਜੱਸਾ ਸਿੰਘ ਦੇ ਵਿਰੁੱਧ ਲੜਿਆ ਸੀ। ਇਸ ਲੜਾਈ ਵਿਚ ਕੰਨ੍ਹਈਆਂ ਦੀ ਹਾਰ ਨੂੰ ਉਹ ਆਪਣੀ ਹਾਰ ਸਮਝਦਾ ਸੀ ਤੇ ਇਸ ਨਾਲ ਉਹਦੀ ਤਾਕਤ ਤੇ ਰੁਹਬ ਨੂੰ ਕਾਫ਼ੀ ਸੱਟ ਵੱਜੀ ਸੀ। ਸੋ ਆਪਣੇ ਖੁੱਸੇ ਹੋਏ ਅਸਰ-ਰਸੂਖ਼ ਨੂੰ ਮੁੜ ਕੇ ਬਹਾਲ ਕਰਨ ਲਈ ਭਾਗ ਸਿੰਘ ਨੇ ਜੱਸਾ ਸਿੰਘ ਨਾਲ ਟੱਕਰ ਲੈਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਦੋਹਾਂ ਸਰਦਾਰਾਂ ਦੀਆਂ ਫ਼ੌਜਾਂ ਦੀ ਪਹਿਲੀ ਟੱਕਰ ਫਗਵਾੜੇ ਦੇ ਨੇੜੇ ਪਿੰਡ ਸਿਕਾਰ ਰਾਮਗੜ੍ਹ ਦੇ ਕੋਲ ਹੋਈ। ਇਸ ਲੜਾਈ ਵਿਚ ਜੱਸਾ ਸਿੰਘ ਨੂੰ ਹਾਰ ਹੋਈ ਤੇ ਭਾਗ ਸਿੰਘ ਆਹਲੂਵਾਲੀਏ ਨੇ ਕਈ ਰਾਮਗੜ੍ਹੀਆਂ ਨੂੰ ਗ੍ਰਿਫ਼ਤਾਰ ਕਰ ਕੇ ਕਰੜੇ ਦੰਡ ਦਿੱਤੇ। ਇਸ ਤੋਂ ਬਾਅਦ ਬਿਆਸਾ ਦਰਿਆ ਦੇ ਨੇੜੇ ਝੱਖੜ ਨਦੀ ਦੇ ਕੰਢੇ ਉੱਤੇ ਇਕ ਹੋਰ ਲੜਾਈ ਹੋਈ ਤੇ ਇਸ ਵਿਚ ਵੀ ਭਾਗ ਸਿੰਘ ਦੀਆਂ ਫ਼ੌਜਾਂ ਨੂੰ ਜਿੱਤ ਪਰਾਪਤ ਹੋਈ। ਇਹੋ ਜਹੀਆਂ ਨਿੱਕੀਆਂ ਨਿੱਕੀਆਂ ਝੜਪਾਂ ੧੭੮੭ ਈਸਵੀ ਤਕ ਜਾਰੀ ਰਹੀਆਂ*।

ਜੈ ਸਿੰਘ ਕੰਨ੍ਹਈਏ ਨੇ ਵੀ ੧੭੮੭ ਈਸਵੀ ਵਿਚ ਜੱਸਾ ਸਿੰਘ ਪਾਸੋਂ ਬਟਾਲਾ ਵਾਪਸ ਲੈਣ ਦਾ ਸਿਰ-ਤੋੜ ਜਤਨ ਕੀਤਾ। ਇਸ ਮੁਹਿੰਮ ਵਿਚ ਮਹਾਂ ਸਿੰਘ ਸੁਕਰਚੱਕੀਆ; ਰਾਜਾ ਸੰਸਾਰ ਚੰਦ ਅਤੇ

---

*ਤਾਰੀਖ਼-ਇ-ਕਪੂਰਥਲਾ, ੩੧੪-੧੫.



Sri Satguru Jagjit Singh Ji eLibrary NamdhariElibrary@gmail.com

ਨੂਰਪੁਰ ਤੇ ਚੰਬੇ ਦੇ ਰਾਜੇ ਵੀ ਕੰਨ੍ਹਈਏ ਸਰਦਾਰ ਦੇ ਨਾਲ ਸਨ। ਇਧਰ ਜੱਸਾ ਸਿੰਘ ਦੀ ਮਦਦ ਕਰਨ ਵਾਲੇ ਕੇਵਲ ਬਟਾਲਾ ਸ਼ਹਿਰ ਦੇ ਵਸਨੀਕ ਸਨ। ਉਨ੍ਹਾਂ ਦੀ ਸਰਗਰਮ ਮਦਦ ਨਾਲ ਉਸ ਨੇ ਬਟਾਲੇ ਦੇ ਕਿਲ੍ਹੇ ਨੂੰ ਇੰਨਾ ਮਜ਼ਬੂਤ ਬਣਾ ਲਿਆ ਕਿ ਉਹ ਉਸ ਦੇ ਅੰਦਰੋਂ ਸਹਿਜੇ ਹੀ ਦੁਸ਼ਮਣ ਦਾ ਟਾਕਰਾ ਕਰ ਸਕਦਾ ਸੀ। ਬਟਾਲੇ ਉੱਤੇ ਦੂਜੀ ਵਾਰੀ ਕਬਜ਼ਾ ਕਰਨ ਤੋਂ ਝਟ ਬਾਅਦ ਹੀ ਉਸ ਨੇ ਇਸ ਸ਼ਹਿਰ ਦੇ ਦੁਆਲੇ ਤੀਹ ਫੁਟ ਉੱਚੀ ਤੇ ਇੱਕੀ ਫੁਟ ਚੌੜੀ ਕੰਧ ਉਸਾਰ ਲਈ ਸੀ। ਇਸ ਫਸੀਲ ਨੇ ਬਟਾਲੇ ਦੇ ਇਸ ਘੇਰੇ ਵਿਚ ਜੱਸਾ ਸਿੰਘ ਨੂੰ ਬਹੁਤ ਲਾਭ ਪਹੁੰਚਾਇਆ। ਜੱਸਾ ਸਿੰਘ ਦੀ ਦ੍ਰਿੜ੍ਹਤਾ ਤੇ ਦਲੇਰੀ ਅਤੇ ਕਿਲ੍ਹੇ ਦੀ ਮਜ਼ਬੂਤੀ ਨੂੰ ਵੇਖ ਕੇ ਜੈ ਸਿੰਘ ਨੇ ਇੱਕੀ ਦਿਨਾਂ ਪਿੱਛੋਂ ਕਿਲ੍ਹੇ ਦਾ ਘੇਰਾ ਚੁੱਕ ਲਿਆ। ਇਸ ਤੋਂ ਪਿੱਛੋਂ ਜੈ ਸਿੰਘ ਨੇ ਆਪਣੇ ਜੀਉਂਦੇ ਜੀਅ ਬਟਾਲੇ ਨੂੰ ਵਾਪਸ ਲੈਣ ਦੇ ਕਈ ਜਤਨ ਕੀਤੇ, ਪਰੰਤੂ ਉਹ ਆਪਣੇ ਇਸ ਆਸ਼ੇ ਵਿਚ ਸਫਲ ਨਾ ਹੋ ਸਕਿਆ। ੧੭੯੯* ਈਸਵੀ ਵਿਚ ਜੈ ਸਿੰਘ ਚਲਾਣਾ ਕਰ ਗਿਆ ਤੇ ਉਸ ਤੋਂ ਪਿੱਛੋਂ ਕੰਨ੍ਹਈਆ ਮਿਸਲ ਦੀ ਸਰਦਾਰੀ ਉਸ ਦੀ ਨੂੰਹ ਸਦਾ ਕੌਰ ਦੇ ਹੱਥ ਆਈ।

ਸਰਦਾਰਨੀ ਸਦਾ ਕੌਰ ਪੰਜਾਬ ਦੇ ਸਿੱਖ ਇਤਿਹਾਸ ਵਿਚ ਇਕ ਸਭ ਤੋਂ ਉੱਘੀ, ਉਤਸ਼ਾਹੀ ਤੇ ਨੀਤੀਵਾਨ ਇਸਤ੍ਰੀ ਸੀ। ਉਸ ਦਾ ਪਤੀ ਗੁਰਬਖ਼ਸ਼ ਸਿੰਘ ਰਾਮਗੜ੍ਹੀਆਂ ਦੇ ਹੱਥੋਂ ਮਾਰਿਆ ਗਿਆ ਸੀ, ਇਸ ਲਈ ਉਸ ਦੇ ਦਿਲ ਵਿਚ ਬਦਲੇ ਦੀ ਅੱਗ ਬਲ ਰਹੀ ਸੀ ਤੇ ਉਹ ਜੱਸਾ ਸਿੰਘ ਰਾਮਗੜ੍ਹੀਏ ਦਾ ਮਾਣ ਤੋੜਨਾ ਚਾਹੁੰਦੀ ਸੀ। ਸੋ ਜੈ ਸਿੰਘ ਦੀ ਮੌਤ ਤੋਂ ਪਿੱਛੋਂ ਉਸ ਨੇ ਕੰਨ੍ਹਈਆ ਮਿਸਲ ਦੇ ਖੁੱਸੇ ਹੋਏ ਇਲਾਕਿਆਂ ਨੂੰ ਮੁੜ ਕੇ ਪਰਾਪਤ ਕਰਨ ਦਾ ਜਤਨ ਕੀਤਾ। ਪਹਿਲਾਂ

---

*ਸੋਹਣ ਲਾਲ : ਉਮਦਤ-ਉਲ-ਤਵਾਰੀਖ਼, I, ਦਫ਼ਤਰ I, ਪੰਨਾ ੨੦,
ਲਤੀਫ਼ : ਹਿਸਟਰੀ ਔਫ ਦੀ ਪੰਜਾਬ, ੩੧੨.
ਮੈਕਗਰੇਗਰ : ਹਿਸਟਰੀ ਔਫ ਦੀ ਸਿਖਸ, ਪੰਨਾ ੧੩੫.

ਉਸ ਨੇ ਰਣਜੀਤ ਸਿੰਘ* ਦੀ ਸਹਾਇਤਾ ਨਾਲ ਬਟਾਲੇ ਉੱਤੇ ਹੱਲਾ ਕੀਤਾ, ਪਰੰਤੂ ਉਹ ਇਸ ਜਤਨ ਵਿਚ ਸਫਲ ਨਾ ਹੋ ਸਕੀ। ਇਸ ਤੋਂ ਪਿੱਛੋਂ ਉਸ ਨੇ ਬਟਾਲਾ ਸ਼ਹਿਰ ਦੇ ਵਸਨੀਕਾਂ ਨਾਲ ਗੰਢ-ਤਰੁੱਪ ਕਰ ਲਿਆ ਤੇ ਉਨ੍ਹਾਂ ਦੀ ਮਿਲਵਰਤਣ ਨਾਲ ਆਪਣੇ ਸਿਪਾਹੀਆਂ ਨੂੰ ਸ਼ਹਿਰ ਦੇ ਅੰਦਰ ਦਾਖ਼ਲ ਕਰਨ ਵਿਚ ਕਾਮਯਾਬ ਹੋ ਗਈ। ਇਸ ਤਰ੍ਹਾਂ ਰਾਣੀ ਸਦਾ ਕੌਰ ਨੇ ਬਟਾਲਾ ਨਗਰ ਰਾਮਗੜ੍ਹੀਆਂ ਪਾਸੋਂ ਵਾਪਸ ਲੈ ਲਿਆ†। ਜੱਸਾ ਸਿੰਘ ਇਸ ਤਰ੍ਹਾਂ ਸਹਿਜ ਨਾਲ ਬਟਾਲੇ ਨੂੰ ਹੱਥੋਂ ਛੱਡਣ ਲਈ ਤਿਆਰ ਨਹੀਂ ਸੀ। ਉਸ ਨੇ ਕੁਝ ਦਿਨ ਪਿੱਛੋਂ ਹੀ ਬਟਾਲੇ ਉਤੇ ਜਵਾਬੀ ਹਮਲਾ ਕੀਤਾ। ਇਸ ਲੜਾਈ ਵਿਚ ਸੰਸਾਰ ਚੰਦ ਦੇ ਛੋਟੇ ਭਰਾ ਮਾਨ ਚੰਦ ਨੇ ਵੀ ਇਕ ਫ਼ੌਜੀ ਦਸਤਾ ਭੇਜ ਕੇ ਜੱਸਾ ਸਿੰਘ

---

†ਮਹਾਰਾਜਾ ਰਣਜੀਤ ਸਿੰਘ, ਸ: ਮਹਾਂ ਸਿੰਘ ਸੁਕਰਚੱਕੀਏ ਦਾ ਪੁੱਤਰ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਹ ਕੇਵਲ ਸਤਾਰ੍ਹਾਂ ਸਾਲ ਦੀ ਉਮਰ ਵਿਚ ਆਪਣੀ ਮਿਸਲ ਦਾ ਸਰਦਾਰ ਬਣਿਆ। ਪੰਜਾਬ ਵਿਚ ਇਕ ਸੁਤੰਤਰ ਰਾਜ ਕਾਇਮ ਕਰਨਾ ਉਸ ਦੇ ਜੀਵਨ ਦਾ ਮੁੱਖ ਉਦੇਸ਼ ਸੀ। ਉਸ ਨੇ ੧੭੯੯ ਵਿਚ ਲਾਹੌਰ ਉੱਤੇ ਕਬਜ਼ਾ ਕੀਤਾ ਤੇ ੧੮੦੩ ਵਿਚ ਅੰਮ੍ਰਿਤਸਰ ਵੀ ਲੈ ਲਿਆ। ਇਸ ਤਰ੍ਹਾਂ ਉਸ ਨੇ ਸਹਿਜੇ ਸਹਿਜੇ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਅਧਿਕਾਰ ਜਮਾ ਲਿਆ। ਭਾਵੇਂ ਉਹ ਅਨਪੜ੍ਹ ਸੀ, ਪਰ ਉਸ ਦੀ ਸਖ਼ਸੀਅਤ ਬੜੀ ਪ੍ਰਭਾਵਸ਼ਾਲੀ ਸੀ ਤੇ ਉਹ ਬਦੇਸ਼ੀ ਦੂਤਾਂ ਨਾਲ ਗੱਲ-ਬਾਤ ਕਰਨ ਵਿਚ ਮਾਹਿਰ ਸੀ। ਇਸ ਤੋਂ ਬਿਨਾਂ ਉਹ ਇਕ ਸਿਆਣਾ ਫ਼ੌਜੀ ਜਰਨੈਲ ਸੀ ਤੇ ਉਸ ਨੇ ਆਪਣੀ ਫ਼ੌਜ ਨੂੰ ਪੱਛਮੀ ਨਮੂਨੇ ਦੀ ਕਵਾਇਦ ਸਿਖਾ ਕੇ 'ਖ਼ਾਲਸਾ ਮਾਡਲ ਆਰਮੀ' ਤਿਆਰ ਕੀਤੀ, ਜਿਸ ਉੱਤੇ ਖ਼ਾਲਸਾ ਰਾਜ ਨੂੰ ਘੌਗ ਮਾਣ ਸੀ। ਉਸ ਵਿਚ ਕੇਵਲ ਇੱਕੋ ਤਰੁੱਟੀ ਸੀ ਕਿ ਉਹ ਆਪਣੇ ਪਿੱਛੇ ਬਿਸਮਾਰਕ ਵਾਂਗ ਇਕ ਹੋਰ ਰਣਜੀਤ ਸਿੰਘ ਨਾ ਛਡ ਗਿਆ, ਜੋ ਉਸ ਦੇ ਰਾਜ ਨੂੰ ਸੰਭਾਲ ਸਕਦਾ। [ਸਿਨਹਾ : ਰਣਜੀਤ ਸਿੰਘ, ਕੋਹਲੀ : ਰਣਜੀਤ ਸਿੰਘ

†ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੧੦੧.
ਹਿਸਟਰੀ ਔਫ਼ ਦੀ ਪੰਜਾਬ, ਐਲਨ ਐਂਡ ਕੋ.



Sri Satguru Jagjit Singh Ji eLibrary NamdhariElibrary@gmail.com

ਦੀ ਮਦਦ ਕੀਤੀ। ਭਾਗ ਸਿੰਘ ਆਹਲੂਵਾਲੀਆ ਰਾਣੀ ਸਦਾ ਕੌਰ ਦੀ ਮਦਦ ਉੱਤੇ ਸੀ। ਉਹ ਆਪਣੇ ਜੱਦੀ ਦੁਸ਼ਮਣ ਦੇ ਵਿਰੁੱਧ ਬੜੇ ਜੋਸ਼ ਨਾਲ ਲੜਿਆ ਤੇ ਉਸ ਨੇ ਮਾਨ ਚੰਦ ਦੇ ਫ਼ੌਜੀ ਦਸਤੇ ਨੂੰ ਹਾਰ ਦੇ ਕੇ ਮੈਦਾਨ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ। ਇਸ ਤਰ੍ਹਾਂ ਜੱਸਾ ਸਿੰਘ ਬਟਾਲੇ ਨੂੰ ਵਾਪਸ ਲੈਣ ਵਿਚ ਸਫਲ ਨਾ ਹੋ ਸਕਿਆ*। ਕੁਝ ਚਿਰ ਪਿੱਛੋਂ ਸਦਾ ਕੌਰ ਨੇ ਕਲਾਨੌਰ ਤੇ ਵੀ ਹੱਲਾ ਬੋਲ ਦਿੱਤਾ ਅਤੇ ਕੁਝ ਦਿਨ ਦੇ ਘੇਰੇ ਪਿੱਛੋਂ ਇਸ ਸ਼ਹਿਰ ਤੇ ਵੀ ਕਬਜ਼ਾ ਕਰ ਲਿਆ।

ਬਟਾਲੇ ਤੇ ਕਲਾਨੌਰ ਦੀ ਹਾਰ ਨਾਲ ਜੱਸਾ ਸਿੰਘ ਦੀ ਤਾਕਤ ਤੇ ਅਸਰ-ਰਸੂਖ਼ ਨੂੰ ਬੜਾ ਧੱਕਾ ਲੱਗਾ† ਤੇ ਉਸ ਨੇ ਪਰਤੀਤ ਕੀਤਾ ਕਿ ਕਿਸੇ ਤਕੜੀ ਧਿਰ ਨਾਲ ਗੱਠ-ਜੋੜ ਕਰਨ ਤੇ ਉਸ ਪਾਸੋਂ ਸਹਾਇਤਾ ਲੈਣ ਤੋਂ ਬਿਨਾਂ ਉਹ ਪੰਜਾਬ ਵਿਚ ਸ਼ਾਂਤੀ ਨਾਲ ਨਹੀਂ ਰਹਿ ਸਕੇਗਾ। ੧੭੯੪ ਈਸਵੀ ਵਿਚ ਇਕ ਪੁਰਸ਼ ਗ਼ੁਲਾਮ ਮੁਹੀ-ਉਦ-ਦੀਨ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਰੁਹੇਲੇ ਸਰਦਾਰ ਗ਼ੁਲਾਮ ਮੁਹੰਮਦ ਨਾਲ ਫ਼ੌਜੀ ਗੱਠ ਜੋੜ ਕਰ ਲਏ ਅਤੇ ਸਿੱਖ ਫ਼ੌਜ ਭੇਜ ਕੇ ਅੰਗਰੇਜ਼ਾਂ ਤੇ ਅਵੱਧ ਦੇ ਨਵਾਬ ਦੇ ਵਿਰੁੱਧ ਉਸ ਦੀ ਸਹਾਇਤਾ ਕਰੇ। ਅਜਿਹਾ ਕਰਨ ਨਾਲ ਉਸ ਨੂੰ ਰੁਹੇਲੇ ਆਗੂ ਪਾਸੋਂ ਫ਼ੌਜੀ ਸਹਾਇਤਾ ਦੀ ਆਸ ਹੋ ਸਕਦੀ ਸੀ। ਸੋ ਇਸ ਤਜਵੀਜ਼ ਨੂੰ ਪਰਵਾਨ ਕਰ ਕੇ ਜੱਸਾ ਸਿੰਘ ਨੇ ਰੁਹੇਲੇ ਸਰਦਾਰ ਨੂੰ ਹੇਠ ਲਿਖੀ ਚਿੱਠੀ ਭੇਜੀ:—

''ਗ਼ੁਲਾਮ ਮੁਹੀ-ਉਦ-ਦੀਨ ਦੀ ਇੱਛਾ ਅਨੁਸਾਰ ਮੈਂ, ਤਾਰਾ ਸਿੰਘ, ਖ਼ੁਸ਼ਾਲ ਸਿੰਘ, ਜੋਧ ਸਿੰਘ ਤੇ ਗੁਰਦਿਤ ਸਿੰਘ ਆਦਿ ਨੇ ਤੁਹਾਡੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਲਈ ਅਸੀਂ ਮਾਣਕ ਚੰਦ ਨੂੰ ਸਭ ਹਾਲਤ ਤੋਂ ਜਾਣੂ ਕਰਵਾ ਕੇ ਤੁਹਾਡੇ ਪਾਸ ਭੇਜ ਰਹੇ ਹਾਂ।

---

*ਤਾਰੀਖ਼-ਇ-ਕਪੂਰਥਲਾ, ਸਫ਼ਾ ੩੧੯.

†ਖ਼ੁਸ਼ਵਕਤ ਰਾਏ : ਤਾਰੀਖ਼-ਇ ਸਿੱਖਾਂ, ੧੦੧.



Sri Satguru Jagjit Singh Ji eLibrary NamdhariElibrary@gmail.com

ਤੁਸੀਂ ਉਸ ਦੀ ਗੱਲ ਬਾਤ ਤੇ ਵਿਸ਼ਵਾਸ ਕਰਨਾ। ਮੈਨੂੰ ਆਸ ਹੈ ਕਿ ਤੁਸੀਂ ਆਪਣੀ ਸੰਮਤੀ ਪਰਗਟ ਕਰ ਕੇ ਛੇਤੀ ਹੀ ਉਸ ਨੂੰ ਵਾਪਸ ਭੇਜ ਦਿਓਗੇ। ਮੈਨੂੰ ਵਾਹਿਗੁਰੂ ਉੱਤੇ ਭਰੋਸਾ ਹੈ। ਅਸੀਂ ਤੁਹਾਡੇ ਪਾਸ ਗ਼ੁਲਾਮ ਮੁਹੀ-ਉਦ-ਦੀਨ ਦੇ ਨਾਲ ਆਵਾਂਗੇ ਅਤੇ ਦਿਆਨਤਦਾਰੀ ਨਾਲ ਤੁਹਾਡੀ ਸਹਾਇਤਾ ਕਰਾਂਗੇ। ਮੈਂ ਪੱਕੀ ਤਰ੍ਹਾਂ ਤੁਹਾਡੇ ਨਾਲ ਹਾਂ। ਜੇ ਤੁਹਾਨੂੰ ਸਾਡੀ ਸਹਾਇਤਾ ਦੀ ਲੋੜ ਹੋਵੇ, ਤਾਂ ਲੋੜ ਅਨੁਸਾਰ ਮਾਣਕ ਚੰਦ ਨੂੰ ਭੇਜ ਦਿਓ; ਅਸੀਂ ਤੁਹਾਡੇ ਨਾਲ ਹਾਂ* ।

ਪਰੰਤੂ ਇਸ ਚਿੱਠੀ-ਪੱਤਰ ਦਾ ਕੋਈ ਨਿੱਗਰ ਸਿੱਟਾ ਨਿਕਲਿਆ ਨਹੀਂ ਜਾਪਦਾ, ਕਿਉਂਜੁ ਇਸ ਤੋਂ ਬਾਅਦ ਸਾਨੂੰ ਕੋਈ ਅਜਿਹੀ ਲਿਖਤ ਨਹੀਂ ਮਿਲਦੀ, ਜਿਸ ਤੋਂ ਪਤਾ ਲੱਗੇ ਕਿ ਜੱਸਾ ਸਿੰਘ ਨੇ ਕਦੀ ਰੁਹੇਲੇ ਸਰਦਾਰ ਦੀ ਮਦਦ ਕੀਤੀ ਹੋਵੇ। ਸੋ ਇਸ ਤੋਂ ਅਸੀਂ ਇਹੀ ਸਿੱਟਾ ਕਢ ਸਕਦੇ ਹਾਂ ਕਿ ਇਹ ਗੱਲ-ਬਾਤ ਸਿਰੇ ਨਾ ਚੜ੍ਹ ਸਕੀ। ਨਤੀਜਾ ਇਹ ਹੋਇਆ ਕਿ ਜੱਸਾ ਸਿੰਘ ਨੇ ਇਕੱਲਿਆਂ ਹੀ ਕੰਨ੍ਹਈਆਂ ਤੇ ਆਹਲੂਵਾਲੀਆਂ ਦਾ ਟਾਕਰਾ ਕਰਨ ਦਾ ਫ਼ੈਸਲਾ ਕਰ ਲਿਆ।

ਬਟਾਲਾ ਅਤੇ ਕਲਾਨੌਰ ਦੇ ਹੱਥੋਂ ਨਿਕਲ ਜਾਣ ਤੋਂ ਪਿੱਛੋਂ ਜੱਸਾ ਸਿੰਘ ਨੇ ਆਪਣੇ ਬਾਕੀ ਇਲਾਕਿਆਂ ਨੂੰ ਪੱਕੇ ਤੌਰ ਤੇ ਆਪਣੇ ਕਾਬੂ ਵਿਚ ਰੱਖਣ ਲਈ ਵਿਓਂਤਾਂ ਬਣਾਣੀਆਂ ਸ਼ੁਰੂ ਕੀਤੀਆਂ†। ਉਸ ਨੇ ਮਿਆਣੀ ਦੇ ਕਿਲ੍ਹੇ ਵਿਚ ਹੋਰ ਫ਼ੌਜ ਭੇਜ ਦਿੱਤੀ ਅਤੇ ਬੇਗੋਵਾਲ ਦੇ ਇਲਾਕੇ ਨੂੰ ਵੀ ਆਪਣੇ ਅਧੀਨ ਕਰ ਲਿਆ‡। ਸਦਾ ਕੌਰ ਨੂੰ ਇਹ ਗੱਲ ਵੇਖ ਕੇ ਬੜੀ ਕੌੜ ਲੱਗੀ ਤੇ ਉਸ ਨੇ ਤੁਰਤ ਹੀ ਰਣਜੀਤ ਸਿੰਘ ਸੁਕਰਚੱਕੀਏ ਤੇ ਭਾਗ ਸਿੰਘ ਆਹਲੂਵਾਲੀਏ ਪਾਸੋਂ ਕੁਮਕ ਮੰਗਵਾ ਕੇ ੧੭੯੬ ਈਸਵੀ

---

*ਗੁਪਤਾ, ਹਿਸਟਰੀ ਔਫ ਦੀ ਸਿਖਸ, II, ੨੫੨.

†ਖੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੧੦੧.

‡ਤਾਰੀਖ਼-ਇ-ਕਪੂਰਥਲਾ, ੩੨੬.

ਇਹ ਦੋਵੇਂ ਇਲਾਕੇ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਹਨ।



Sri Satguru Jagjit Singh Ji eLibrary NamdhariElibrary@gmail.com

ਵਿਚ ਮਿਆਣੀ ਦੇ ਕਿਲ੍ਹੇ ਉੱਤੇ ਚੜ੍ਹਾਈ ਕਰ ਦਿੱਤੀ। ਕਿਲ੍ਹੇ ਦੇ ਦੁਆਲੇ ਕਈ ਮਹੀਨੇ ਘੇਰਾ ਪਿਆ ਰਿਹਾ, ਪਰੰਤੂ ਸੁਕਰਚੱਕੀਆਂ, ਕੰਨ੍ਹਈਆਂ ਤੇ ਆਹਲੂਵਾਲੀਆਂ ਦੀਆਂ ਸੰਮਿਲਤ ਫ਼ੌਜਾਂ ਵੀ ਜੱਸਾ ਸਿੰਘ ਨੂੰ ਹਰਾਉਣ ਵਿਚ ਸਫਲ ਨਾ ਹੋ ਸਕੀਆਂ। ਅੰਤ ਕਿਲ੍ਹੇ ਦੇ ਅੰਦਰ ਰਾਸ਼ਨ ਖ਼ਤਮ ਹੋ ਗਿਆ ਤੇ ਜੱਸਾ ਸਿੰਘ ਨੇ ਸਮਝੌਤਾ ਕਰਨ ਲਈ ਗਲ-ਬਾਤ ਸ਼ੁਰੂ ਕਰਨ ਦੀ ਵਿਚਾਰ ਕੀਤੀ। ਪਰੰਤੂ ਉਹ ਇਸ ਤ੍ਰਿਪੱਖੀ ਜੁੱਟ ਨਾਲ ਸਿੱਧੀ ਗੱਲ-ਬਾਤ ਕਰਨੀ ਠੀਕ ਨਹੀਂ ਸਮਝਦਾ ਸੀ, ਇਸ ਲਈ ਉਸ ਨੇ ਉਸ ਸਮੇਂ ਦੇ ਸਿੱਖਾਂ ਦੇ ਆਤਮਕ ਆਗੂ ਬਾਬਾ ਸਾਹਿਬ ਸਿੰਘ ਬੇਦੀ ਨੂੰ ਵਿਚੋਲਾ ਪਾਉਣ ਦਾ ਫ਼ੈਸਲਾ ਕੀਤਾ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਵਿਖੇ ਸੁਨਿਹਾ ਭੇਜਿਆ ਕਿ ਉਹ ਗੱਲ-ਬਾਤ ਕਰ ਕੇ ਮਿਆਣੀ ਦਾ ਘੇਰਾ ਉਠਵਾ ਦੇਣ।

ਉੱਧਰ ਰਣਜੀਤ ਸਿੰਘ ਤੇ ਸਦਾ ਕੌਰ ਵੱਲੋਂ ਜੋਧ ਸਿੰਘ ਵਜ਼ੀਰਾਬਾਦੀਆ ਤੇ ਦਲ ਸਿੰਘ ਗਿੱਲ ਪਹਿਲਾਂ ਹੀ ਬਾਬਾ ਸਾਹਿਬ ਸਿੰਘ ਪਾਸ ਪਹੁੰਚੇ ਹੋਏ ਸਨ। ਬੇਦੀ ਸਾਹਿਬ ਨੇ ਇਨ੍ਹਾਂ ਵਕੀਲਾਂ ਰਾਹੀਂ ਰਣਜੀਤ ਸਿੰਘ ਤੇ ਸਦਾ ਕੌਰ ਨੂੰ ਮਿਆਣੀ ਦਾ ਘੇਰਾ ਉਠਾਉਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਸਮੁਚੇ ਤੌਰ ਤੇ ਸਾਰੇ ਸਿੱਖ ਆਗੂਆਂ ਨੂੰ ਅਖਵਾ ਭੇਜਿਆ ਕਿ ਕਸੂਰ ਦੇ ਪਠਾਣ ਬਹੁਤ ਮੱਛਰੇ ਹੋਏ ਹਨ, ਇਸ ਲਈ ਸਿੱਖ ਮਿਸਲਾਂ ਨੂੰ ਆਪੋ ਵਿਚ ਦੀਆਂ ਲੜਾਈਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਪਰੰਤੂ ਸਦਾ ਕੌਰ ਨੇ ਬੇਦੀ ਸਾਹਿਬ ਦੀ ਇਸ ਤਾੜਨਾ ਤੇ ਨੇਕ ਮਸ਼ਵਰੇ ਦੀ ਕੋਈ ਪਰਵਾਹ ਨਾ ਕੀਤੀ ਤੇ ਉੱਤਰ ਦਿੱਤਾ ਕਿ "ਮੈਂ ਮਿਆਣੀ ਦਾ ਘੇਰਾ ਓਦੋਂ ਚੁੱਕਾਂਗੀ, ਜਦ ਮੇਰੇ ਪਤੀ ਵਾਂਗ ਜੱਸਾ ਸਿੰਘ ਦੇ ਪੁੱਤਰ ਜੋਧ ਸਿੰਘ ਦੀ ਲਾਸ਼ ਮੇਰੇ ਸਾਹਮਣੇ ਤੜਪ ਰਹੀ ਹੋਵੇਗੀ ਤੇ ਜੱਸਾ ਸਿੰਘ ਦੀ ਨੂੰਹ ਮੇਰੇ ਵਾਂਗ ਰੰਡੀ ਹੋ ਜਾਏਗੀ।"

ਬਾਬਾ ਸਾਹਿਬ ਸਿੰਘ ਇਹ ਗੁੱਸੇ ਭਰਿਆ ਉੱਤਰ ਸੁਣ ਕੇ ਬੜਾ ਖਿੱਝਿਆ ਤੇ ਉਸ ਨੇ ਜੱਸਾ ਸਿੰਘ ਨੂੰ ਉਸ ਦੇ ਵਕੀਲ ਰਾਹੀਂ ਅਖਵਾ



Sri Satguru Jagjit Singh Ji eLibrary NamdhariElibrary@gmail.com

ਭੇਜਿਆ ਕਿ "ਇਹ ਹੰਕਾਰੇ ਹੋਏ ਸਰਦਾਰ ਮੇਰੀ ਗੱਲ ਨਹੀਂ ਮੰਨਦੇ। ਤੂੰ ਕਿਲ੍ਹੇ ਵਿਚ ਬੈਠਾ ਰਹੁ। ਵਾਹਿਗੁਰੂ ਤੇਰੀ ਸਹਾਇਤਾ ਕਰੇਗਾ*।" ਜੱਸਾ ਸਿੰਘ ਦੀ ਕਿਸਮਤ ਚੰਗੀ ਸੀ। ਅਚਾਨਕ ਹੀ ਬਿਆਸ† ਦਰਿਆ ਵਿਚ ਇੰਨਾ ਭਾਰੀ ਹੜ੍ਹ ਆਇਆ ਕਿ ਘੇਰਾ ਘੱਤਣ ਵਾਲਿਆਂ ਦੇ ਕੈਂਪਾਂ ਵਿਚ ਪਾਣੀ ਹੀ ਪਾਣੀ ਫਿਰ ਗਿਆ। ਇਸ ਲਈ ਉਨ੍ਹਾਂ ਨੂੰ ਮਜਬੂਰਨ ਪਿੱਛੇ ਹਟਣਾ ਪਿਆ। ਰਣਜੀਤ ਸਿੰਘ ਤੇ ਸਦਾ ਕੌਰ ਮੁਸ਼ਕਲ ਨਾਲ ਆਪਣੀਆਂ ਜਾਨਾਂ ਬਚਾ ਕੇ ਨਿਕਲੇ। ਫ਼ੌਜ ਦੀ ਵਾਪਸੀ ਵੇਲੇ ਸਦਾ ਕੌਰ ਦੇ ਕਿੰਨੇ ਹੀ ਘੋੜ ਸਵਾਰ ਮਰ ਗਏ ਤੇ ਉਹ ਮਸਾਂ ਬਟਾਲੇ ਵਾਪਸ ਪਹੁੰਚੀ। ਰਣਜੀਤ ਸਿੰਘ ਗੁਜਰਾਂਵਾਲੇ ਦੇ ਇਲਾਕੇ ਵਿਚ ਰਾਮ ਨਗਰ ਚਲਿਆ ਗਿਆ। ਇਸ ਤਰ੍ਹਾਂ ਜੱਸਾ ਸਿੰਘ ਦੇ ਪਿਛਲੇ ਜੀਵਨ ਦਾ ਸਭ ਤੋਂ ਵੱਡਾ ਸੰਕਟ ਟਲ ਗਿਆ‡, ਪਰ ਅਜੇ ਵੀ ਉਸ ਲਈ ਮਹਾਰਾਜਾ ਰਣਜੀਤ ਸਿੰਘ ਵਰਗੀ ਪ੍ਰਬਲ ਵਿਅਕਤੀ ਦਾ ਟਾਕਰਾ ਕਰਨਾ ਬਾਕੀ ਸੀ।

---

*ਅਲੀ-ਉਦ-ਦੀਨ : ਇਬਰਤਨਾਮਾ, ੩੨੭-੨੮.
ਗ੍ਰਿਫ਼ਨ : ਰਣਜੀਤ ਸਿੰਘ, ੧੫੯.

†ਕੈਨ੍ਹਈਆ ਲਾਲ ਦਾ ਕਥਨ ਹੈ ਕਿ ਮਿਆਣੀ ਦਾ ਕਿਲ੍ਹਾ ਝਨਾ ਦੇ ਕੰਢੇ ਤੇ ਸੀ। ਗ੍ਰਿਫ਼ਨ ਇਸ ਨੂੰ ਰਾਵੀ ਦੇ ਕੰਢੇ ਉੱਤੇ ਦਸਦਾ ਹੈ। ਪੰਜਾਬ ਵਿਚ ਮਿਆਣੀਆਂ ਕਈ ਹੋਣ ਕਰਕੇ ਇਨ੍ਹਾਂ ਇਤਿਹਾਸਕਾਰਾਂ ਨੂੰ ਟਪਲਾ ਲੱਗਾ ਹੈ। ਅਸਲ ਵਿਚ ਇਹ ਕਿਲ੍ਹਾ ਬਿਆਸਾ ਦੇ ਕੰਢੇ ਤੇ ਹੈ।

[ਵੇਖੋ ਹੁਸ਼ਿਆਰਪੁਰ ਗਜ਼ਟੀਅਰ, ੧੧੯.

‡ਅਲੀ-ਉਦ-ਦੀਨ : ਇਬਰਤਨਾਮਾ ੩੨੭-੨੮.
ਸੋਹਣ ਲਾਲ : ਉਮਦਤ-ਉਤ-ਤਵਾਰੀਖ, ਦਫ਼ਤਰ I, ਪੰਨਾ ੨੦.
ਤਾਰੀਖ਼-ਇ-ਕਪੂਰਥਲਾ, ੩੨੬.

Sri Satguru Jagjit Singh Ji eLibrary NamdhariElibrary@gmail.com

# ੧੧

# ਲੰਮੇ ਜੀਵਨ-ਘੋਲ ਦਾ ਅੰਤ

## [੧੭੯੬–੧੮੦੩]

ਰਾਣੀ ਸਦਾ ਕੌਰ ਦੀ ਸਹਾਇਤਾ ਲਈ ਮਹਾਰਾਜਾ ਰਣਜੀਤ ਸਿੰਘ ਨੇ ਜੱਸਾ ਸਿੰਘ ਰਾਮਗੜ੍ਹੀਏ ਦੇ ਵਿਰੁੱਧ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ, ਇਸ ਲਈ ਉਨ੍ਹਾਂ ਦੇ ਸੰਬੰਧ ਚੰਗੇ ਨਹੀਂ ਸਨ, ਪਰੰਤੂ ਇਸ ਦੇ ਬਾਵਜੂਦ ਜੱਸਾ ਸਿੰਘ ਬਾਹਰਲੇ ਸਾਂਝੇ ਦੁਸ਼ਮਣ ਦੇ ਟਾਕਰੇ ਵਿਚ ਰਣਜੀਤ ਸਿੰਘ ਦੀ ਸਹਾਇਤਾ ਕਰਦਾ ਰਹਿੰਦਾ ਸੀ। ਉਹ ਇਕ ਸੁਘੜ ਤੇ ਹੰਢਿਆ-ਵੰਢਿਆ ਨੀਤੀਵਾਨ ਸੀ, ਇਸ ਲਈ ਕੌਮੀ ਸੰਕਟ ਦੇ ਸਮੇਂ ਕਦੀ ਵੀ ਪਿੱਛੇ ਨਹੀਂ ਰਹਿੰਦਾ ਸੀ। ਇਸ ਵੇਲੇ ਪੰਜਾਬ ਉੱਤੇ ਕਾਬਲ ਦਾ ਬਾਦਸ਼ਾਹ, ਸ਼ਾਹ ਜ਼ਮਾਨ ਹਮਲੇ ਕਰ ਰਿਹਾ ਸੀ, ਇਸ ਲਈ ਜੱਸਾ ਸਿੰਘ ਨੇ ਉਸ ਦੇ ਟਾਕਰੇ ਲਈ ਪੂਰਾ ਪੂਰਾ ਪਰਬੰਧ ਕੀਤਾ ਤੇ ਸ੍ਰੀ ਹਰਗੋਬਿੰਦ ਪੁਰ ਵਿਚ ਆਪਣੀ ਤਾਕਤ ਬਹੁਤ ਵਧਾ ਲਈ*।

੧੭੯੬ ਈਸਵੀ ਵਿਚ ਸ਼ਾਹ ਜ਼ਮਾਨ ਲਾਹੌਰ ਤਕ ਆ ਪੁੱਜਾ ਤੇ ਉਸ ਨੇ ਅੰਮ੍ਰਿਤਸਰ ਉੱਤੇ ਹਮਲਾ ਕਰਨ ਦੀ ਸਕੀਮ ਬਣਾ ਲਈ। ਇਸ ਵੇਲੇ ਹੋਰ ਸਿੱਖ ਸਰਦਾਰਾਂ ਦੇ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੀ ਇਸ ਪਵਿੱਤਰ ਸ਼ਹਿਰ ਦੀ ਰੱਖਿਆ ਲਈ ਪਹੁੰਚ ਗਿਆ ਤੇ ਉਸ ਨੇ ਇਸ ਦੇ ਬਚਾਓ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਸ ਵੇਲੇ ਉਸ ਨੇ ਪਰਤੀਤ ਕੀਤਾ ਕਿ ਅਫ਼ਗਾਨਾਂ ਦੇ ਟਾਕਰੇ ਲਈ ਬਹੁਤ ਵੱਡੀ ਸਾਂਝੀ ਸ਼ਕਤੀ ਦੀ ਲੋੜ ਹੈ। ਪੰਜਾਬ ਦੀਆਂ ਲਗਪਗ ਸਭ ਮਿਸਲਾਂ ਦੇ ਸਰਦਾਰ ਤੇ ਵਿਸ਼ੇਸ਼ ਕਰ ਕੇ ਮਹਾਰਾਜਾ ਰਣਜੀਤ ਸਿੰਘ ਉਹਦੇ ਵਿਰੁੱਧ

*ਗੁਪਤਾ : ਹਿਸਟਰੀ ਆਫ਼ ਦੀ ਸਿਖਸ, III, ੭੭.



Sri Satguru Jagjit Singh Ji eLibrary NamdhariElibrary@gmail.com

ਸਨ । ਇਸ ਤੋਂ ਛੁਟ ਸੁਕਰਚੱਕੀਆ ਸਰਦਾਰ ਇਉਂ ਤੇਜ਼ੀ ਨਾਲ ਆਪਣੀ ਤਾਕਤ ਨੂੰ ਵਧਾ ਰਿਹਾ ਸੀ, ਜਿਸ ਤੋਂ ਜਾਪਦਾ ਸੀ ਕਿ ਉਹ ਹੌਲੀ ਹੌਲੀ ਸਭ ਸਿੱਖ ਮਿਸਲਾਂ ਹੜੱਪ ਕਰ ਲਏਗਾ । ਇਸ ਲਈ ਜੱਸਾ ਸਿੰਘ, ਰਣਜੀਤ ਸਿੰਘ ਨਾਲ ਬਹੁਤਾ ਮੇਲ-ਜੋਲ ਨਹੀਂ ਸੀ ਰਖ ਸਕਦਾ । ਨਤੀਜਾ ਇਹ ਹੋਇਆ ਕਿ ਉਸ ਨੇ ਪਠਾਣਾਂ ਦਾ ਸਫਲ ਟਾਕਰਾ ਕਰਨ ਲਈ ਕਿਸੇ ਬਾਹਰ ਦੀ ਤਾਕਤ ਤੋਂ ਸਹਾਇਤਾ ਲੈਣ ਦਾ ਫ਼ੈਸਲਾ ਕੀਤਾ । ਸੋ ਓਸ ਨੇ ਅੰਗਰੇਜ਼ਾਂ ਦੇ ਗਵਰਨਰ ਜਨਰਲ, ਲਾਰਡ ਵੈਲਜ਼ਲੀ ਨਾਲ ਗੱਠ-ਜੋੜ ਕਰਨ ਦੇ ਖ਼ਿਆਲ ਤੋਂ ਉਸ ਨੂੰ ਹੇਠ ਲਿਖੀ ਚਿੱਠੀ ਭੇਜੀ :—

''ਜਿਸ ਦਿਨ ਤੋਂ ਮੈਂ ਇਹ ਸੁਣਿਆ ਹੈ ਕਿ ਅੰਗਰੇਜ਼ਾਂ ਵਿਚ ਹੋਰ ਲੋਕਾਂ ਨਾਲੋਂ ਕਈ ਵਧੇਰੇ ਸ਼ਲਾਘਾ-ਯੋਗ ਗੁਣ ਹਨ, ਓਸੇ ਦਿਨ ਤੋਂ ਮੇਰਾ ਇਹ ਵਿਚਾਰ ਰਿਹਾ ਹੈ ਕਿ ਮੈਂ ਮਿਸਟਰ ਲਮਜ਼ਡਨ ਨਾਲ ਚਿੱਠੀ-ਪੱਤਰ ਰਾਹੀਂ ਮਿੱਤਰ-ਭਾਵ ਪੈਦਾ ਕਰਾਂ । ਪਰ ਹੁਣ ਤੁਹਾਡੇ ਲਖਨਊ ਆ ਜਾਣ ਨਾਲ ਮੈਂ ਬਹੁਤ ਪਰਸੰਨ ਹੋਇਆ ਹਾਂ । (ਇਥੇ ਕਈ ਕਵਿਤਾਵਾਂ ਗਵਰਨਰ ਜਨਰਲ ਦੀ ਸ਼ਲਾਘਾ ਵਿਚ ਲਿਖੀਆਂ ਹੋਈਆਂ ਹਨ ।) ਸਿਆਣੇ ਪੁਰਸ਼ਾਂ ਵਿਚ ਇੰਨੇ ਉੱਘੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਪਰਕਾਸ਼ ਦੇ ਕਾਰਨ ਕੋਈ ਵੀ ਉਨ੍ਹਾਂ ਦਾ ਟਾਕਰਾ ਨਹੀਂ ਕਰ ਸਕਦਾ । ਅਫ਼ਗਾਨ ਲੋਕ ਆਪਣੇ ਮਨ ਵਿਚ ਭਾਰਤ ਨੂੰ ਜਿੱਤਣ ਦੇ ਸੁਪਨੇ ਲੈ ਰਹੇ ਹਨ ਤੇ ਕਈ ਥੋਥੀਆਂ ਵਿਉਂਤਾਂ ਬਣਾ ਰਹੇ ਹਨ । ਉਹ ਲਾਹੌਰ ਤਕ ਪੁਜ ਗਏ ਹਨ, ਪਰ ਉਹ ਧਾੜਵੀ ਇਹ ਨਹੀਂ ਜਾਣਦੇ ਕਿ ਆਪਣੀ ਤਾਕਤ ਨੂੰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ । ਇਸ ਤੋਂ ਛੁਟ ਉਹ ਇਸ ਅਸੂਲ ਤੋਂ ਵੀ ਅਨਜਾਣ ਹਨ ਕਿ 'ਜੰਗਲ ਦੇ ਖ਼ਾਲੀ ਹੋਣ ਦਾ ਕਦੀ ਵਿਸ਼ਵਾਸ ਨਹੀਂ ਕਰਨਾ ਚਾਹੀਦਾ, ਕਿਉਂਜੁ ਹੋ ਸਕਦਾ ਹੈ ਕਿ ਉਸ ਵਿਚ ਕੋਈ ਸ਼ੇਰ ਲੁਕਿਆ ਹੋਵੇ ।' ਖ਼ਾਲਸਾ ਜੀ ਨੂੰ ਜਦ ਕਾਬਲ ਦੇ ਬਾਦਸ਼ਾਹ (ਸ਼ਾਹ ਜ਼ਮਾਨ) ਦੇ ਆਉਣ ਦਾ ਪਤਾ ਲੱਗਾ, ਤਾਂ



Sri Satguru Jagjit Singh Ji eLibrary NamdhariElibrary@gmail.com

ਉਹ ਉਹਦੇ ਟਾਕਰੇ ਲਈ ਅੱਗੇ ਵਧੇ। ਉਸ ਵੇਲੇ ਕਾਬਲ ਦੇ ਨੱਢੇ ਰਾਜ ਕੁਮਾਰ ਨੂੰ ਸਮਝ ਆ ਗਈ ਕਿ ਉਸ ਲਈ ਇਥੇ ਠਹਿਰਨ ਦਾ ਬਰਬਾਦੀ ਤੋਂ ਛੁਟ ਹੋਰ ਕੋਈ ਨਤੀਜਾ ਨਹੀਂ ਨਿਕਲ ਸਕਦਾ। ਸੋ ਉਹ ਛੇਤੀ ਹੀ ਵਾਪਸ ਮੁੜ ਗਿਆ। ਜੇ ਪ੍ਰਸਪਰ ਮਿਲਵਰਤਣ ਦਾ ਅਸੂਲ ਅਪਣਾਇਆ ਜਾਵੇ, ਤਾਂ ਧਾੜਵੀਆਂ ਨੂੰ ਬਾਹਰ ਕੱਢਣ ਵਿਚ ਕੋਈ ਬਹੁਤਾ ਜ਼ੋਰ ਨਹੀਂ ਲਾਣਾ ਪੈਂਦਾ। ਇਨ੍ਹਾਂ ਸਾਰੀਆਂ ਗੱਲਾਂ ਤੋਂ ਰਾਓ ਘਾਸੀ ਸਿੰਘ ਆਪ ਨੂੰ ਚੰਗੀ ਤਰ੍ਹਾਂ ਜਾਣੂ ਕਰਾ ਦੇਵੇਗਾ। ਬੇਨਤੀ ਹੈ, ਜੋ ਮੈਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰੋ*।''

ਉਪਰੋਕਤ ਚਿੱਠੀ ਦੀ ਭਾਸ਼ਾ ਅਤੇ ਲਹਿਜੇ ਤੋਂ ਇਹ ਸਾਫ਼ ਪਤਾ ਲਗਦਾ ਹੈ ਕਿ ਜੱਸਾ ਸਿੰਘ ਅੰਗਰੇਜ਼ਾਂ ਨਾਲ ਮਿੱਤਰਤਾ ਕਾਇਮ ਕਰਨ ਦਾ ਚਾਹਵਾਨ ਸੀ। ਅੰਗਰੇਜ਼ਾਂ ਨਾਲ ਰਲ ਕੇ ਸ਼ਾਹ ਜ਼ਮਾਨ ਦਾ ਟਾਕਰਾ ਕਰਨ ਦੀ ਵਿਓਂਤ ਇਸ ਲਈ ਪੇਸ਼ ਕੀਤੀ ਗਈ ਸੀ, ਕਿਉਂਕਿ ਜੱਸਾ ਸਿੰਘ ਨੂੰ ਰਣਜੀਤ ਸਿੰਘ ਕੋਲੋਂ ਮਿੱਤਰਤਾ ਦੀ ਵਧੇਰੇ ਆਸ ਨਹੀਂ ਸੀ। ਪਰ ਜਾਪਦਾ ਹੈ ਕਿ ਇਸ ਸਮੇਂ ਤਕ ਸ਼ਾਹ ਜ਼ਮਾਨ ਦੇ ਹਮਲੇ ਦਾ ਖ਼ਤਰਾ ਬਹੁਤ ਹਦ ਤਕ ਟਲ ਗਿਆ ਸੀ, ਇਸ ਲਈ ਭਾਵੇਂ ਅੰਗਰੇਜ਼ ਗਵਰਨਰ ਨੇ ਜੱਸਾ ਸਿੰਘ ਦੀ ਉਪਰੋਕਤ ਚਿੱਠੀ ਦਾ ਉੱਤਰ ਮਿੱਤਰਤਾ ਦੀ ਭਾਵਨਾ ਨਾਲ ਦਿੱਤਾ, ਪਰ ਇਸ ਵਿਚ ਉਸ ਨੇ ਭਵਿਖਤ ਦੇ ਮਿਲਵਰਤਨ ਬਾਰੇ ਕੋਈ ਵਿਸ਼ੇਸ਼ ਇਸ਼ਾਰਾ ਨਹੀਂ ਕੀਤਾ। ਲਾਰਡ ਵੈਲਜ਼ਲੀ ਦਾ ਉੱਤਰ ਇਸ ਪਰਕਾਰ ਸੀ :—

''ਸੇਵਾ ਵਿਖੇ ਜੱਸਾ ਸਿੰਘ, ਮੈਨੂੰ ਤੁਹਾਡੀ ਪੱਤਰਕਾ, ਜੋ ੭ ਅਪਰੈਲ ੧੭੯੭ ਨੂੰ ਮਿਲੀ, ਪੜ੍ਹ ਕੇ ਬੜੀ ਪਰਸੰਨਤਾ ਹੋਈ ਹੈ।

''ਸ਼ਾਹ ਜ਼ਮਾਨ ਬਾਰੇ ਜੋ ਕੁਝ ਭੀ ਤੁਸਾਂ ਲਿਖਿਆ ਹੈ, ਉਹ ਤੁਹਾਡੀ ਦੂਰ-ਅੰਦੇਸ਼ੀ ਤੇ ਸਿਆਣਪ ਦਾ ਸਬੂਤ ਹੈ। ਮੈਨੂੰ ਪਤਾ ਲੱਗਾ ਹੈ

---

*ਗੁਪਤਾ : ਹਿਸਟਰੀ ਆਫ਼ ਦੀ ਸਿਖਸ, III, ਪੰਨਾ ੮੪.
ਇੰਪੀਰੀਅਲ ਰੀਕਾਰਡਜ਼ ਦੇ ਹਵਾਲੇ ਨਾਲ



Sri Satguru Jagjit Singh Ji eLibrary NamdhariElibrary@gmail.com

ਕਿ ਸ਼ਾਹ ਜ਼ਮਾਨ ਨੇ ਆਪਣੀਆਂ ਫ਼ੌਜਾਂ ਨੂੰ ਕੰਧਾਰ ਵਲ ਕੂਚ ਕਰਾ ਦਿੱਤਾ ਹੈ ਤੇ ਹੁਣ ਉਹਦੇ ਲਾਹੌਰ ਵਲ ਆਉਣ ਦੀ ਬਹੁਤ ਘਟ ਸੰਭਾਵਨਾ ਹੈ। ਪਰ ਫਿਰ ਵੀ ਜੇ ਤੁਹਾਨੂੰ ਕਿਸੇ ਹੋਰ ਖ਼ਤਰੇ ਬਾਰੇ ਪਤਾ ਲੱਗੇ, ਤਾਂ ਮੈਨੂੰ ਭਰੋਸਾ ਹੈ ਕਿ ਤੁਸੀਂ ਮੈਨੂੰ ਉਸ ਤੋਂ ਜਾਣੂ ਕਰ ਦਿਉਗੇ। ਅਤੇ ਉਸ ਸਮੇਂ ਜੋ ਕੁਝ ਮੇਰੀ ਮੱਤ ਅਨੁਸਾਰ ਮੈਨੂੰ ਸੁੱਝਿਆ, ਉਹਦੇ ਅਨੁਸਾਰ ਅਮਲ ਕੀਤਾ ਜਾਏਗਾ*।"

ਅੰਗਰੇਜ਼ ਗਵਰਨਰ ਜਨਰਲ ਦੇ ਇਸ ਉੱਤਰ ਨਾਲ ਜੱਸਾ ਸਿੰਘ ਦੇ ਦਿਲ ਵਿਚ ਅੰਗਰੇਜ਼ਾਂ ਨਾਲ ਮਿੱਤਰਤਾ ਕਾਇਮ ਕਰਨ ਜਾਂ ਚਿੱਠੀ-ਪੱਤਰ ਜਾਰੀ ਰੱਖਣ ਦਾ ਕੋਈ ਉਤਸ਼ਾਹ ਨਾ ਰਿਹਾ ਤੇ ਇਹ ਗੱਲ-ਬਾਤ ਇੱਥੇ ਹੀ ਖ਼ਤਮ ਹੋ ਗਈ।

ਇਸ ਤੋਂ ਛੇਤੀ ਪਿੱਛੋਂ ਹੀ ੧੭੯੮ ਈਸਵੀ ਵਿਚ ਸ਼ਾਹ ਜ਼ਮਾਨ ਨੇ ਅੰਤਲੀ ਵਾਰੀ ਹਿੰਦੁਸਤਾਨ ਉੱਤੇ ਹਮਲਾ ਕੀਤਾ। ਇਸ ਵਾਰੀ ਉਹ ਪੰਜਾਬ ਨੂੰ ਜਿੱਤਣ ਦਾ ਦ੍ਰਿੜ੍ਹ ਇਰਾਦਾ ਕਰ ਕੇ ਆਇਆ ਸੀ। ਰਣਜੀਤ ਸਿੰਘ ਚਾਹੁੰਦਾ ਸੀ ਕਿ ਇਸ ਵਾਰੀ ਸਾਰੇ ਸਿੱਖ ਸਰਦਾਰ ਉਹਦੇ ਝੰਡੇ ਹੇਠ ਇਕੱਠੇ ਹੋ ਕੇ ਅਫ਼ਗਾਨ ਧਾੜਵੀ ਦਾ ਟਾਕਰਾ ਕਰਨ। ਪਰੰਤੂ ਰਾਮਗੜ੍ਹੀਏ ਤੇ ਭੰਗੀ ਰਣਜੀਤ ਸਿੰਘ ਦੀ ਸਰਦਾਰੀ ਮੰਨਣ ਲਈ ਤਿਆਰ ਨਹੀਂ ਸਨ, ਇਸ ਲਈ ਕੋਈ ਸਾਂਝਾ ਕਦਮ ਨਾ ਚੁਕਿਆ ਜਾ ਸਕਿਆ। ਸ਼ਾਹ ਜ਼ਮਾਨ ਨੇ ਲਾਹੌਰ ਫ਼ਤਹ ਕਰ ਲਿਆ, ਪਰ ਇਸ ਤੋਂ ਛੇਤੀ ਬਾਅਦ ਉਸ ਨੂੰ ਕਾਬਲ ਵਾਪਸ ਮੁੜਨਾ ਪੈ ਗਿਆ, ਕਿਉਂਜੁ ਉਥੇ ਉਸ ਦੇ ਮਤ੍ਰੇਏ ਭਰਾ ਮਹਿਮੂਦ ਨੇ ਬਗ਼ਾਵਤ ਕਰ ਦਿੱਤੀ ਸੀ।

ਸ਼ਾਹ ਜ਼ਮਾਨ ਦੇ ਵਾਪਸ ਜਾਣ ਤੋਂ ਬਾਅਦ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰਨ ਦੀ ਸਕੀਮ ਬਣਾਈ। ਇਸ ਬਾਰੇ ਉਸ ਨੂੰ ਸਭ ਤੋਂ ਬਹੁਤਾ ਡਰ ਜੱਸਾ ਸਿੰਘ ਰਾਮਗੜ੍ਹੀਏ ਦੀ ਵਿਰੋਧਤਾ ਦਾ ਸੀ।

---

*ਗੁਪਤਾ : ਹਿਸਟਰੀ ਆਫ਼ ਦੀ ਸਿਖਸ, III, ਪੰਨਾ ੮੪.
ਇੰਪੀਰੀਅਲ ਰੀਕਾਰਡਜ਼ ਦੇ ਹਵਾਲੇ ਨਾਲ।



Sri Satguru Jagjit Singh Ji eLibrary NamdhariElibrary@gmail.com

ਪਰੰਤੂ ਇਸ ਵੇਲੇ ਜੱਸਾ ਸਿੰਘ ਦੀ ਉਮਰ ੭੫ ਵਰ੍ਹੇ ਤੋਂ ਉਪਰ ਹੋ ਚੁਕੀ ਸੀ ਤੇ ਬੁਢੇਪੇ ਦੇ ਕਾਰਨ ਉਹ ਬੀਮਾਰ ਰਹਿਣ ਲਗ ਪਿਆ ਸੀ। ਉਸ ਦੀ ਸਖਤ ਬੀਮਾਰੀ ਸਮੇਂ ਹੀ ਰਣਜੀਤ ਸਿੰਘ ਨੇ ਲਾਹੌਰ ਉੱਤੇ ਹਮਲਾ ਕਰ ਕੇ ੧੭੯੯ ਵਿਚ ਇਸ ਉੱਤੇ ਕਬਜ਼ਾ ਕਰ ਲਿਆ। ਇਸ ਨਾਲ ਸਭ ਉੱਘੇ ਸਿੱਖ ਸਰਦਾਰਾਂ ਨੂੰ ਆਪੋ ਆਪਣੇ ਇਲਾਕੇ ਖੋਹੇ ਜਾਣ ਦਾ ਫ਼ਿਕਰ ਪੈ ਗਿਆ। ਜਦ ਜੱਸਾ ਸਿੰਘ ਰਾਜ਼ੀ ਹੋ ਗਿਆ, ਤਾਂ ਉਸ ਨੇ ਗੁਲਾਬ ਸਿੰਘ ਭੰਗੀ ਦੀ ਸਹਾਇਤਾ ਨਾਲ ਰਣਜੀਤ ਸਿੰਘ ਦੇ ਵਿਰੁੱਧ ਇਕ ਤਕੜਾ ਗੱਠ-ਜੋੜ ਬਣਾਇਆ। ਇਸ ਜੁੱਟ ਵਿਚ ਗੁਜਰਾਤ ਦਾ ਸਾਹਿਬ ਸਿੰਘ ਭੰਗੀ, ਵਜ਼ੀਰਾਬਾਦ ਦਾ ਜੋਧ ਸਿੰਘ ਤੇ ਕਸੂਰ ਦਾ ਪਠਾਣ ਹਾਕਮ ਨਿਜ਼ਾਮਦੀਨ ਵੀ ਸ਼ਾਮਲ ਸਨ। ਇਨ੍ਹਾਂ ਦੀ ਅਗਵਾਈ ਜੱਸਾ ਸਿੰਘ ਰਾਮਗੜ੍ਹੀਏ ਤੇ ਗੁਲਾਬ ਸਿੰਘ ਭੰਗੀ ਨੇ ਕੀਤੀ। ਰਣਜੀਤ ਸਿੰਘ ਵੀ ਇਕ ਭਾਰੀ ਲਸ਼ਕਰ ਲੈ ਕੇ ਸੰਮਿਲਤ ਫ਼ੌਜਾਂ ਦਾ ਟਾਕਰਾ ਕਰਨ ਲਈ ਅੱਗੇ ਵਧਿਆ। ਉਸ ਦੇ ਵਿਰੋਧੀਆਂ ਦੀਆਂ ਫ਼ੌਜਾਂ ਅੰਮ੍ਰਿਤਸਰ ਤੋਂ ਚਲ ਕੇ ਲਾਹੌਰ ਵਲ ਆ ਰਹੀਆਂ ਸਨ। ਲਾਹੌਰ ਤੋਂ ਲਗ ਪਗ ਬਾਰ੍ਹਾਂ ਮੀਲ ਦੇ ਫ਼ਾਸਲੇ ਉੱਤੇ ਭਸੀਣ ਪਿੰਡ ਦੇ ਕੋਲ ਦੋਵੇਂ ਫ਼ੌਜਾਂ ਆਮ੍ਹੋ ਸਾਮ੍ਹਣੇ ਹੋ ਗਈਆਂ। ਪਰੰਤੂ ਦੋਹਾਂ ਧਿਰਾਂ ਨੂੰ ਆਪੋ ਆਪਣੇ ਵਿਰੋਧੀਆਂ ਦੀ ਵਧੇਰੇ ਤਾਕਤ ਬਾਰੇ ਇੰਨਾ ਭੁਲੇਖਾ ਸੀ ਕਿ ਬੜੀ ਦੇਰ ਤਕ ਦੋਹਾਂ ਪਾਸਿਆਂ ਵਿੱਚੋਂ ਕਿਸੇ ਨੂੰ ਵੀ ਪਹਿਲ ਕਰਨ ਦਾ ਹੀਆ ਨਾ ਪਿਆ। ਦੋ ਮਹੀਨੇ ਤਕ ਦੋਵੇਂ ਲਸ਼ਕਰ ਇਕ ਦੂਜੇ ਦੇ ਸਾਮ੍ਹਣੇ ਡਟੇ ਰਹੇ। ਉਨ੍ਹੀਂ ਦਿਨੀਂ ਸਬੱਬ ਨਾਲ ਗੁਲਾਬ ਸਿੰਘ ਭੰਗੀ ਬਹੁਤੀ ਸ਼ਰਾਬ ਪੀਣ ਕਰਕੇ ਚਲਾਣਾ ਕਰ ਗਿਆ। ਇਸ ਨਾਲ ਜੱਸਾ ਸਿੰਘ ਦੇ ਜੁੱਟ ਦਾ ਦਿਲ ਟੁੱਟ ਗਿਆ ਤੇ ਉਹ ਬਿਨਾਂ ਕੁਝ ਪਰਾਪਤ ਕੀਤੇ ਖਿੰਡ ਪੁੰਡ ਗਏ*।

---

*ਬੂਟੇ ਸ਼ਾਹ ਲਿਖਦਾ ਹੈ ਕਿ ਭਸੀਣ ਵਿਖੇ ਲੜਾਈ ਲੜੀ ਗਈ ਅਤੇ ਉਸ ਵਿਚ ਰਣਜੀਤ ਸਿੰਘ ਜਿੱਤ ਗਿਆ। [ਬੂਟੇ ਸ਼ਾਹ: ਤਾਰੀਖ਼-ਇ-ਪੰਜਾਬ, ੨੮-੨੯



Sri Satguru Jagjit Singh Ji eLibrary NamdhariElibrary@gmail.com

ਇਸ ਜਿੱਤ ਨਾਲ ਰਣਜੀਤ ਸਿੰਘ ਦਾ ਹੌਸਲਾ ਬਹੁਤ ਵਧ ਗਿਆ ਸੀ, ਇਸ ਲਈ ਉਸ ਨੇ ਰਾਮਗੜ੍ਹੀਆਂ ਦੇ ਉੱਘੇ ਕਿਲ੍ਹੇ ਮਿਆਣੀ ਉੱਤੇ ਹਮਲਾ ਕਰ ਦਿੱਤਾ। ਇਸ ਕਿਲ੍ਹੇ ਨੂੰ ਜਿੱਤਣ ਵਿਚ ਰਣਜੀਤ ਸਿੰਘ ਪਹਿਲੀ ਵਾਰੀ ਅਸਫਲ ਰਿਹਾ ਸੀ। ਇਸ ਵਾਰੀ ਵੀ ਜੱਸਾ ਸਿੰਘ ਨੇ ਬੜੀ ਬੀਰਤਾ ਨਾਲ ਕਿਲ੍ਹੇ ਨੂੰ ਬਚਾਉਣ ਦਾ ਯਤਨ ਕੀਤਾ, ਪਰੰਤੂ ਉਹ ਬਹੁਤਾ ਚਿਰ ਰਣਜੀਤ ਸਿੰਘ ਦੀਆਂ ਵਧੇਰੇ ਬਲਵਾਨ ਫ਼ੌਜਾਂ ਦਾ ਟਾਕਰਾ ਨਾ ਕਰ ਸਕਿਆ ਤੇ ਅੰਤ ਵਿਚ ਮਹਾਰਾਜਾ ਮਿਆਣੀ ਦਾ ਕਿਲ੍ਹਾ ਪਰਾਪਤ ਕਰਨ ਵਿਚ ਸਫਲ ਹੋ ਗਿਆ।

ਇਸ ਘੇਰੇ ਵਿਚ ਭਾਗ ਸਿੰਘ ਆਹਲੂਵਾਲੀਏ ਨੇ ਵੀ ਆਪਣੇ ਜੱਦੀ ਵੈਰੀ ਜੱਸਾ ਸਿੰਘ ਦੇ ਵਿਰੁੱਧ ਰਣਜੀਤ ਸਿੰਘ ਦੀ ਮਦਦ ਕੀਤੀ ਸੀ। ਸੋ ਮਿਆਣੀ ਦੀ ਹਾਰ ਦਾ ਬਦਲਾ ਲੈਣ ਲਈ ਜੱਸਾ ਸਿੰਘ ਨੇ ਆਹਲੂਵਾਲੀਏ ਸਰਦਾਰ ਦੇ ਇਲਾਕੇ ਉੱਤੇ ਹੱਲਾ ਬੋਲ ਦਿੱਤਾ। ਕਾਂਗੜੇ ਦਾ ਰਾਜਾ ਸੰਸਾਰ ਚੰਦ ਕਟੋਚ ਵੀ ਰਣਜੀਤ ਸਿੰਘ ਦੀ ਵਧਦੀ ਤਾਕਤ ਤੋਂ ਖ਼ਤਰਾ ਮਹਿਸੂਸ ਕਰ ਰਿਹਾ ਸੀ। ਸੋ ਇਸ ਮੁਹਿੰਮ ਵਿਚ ਉਸ ਨੇ ਵੀ ਜੱਸਾ ਸਿੰਘ ਦਾ ਸਾਥ ਦਿੱਤਾ। ਭਾਗ ਸਿੰਘ ਨੇ ਜੱਸਾ ਸਿੰਘ ਦਾ ਟਾਕਰਾ ਕਰਨ ਲਈ ਆਪਣੇ ਜਰਨੈਲ ਹਮੀਰ ਸਿੰਘ ਨੂੰ ਭੇਜਿਆ। ਪਰੰਤੂ ਰਾਮਗੜ੍ਹੀਏ ਸਰਦਾਰ ਤੇ ਕਟੋਚ ਦੀਆਂ ਸੰਮਿਲਤ ਫ਼ੌਜਾਂ ਨੇ ਹਮੀਰ ਸਿੰਘ ਨੂੰ ਤਕੜੀ ਹਾਰ ਦਿੱਤੀ ਤੇ ਉਹ ਲੜਾਈ ਵਿਚ ਜ਼ਖ਼ਮੀ ਹੋ ਗਿਆ। ਇਹ ਖ਼ਬਰ ਸੁਣ ਕੇ ਭਾਗ ਸਿੰਘ ਬੜਾ ਦੁਖੀ ਹੋਇਆ। ਉਸ ਨੇ ਆਪਣੀ ਬਾਕੀ ਦੀ ਫ਼ੌਜ ਇਕੱਠੀ ਕੀਤੀ ਤੇ ਹਮੀਰ ਸਿੰਘ ਨੂੰ ਕੁਮਕ ਪਹੁੰਚਾਣ ਲਈ ਫਗਵਾੜੇ ਵਲ ਕੂਚ ਕਰ ਦਿੱਤਾ। ਫਗਵਾੜੇ ਪਹੁੰਚ ਕੇ ਆਹਲੂਵਾਲੀਆ ਸਰਦਾਰ ਕੁਝ ਦਿਨ ਦੀ ਬੀਮਾਰੀ ਤੋਂ ਬਾਅਦ ਚਲਾਣਾ ਕਰ ਗਿਆ। ਸੋ ਆਹਲੂਵਾਲੀਆਂ ਦੇ ਵਿਰੁੱਧ ਜੱਸਾ ਸਿੰਘ ਦੀ ਇਹ ਮੁਹਿੰਮ ਪੂਰੀ ਤਰ੍ਹਾਂ ਕਾਮਯਾਬ ਰਹੀ। ੧੮੦੨ ਈਸਵੀ ਵਿਚ ਉਸ ਨੇ ਬੁੰਡਾਲੇ ਪਿੰਡ ਉੱਤੇ ਵੀ ਹਮਲਾ ਕੀਤਾ, ਪਰੰਤੂ ਇਸ ਲੜਾਈ ਵਿਚ



Sri Satguru Jagjit Singh Ji eLibrary NamdhariElibrary@gmail.com

ਉਹਨੂੰ ਕੋਈ ਵਿਸ਼ੇਸ਼ ਲਾਭ ਪਰਾਪਤ ਨਾ ਹੋਇਆ* ।

੮੦ ਸਾਲ ਦੀ ਉਮਰ ਭੋਗ ਕੇ ੧੮੦੩ ਈਸਵੀ ਵਿਚ ਬਹਾਦਰ ਰਾਮਗੜ੍ਹੀਏ ਸਰਦਾਰ ਨੇ ਚਲਾਣਾ ਕੀਤਾ। ਉਸ ਸਮੇਂ ਉਸ ਦੇ ਬਹੁਤ ਸਾਰੇ ਜਿੱਤੇ ਹੋਏ ਇਲਾਕੇ ਉਸ ਦੇ ਕਬਜ਼ੇ ਵਿਚ ਸਨ। ਜੱਸਾ ਸਿੰਘ ਦੀ ਮੌਤ, ਰਣਜੀਤ ਸਿੰਘ ਲਈ ਲਾਭਦਾਇਕ ਸਾਬਤ ਹੋਈ ਅਤੇ ਉਸ ਨੂੰ ਹੁਣ ਆਪਣੀਆਂ ਸਕੀਮਾਂ ਵਿਚ ਰੋੜਾ ਅਟਕਾਉਣ ਦਾ ਡਰ ਕਿਸੇ ਪਾਸੇਂ ਨਾ ਰਿਹਾ।

ਸਰਦਾਰ ਜੱਸਾ ਸਿੰਘ ਦਾ ਪੁੱਤਰ ਜੋਧ ਸਿੰਘ ਉਸ ਦਾ ਯੋਗ ਜਾ-ਨਸ਼ੀਨ ਸਾਬਤ ਹੋਇਆ। ਰਣਜੀਤ ਸਿੰਘ ਨੇ ਉਹਦੇ ਨਾਲ ਮਿੱਤਰਤਾ ਪਾ ਲਈ ਤੇ ਉਸ ਦੇ ਜੀਉਂਦੇ-ਜੀਅ ਅਰਥਾਤ ੧੮੧੬ ਤਕ ਰਾਮਗੜ੍ਹੀਆਂ ਦੇ ਵਿਰੁੱਧ ਜੰਗ ਕਰਨ ਦਾ ਕਦੀ ਖ਼ਿਆਲ ਨਾ ਕੀਤਾ।

---

*ਤਾਰੀਖ਼-ਇ-ਕਪੂਰਥਲਾ, ੩੪੯.

Sri Satguru Jagjit Singh Ji eLibrary NamdhariElibrary@gmail.com

# ਆਚਰਣ

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਲੰਮੇ ਕਦ ਤੇ ਤਕੜੇ ਜੁੱਸੇ ਵਾਲਾ ਪ੍ਰਭਾਵਸ਼ਾਲੀ ਪੁਰਸ਼ ਸੀ। ਆਪਣੇ ਚੌੜੇ ਮੱਥੇ ਤੇ ਰੌਸ਼ਨ ਅੱਖਾਂ ਨਾਲ ਉਸ ਦੀ ਸੂਰਤ ਬੜੀ ਸੁੰਦਰ ਤੇ ਦਿਲ-ਖਿੱਚਵੀਂ ਲਗਦੀ ਸੀ ਤੇ ਉਸ ਦੀ ਚੌੜੀ ਛਾਤੀ ਅੰਦਰ ਇਕ ਫ਼ੌਲਾਦੀ ਦਿਲ ਧੜਕਦਾ ਸੀ। ਭਾਵੇਂ ਉਸ ਨੂੰ ਕਿਸੇ ਪਾਠਸ਼ਾਲਾ ਵਿੱਚੋਂ ਕਿਤਾਬੀ ਵਿੱਦਿਆ ਪਰਾਪਤ ਕਰਨ ਦਾ ਅਵਸਰ ਨਹੀਂ ਮਿਲਿਆ, ਪਰ ਉਸ ਨੂੰ ਆਤਮਕ ਤੇ ਸ਼ਸਤਰ-ਵਿਦਿਆ ਵਿਚ ਨਿਪੁੰਨ ਕਰ ਦਿੱਤਾ ਗਿਆ ਸੀ। ਰਾਜਨੀਤਕ ਸੂਝ ਤੇ ਨਿਰਮਲ ਬੁੱਧੀ ਉਸ ਨੂੰ ਆਪਣੇ ਜੀਵਨ-ਘੋਲ ਵਿੱਚੋਂ ਪਰਾਪਤ ਹੋਈ ਤੇ ਇਨ੍ਹਾਂ ਸਾਰੀਆਂ ਗੱਲਾਂ ਨਾਲ ਉਸ ਦੇ ਕੁਦਰਤੀ ਅਨਭਵ ਨੇ ਮਿਲ ਕੇ ਉਸ ਨੂੰ ਇਕ ਅਦੁੱਤੀ ਯੋਧਾ, ਸਿਆਣਾ ਜਰਨੈਲ, ਸਯੋਗ ਪਰਬੰਧਕ ਤੇ ਚਤਰ ਨੀਤੀਵਾਨ ਬਣਾ ਦਿੱਤਾ ਸੀ।

ਜੱਸਾ ਸਿੰਘ ਅਪਾਰ ਸਰੀਰਕ ਬੱਲ ਦਾ ਮਾਲਕ ਸੀ ਤੇ ਉਸ ਵਿਚ ਨਿਡਰਤਾ ਤੇ ਦਲੇਰੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਸ ਵਿਚ ਇਕ ਸਿੱਖ ਜੋਧੇ ਵਾਲੇ ਸਾਰੇ ਉੱਤਮ ਗੁਣ ਮੌਜੂਦ ਸਨ, ਜਿਹਾ ਕਿ ਅਜਿੱਤ ਹੌਸਲਾ, ਪ੍ਰਬਲ ਸਰੀਰਕ ਸ਼ਕਤੀ, ਅਪਾਰ ਦਲੇਰੀ, ਚਤਰਾਈ ਤੇ ਉਹ ਫ਼ੌਜੀ ਸੁਭਾਵ, ਜੋ ਕਦੀ ਹਾਰ ਨਹੀਂ ਮੰਨਦਾ।

ਕਾਜ਼ੀ ਨੂਰ ਮੁਹੰਮਦ, ਜੋ ੧੭੬੪ ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਪੰਜਾਬ ਵਿਚ ਆਇਆ ਸੀ ਤੇ ਜਿਸ ਨੇ ਸਿੱਖਾਂ ਤੇ ਅਬਦਾਲੀ ਦੀ ਜੰਗ ਵਿਚ ਜੱਸਾ ਸਿੰਘ ਦੀ ਦਲੇਰੀ ਤੇ ਤਾਕਤ ਆਪਣੀ ਅੱਖੀਂ ਵੇਖੀ ਸੀ, ਜੱਸਾ ਸਿੰਘ ਦੀ ਸ਼ਲਾਘਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ :—



Sri Satguru Jagjit Singh Ji eLibrary NamdhariElibrary@gmail.com

دگر جسّہ ٹھوکہ بدش ہمعناں
کہ شیراں بداں سگ بتاب دتواں

ਅਰਥਾਤ ਉਸ (ਜੱਸਾ ਸਿੰਘ ਆਹਲੂਵਾਲੀਏ) ਦੇ ਨਾਲ ਇਕ ਹੋਰ ਜੱਸਾ (ਸਿੰਘ) ਠੋਕਾ (ਤਰਖਾਣ) ਸੀ, ਜੋ ਉਨ੍ਹਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਇਕ ਖਿਝੇ ਹੋਏ ਸ਼ੇਰ ਵਾਂਗ ਜਾਪਦਾ ਸੀ।

ਲਾਹੌਰ ਦੇ ਹਾਕਮ ਖ਼ਵਾਜਾ ਉਬੇਦ ਦੇ ਵਿਰੁੱਧ, ਚੜ੍ਹਤ ਸਿੰਘ ਸੁਕਰਚੱਕੀਏ ਨਾਲ ਮਿਲ ਕੇ ਜੱਸਾ ਸਿੰਘ ਦੀ ਸਫ਼ਲ ਲੜਾਈ ਤੋਂ ਉਸ ਦੀ ਨਿਡਰਤਾ ਅਤੇ ਦਲੇਰੀ ਦਾ ਇਕ ਹੋਰ ਸਬੂਤ ਮਿਲਦਾ ਹੈ। ਕਸੂਰ ਅਤੇ ਸਰਹੰਦ ਦੀਆਂ ਲੜਾਈਆਂ ਵਿਚ ਵੀ ਜੱਸਾ ਸਿੰਘ ਨੇ ਆਪਣੀ ਅਦੁਭੀ ਦਲੇਰੀ ਦੇ ਕਾਰਨ ਬੜਾ ਨਾਮਣਾ ਖੱਟਿਆ ਤੇ ਇਸ ਹੋਸਲੇ ਦੇ ਸਦਕੇ ਉਹ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਕਿੰਨਾ ਚਿਰ ਇਕੱਲਾ ਲੜਾਈ ਕਰਦਾ ਰਿਹਾ।

ਸਰੀਰਕ ਸ਼ਕਤੀ ਤੇ ਦਲੇਰੀ ਤੋਂ ਛੁਟ ਉਸ ਵਿਚ ਦ੍ਰਿੜ੍ਹਤਾ ਤੇ ਹਠ ਵੀ ਕਮਾਲ ਦਾ ਸੀ ਤੇ ਉਹ ਸਖਤ ਔਕੜਾਂ ਤੇ ਮੁਸ਼ਕਲਾਂ ਵਿਚ ਵੀ ਹੌਂਸਲਾ ਨਹੀਂ ਹਾਰਦਾ ਸੀ। ਆਪਣੇ ਸਾਰੇ ਇਲਾਕੇ ਖੁੱਸ ਜਾਣ ਤੇ ਵੀ ਉਸ ਨੇ ਦਿਲ ਨਾ ਛੱਡਿਆ ਤੇ ਦੂਰ-ਦੁਰਾਡੀਆਂ ਅਨਜਾਣੀਆਂ ਥਾਵਾਂ ਤੇ ਵੱਡਿਆਂ ਵੱਡਿਆਂ ਸ਼ਕਤੀਵਰਾਂ ਦੇ ਟਾਕਰੇ ਵਿਚ ਮੱਲਾਂ ਮਾਰਦਾ ਰਿਹਾ। ਆਪਣੇ ਇਸ ਅਟੁੱਟ ਸਾਹਸ ਦੇ ਸਦਕੇ ਹੀ ਉਹ ਆਪਣੇ ਸਾਰੇ ਇਲਾਕੇ ਮੁੜ ਵਾਪਸ ਲੈਣ ਵਿਚ ਸਫ਼ਲ ਹੋ ਗਿਆ। ਦੁੱਖ-ਸੁੱਖ ਵਿਚ ਇਕ ਸਮਾਨ ਰਹਿਣਾ ਤੇ ਸਾਹਸ ਨੂੰ ਕਦੀ ਹੱਥੋਂ ਨਾ ਛਡਣਾ ਉਸ ਦੇ ਸੁਭਾਵ ਦਾ ਇਕ ਵਿਸ਼ੇਸ਼ ਅੰਗ ਸੀ। ਕਿਹਾ ਜਾਂਦਾ ਹੈ ਕਿ ਹੇਠ ਲਿਖਿਆ ਕਬਿੱਤ ਉਸ ਨੇ ਆਪ ਰਚਿਆ ਸੀ ਤੇ ਉਹ ਇਸ ਨੂੰ ਅਕਸਰ ਪੜ੍ਹਿਆ ਕਰਦਾ ਸੀ :—



Sri Satguru Jagjit Singh Ji eLibrary NamdhariElibrary@gmail.com

ਕਬਹੂੰ ਕਬਹੂੰ ਬਾਜ ਹਾਥ,
ਬਾਜ ਤੇ ਨਗਾਰੇ ਸਾਥ,
ਕਬਹੂੰ ਤੇ ਪਾਇੰ ਪਿਆਦੇ,
ਬੋਝ ਸੀਸ ਸਹੀਏ ।

ਕਬਹੂੰ ਕਬਹੂੰ ਮੇਵੇ ਔ,
ਮਠਾਈ ਕੀ ਨਾ ਰੁਚੀ ਹੋਤ,
ਕਬਹੂੰ ਤੇ ਏਕ ਮੁਠੀ,
'ਨਾਜ ਕੀ ਨਾ ਲਹੀਏ ।

ਕਬਹੂੰ ਨਿਜ ਦੁਆਰ ਪੁਰ,
ਭਿਖਾਰੀਅਨ ਕੀ ਭੀਰ ਹੋਤ,
ਕਬਹੂੰ ਤੇ ਪਰ-ਦੁਆਰ,
ਆਪ ਜਾਇ ਬਹੀਏ ।

ਛੋਡੀਏ ਨਾ ਹਿੰਮਤ,
ਵਿਸਾਰੀਏ ਨਾ ਹਰੀ ਨਾਮ,
ਜਾਹੂੰ ਬਿਧ ਰਾਮ ਰਾਖੇ,
ਤਾਹੂੰ ਬਿਧ ਰਹੀਏ ।

ਦਲੇਰੀ, ਬਹਾਦਰੀ, ਹਿੰਮਤ ਤੇ ਨਿਡਰਤਾ ਤੋਂ ਛੁਟ ਜੱਸਾ ਸਿੰਘ ਵਿਚ ਇਕ ਸਿਆਣੇ ਜਰਨੈਲ ਵਾਲੇ ਸਾਰੇ ਗੁਣ ਮੌਜੂਦ ਸਨ। ਉਹ ਜੰਗੀ ਦ੍ਰਿਸ਼ਟੀਕੋਣ ਤੋਂ ਫ਼ੌਜੀ ਮਹੱਤਵ ਦੀਆਂ ਸਕੀਮਾਂ ਘੜਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਮਹਿਮੂਦ ਵਾਂਗ ਨਿਪੁੰਨ ਸੀ। ਆਪਣੇ ਇਲਾਕੇ ਮੁੜ ਕੇ ਪਰਾਪਤ ਕਰਨ ਵੇਲੇ ੧੭੮੪ ਈਸਵੀ ਵਿਚ ਉਸ ਨੇ ਜੈ ਸਿੰਘ ਕੰਨ੍ਹਈਏ ਦੇ ਵਿਰੁੱਧ ਹਮਲੇ ਦੀ ਜੋ ਯੋਜਨਾ ਬਣਾਈ, ਉਹ ਇਕ ਤਜਰਬਾਕਾਰ ਜਰਨੈਲ ਦਾ ਹੀ ਕੰਮ ਹੋ ਸਕਦਾ ਸੀ। ਪੂਰਨ ਸੋਚ-ਵਿਚਾਰ ਨਾਲ ਬਣਾਈ ਹੋਈ ਇਸ ਵਿਓਂਤ ਦੇ ਸਦਕੇ ਹੀ ਉਹ ਕੰਨ੍ਹਈਏ ਸਰਦਾਰ ਉੱਤੇ ਜਿੱਤ ਪਰਾਪਤ ਕਰ ਕੇ ਆਪਣੇ ਇਲਾਕੇ ਵਾਪਸ ਲੈ ਸਕਿਆ ਤੇ



Sri Satguru Jagjit Singh Ji eLibrary NamdhariElibrary@gmail.com

ਪਹਾੜੀ ਰਾਜਿਆਂ ਉੱਤੇ ਆਪਣਾ ਅਧਿਕਾਰ ਜਮਾ ਸਕਿਆ ਸੀ।

ਇਨ੍ਹਾਂ ਸਾਰੇ ਗੁਣਾਂ ਤੋਂ ਬਿਨਾਂ ਜੱਸਾ ਸਿੰਘ ਇਕ ਉੱਚੇ ਦਰਜੇ ਦਾ ਨੀਤੀਵਾਨ ਸੀ। ਅਠਾਰ੍ਹਵੀਂ-ਸਦੀ ਦੇ ਬਿਖੜੇ ਦਿਨਾਂ ਵਿਚ ਵਿਸ਼ਾਲ ਇਲਾਕਿਆਂ ਉੱਤੇ ਕਬਜ਼ਾ ਕਰ ਲੈਣਾ ਕੋਈ ਛੋਟਾ ਜਿਹਾ ਕੰਮ ਨਹੀਂ ਸੀ। ਉਹ ਆਪਣੀ ਦ੍ਰਿੜ੍ਹਤਾ ਅਤੇ ਸਫਲ ਨੀਤੀ ਦੇ ਸਦਕੇ ਹੀ ਸਭ ਬਲਵਾਨ ਸਿੱਖ ਮਿਸਲਾਂ ਦੇ ਗੱਠ-ਜੋੜ ਦਾ ਟਾਕਰਾ ਕਰਦਾ ਰਿਹਾ। ਜਦ ਰਾਇ ਅਹਿਮਦ ਮਹਾਂ ਸਿੰਘ ਸੁਕਰਚੱਕੀਏ ਵੱਲੋਂ ਜੈ ਸਿੰਘ ਕੰਨ੍ਹਈਏ ਦੀ ਵਿਰੋਧਤਾ ਦੀ ਤਜਵੀਜ਼ ਲੈ ਕੇ ਜੱਸਾ ਸਿੰਘ ਨੂੰ ਰਾਏ ਕੋਟ ਵਿਚ ਮਿਲਿਆ, ਤਾਂ ਉਸ ਨੇ ਆਪਣੀ ਰਾਜਨੀਤਕ ਸੂਝ-ਬੂਝ ਨਾਲ ਪਹਿਲਾਂ ਹੀ ਇਹ ਪਰਤੀਤ ਕਰ ਲਿਆ ਕਿ ਰਾਣੀ ਸਦਾ ਕੌਰ ਦੀ ਧੀ ਮਹਿਤਾਬ ਕੌਰ ਦਾ ਸ: ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਰਿਸ਼ਤਾ ਹੋਣਾ ਸੰਭਵ ਹੈ। ਇਸ ਸੰਬੰਧ ਵਿਚ ਉਸ ਦਾ ਅਨੁਮਾਨ ਸੌ ਫ਼ੀ ਸਦੀ ਠੀਕ ਨਿਕਲਿਆ। ਅਠਾਰ੍ਹਵੀਂ ਸਦੀ ਵਿਚ ਮੁੱਠੀ ਭਰ ਸਿੱਖਾਂ ਨੇ ਬਲਵਾਨ ਮੁਗ਼ਲ ਹਕੂਮਤ ਅਤੇ ਪਠਾਣ ਹਮਲਾਆਵਰਾਂ ਉੱਤੇ ਜੋ ਸ਼ਾਨਦਾਰ ਜਿੱਤਾਂ ਪਰਾਪਤ ਕੀਤੀਆਂ, ਉਨ੍ਹਾਂ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਸਿਆਣਪ ਤੇ ਰਾਜਨੀਤਕ ਸੂਝ-ਬੂਝ ਦਾ ਵਿਸ਼ੇਸ਼ ਹਿੱਸਾ ਹੈ ਤੇ ਇਸ ਨਾਲ ਉਹਦਾ ਨਾਂ ਪੰਜਾਬ ਦੇ ਇਤਿਹਾਸ ਵਿਚ ਅਮਰ ਹੋ ਗਿਆ ਹੈ।

ਜੱਸਾ ਸਿੰਘ ਪੰਜਾਬ ਦੇ ਪਹਾੜੀ ਇਲਾਕਿਆਂ ਦਾ ਮੁਹਰੈਲ ਸਿੱਖ ਜੇਤੂ ਸੀ। ਉਸ ਨੇ ਸਭ ਸਿੱਖ ਸਰਦਾਰਾਂ ਤੋਂ ਪਹਿਲਾਂ ਪਹਾੜੀ ਰਿਆਸਤਾਂ ਵਿਚ ਸਿੱਖ ਰਾਜ ਦੀ ਨੀਂਹ ਰੱਖੀ ਅਤੇ ਦੂਜੇ ਸਿੱਖ ਸਰਦਾਰਾਂ ਨੂੰ ਪਹਾੜੀ ਇਲਾਕਿਆਂ ਦੀ ਜਿੱਤ ਦਾ ਰਾਹ ਵਿਖਾਇਆ। ਰਾਮਗੜ੍ਹੀਏ ਸਰਦਾਰ ਨੇ ਫ਼ੌਜੀ ਦ੍ਰਿਸ਼ਟੀਕੋਣ ਤੋਂ ਮਹੱਤਵ-ਪੂਰਨ ਥਾਵਾਂ ਉੱਤੇ ਕਿਲ੍ਹੇ ਉਸਾਰਨ ਦੀ ਨੀਤੀ ਨੂੰ ਬੜੇ ਵੱਡੇ ਪੈਮਾਨੇ ਉੱਤੇ ਵਰਤੋਂ ਵਿਚ ਲਿਆਂਦਾ। ਇਸ ਤੋਂ ਛੁਟ ਉਸ ਨੇ ਪਹਾੜੀ ਇਲਾਕਿਆਂ ਨੂੰ ਸਿੱਧਾ ਆਪਣੇ ਪਰਬੰਧ



Sri Satguru Jagjit Singh Ji eLibrary NamdhariElibrary@gmail.com

ਹੇਠ ਰੱਖਣ ਦੀ ਥਾਂ ਉਨ੍ਹਾਂ ਪਾਸੋਂ ਕਰ ਲੈਣ ਦੀ ਨੀਤੀ ਉੱਤੇ ਅਮਲ ਕੀਤਾ। ਇਨ੍ਹਾਂ ਸਭ ਗੱਲਾਂ ਵਿਚ ਉਹ ਰਣਜੀਤ ਸਿੰਘ ਦਾ ਅਗਵਾਨ (fore-runner) ਸਾਬਤ ਹੋਇਆ ਅਤੇ ਮਹਾਰਾਜੇ ਨੇ ਬਹੁਤ ਹਦ ਤਕ ਉਸ ਦੀਆਂ ਪਾਈਆਂ ਹੋਈਆਂ ਲੀਹਾਂ ਨੂੰ ਅਪਣਾਇਆ, ਇੱਥੋਂ ਤਕ ਕਿ ਗੋਬਿੰਦ ਗੜ੍ਹ (ਅੰਮ੍ਰਿਤਸਰ) ਦਾ ਕਿਲ੍ਹਾ ਉਸਾਰਨ ਲਗਿਆਂ ਵੀ ਉਸ ਨੇ ਰਾਮਗੜ੍ਹ ਦੇ ਕਿਲ੍ਹੇ ਦੀ ਬਨਾਵਟ ਨੂੰ ਹੀ ਸਾਹਮਣੇ ਰੱਖਿਆ।

ਇਕ ਸਾਊ ਮਨੁੱਖ ਦੇ ਤੌਰ ਤੇ ਜੱਸਾ ਸਿੰਘ ਦੀ ਮਹਾਨਤਾ ਏਦੂੰ ਵੀ ਕਿਤੇ ਵਧ ਚੜ੍ਹ ਕੇ ਹੈ। ਆਪਣੇ ਵੈਰੀਆਂ ਨਾਲ ਵੀ ਸਦਾ ਆਦਰ-ਭਰਿਆ ਤੇ ਮਨੁੱਖਤਾ ਵਾਲਾ ਵਰਤਾਓ ਕਰਨਾ, ਨਾ ਕੇਵਲ ਉਹਦੇ ਧਰਮ ਦਾ, ਸਗੋਂ ਨੀਤੀਵਾਨਤਾ ਦਾ ਵੀ ਇਕ ਜ਼ਰੂਰੀ ਅੰਗ ਸੀ। ਜੱਸਾ ਸਿੰਘ ਆਹਲੂਵਾਲੀਏ ਨਾਲ ਉਸ ਦੀ ਸਦਾ ਹੀ ਅਣਬਣ ਰਹੀ, ਪਰ ਉਸ ਨੇ ਉਹਦੇ ਆਦਰ-ਮਾਣ ਵਿਚ ਕਦੀ ਕੋਈ ਫ਼ਰਕ ਨਹੀਂ ਸੀ ਆਉਣ ਦਿੱਤਾ। ੧੭੬੨ ਈਸਵੀ ਵਿਚ ਜਦ ਵੱਡੇ ਘਲੂਘਾਰੇ ਦੇ ਸਮੇਂ ਆਹਲੂਵਾਲੀਏ ਸਰਦਾਰ ਨੂੰ ਬਹੁਤ ਸੱਟਾਂ ਲੱਗੀਆਂ, ਤਾਂ ਜੱਸਾ ਸਿੰਘ ਰਾਮਗੜ੍ਹੀਏ ਨੇ ਹੋਰ ਸਰਦਾਰਾਂ ਨਾਲ ਮਿਲ ਕੇ ਉਸ ਨੂੰ ਲੜਾਈ ਦੇ ਮੈਦਾਨ ਵਿੱਚੋਂ ਚਲੇ ਜਾਣ ਲਈ ਪ੍ਰੇਰਨਾ ਕੀਤੀ। ਇਹ ਉਸ ਦੀ ਕੌਮੀ ਭਲਾਈ, ਪੰਥਕ ਪਿਆਰ ਤੇ ਮਨੁੱਖੀ ਹਮਦਰਦੀ ਦਾ ਪਰਤਖ ਸਬੂਤ ਸੀ। ਇਸ ਤੋਂ ਬਾਅਦ ਜਦ ਜੱਸਾ ਸਿੰਘ ਦੇ ਛੋਟੇ ਭਰਾ ਮਾਲੀ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਕੈਦ ਕਰ ਲਿਆਂਦਾ, ਤਾਂ ਵੀ ਰਾਮਗੜ੍ਹੀਏ ਸਰਦਾਰ ਨੇ ਬੜੀ ਸਿਆਣਪ ਦਾ ਸਬੂਤ ਦਿੱਤਾ। ਉਸ ਨੇ ਉਹਦੇ ਨਾਲ ਬੜਾ ਨਿੱਘਾ ਵਰਤਾਓ ਕੀਤਾ, ਮਾਲੀ ਸਿੰਘ ਦੀ ਅਵੱਗਿਆ ਲਈ ਮਾਫ਼ੀ ਮੰਗੀ, ਉਸ ਦੇ ਫੱਟਾਂ ਦਾ ਇਲਾਜ ਕਰਾਇਆ ਤੇ ਫਿਰ ਉਸ ਨੂੰ 'ਖ਼ਿਲਅਤ' ਤੇ 'ਪਾਲਕੀ' ਭੇਟ ਕਰ ਕੇ ਆਦਰ-ਸਨਮਾਨ ਨਾਲ ਵਿਦਿਆ ਕੀਤਾ। ਜਦ ੧੭੮੪ ਵਿਚ ਬਟਾਲੇ ਦੀ ਲੜਾਈ ਵਿਚ ਸ: ਜੈ ਸਿੰਘ ਕੰਨ੍ਹਈਏ ਦਾ ਪੁੱਤਰ ਗੁਰਬਖ਼ਸ਼ ਸਿੰਘ ਮਾਰਿਆ ਗਿਆ ਤੇ



Sri Satguru Jagjit Singh Ji eLibrary NamdhariElibrary@gmail.com

ਕੰਨ੍ਹਈਆ ਸਰਦਾਰ ਉਹਦੇ ਰਹਿਮ ਉੱਤੇ ਸੀ, ਤਾਂ ਵੀ ਉਸ ਨੇ ਬੜੀ ਦਲੇਰੀ, ਸਿਆਣਪ ਤੇ ਮਨੁੱਖੀ ਹਮਦਰਦੀ ਤੋਂ ਕੰਮ ਲਿਆ। ਉਸ ਨੇ ਲੜਾਈ ਦੇ ਮੈਦਾਨ ਵਿੱਚੋਂ ਨਿਕਲ ਕੇ ਜੈ ਸਿੰਘ ਕੰਨ੍ਹਈਏ ਨਾਲ ਉਹਦੇ ਪੁੱਤਰ ਦੀ ਮੌਤ ਲਈ ਦਿਲੀ ਹਮਦਰਦੀ ਪਰਗਟ ਕੀਤੀ।

ਜੱਸਾ ਸਿੰਘ ਦਾ ਜ਼ਾਤੀ ਆਚਰਣ ਬਿਲਕੁਲ ਬੇਦਾਗ ਸੀ ਤੇ ਇਸ ਸੰਬੰਧ ਵਿਚ ਉਹ ਆਪਣੇ ਸਮਕਾਲੀਆਂ ਦੇ ਉੱਕਾ ਹੀ ਉਲਟ ਸੀ। ਉਹ ਇਕ ਅਜਿਹੇ ਸਮੇਂ ਵਿਚ ਰਹਿ ਰਿਹਾ ਸੀ, ਜਿਸ ਵਿਚ ਸਰਦਾਰਾਂ ਤੇ ਰਾਜਿਆਂ ਦਾ ਸਦਾਚਾਰਕ ਪੱਧਰ ਵਿਸ਼ੇਸ਼ ਕਰ ਕੇ ਬਹੁਤ ਨੀਵਾਂ ਸੀ। ਆਲਮਗੀਰ ਦੂਜੇ ਨੇ ੬੦ ਸਾਲ ਦੀ ਉਮਰ ਵਿਚ ਮੁਹੰਮਦ ਸ਼ਾਹ ਦੀ ੧੬ ਸਾਲ ਦੀ ਪੁੱਤਰੀ ਹਜ਼ਰਤ ਬੇਗਮ ਨਾਲ ਵਿਆਹ ਕਰਾਉਣ ਦੀ ਇੱਛਾ ਪਰਗਟ ਕੀਤੀ ਤੇ ਅਹਿਮਦ ਸ਼ਾਹ ਅਬਦਾਲੀ, ਜੋ ਕਿ ਇਸ ਲੜਕੀ ਦੇ ਦਾਦੇ ਸਮਾਨ ਸੀ, ਇਸ ਨੂੰ ਆਪਣੇ ਹਰਮ ਵਿਚ ਲੈ ਗਿਆ। ਇਸ ਦੇ ਉਲਟ ਜੱਸਾ ਸਿੰਘ ਦਾ ਆਚਰਨ ਇਸ ਕਾਲ ਵਿਚ ਇਕ ਸਤਾਰੇ ਵਾਂਗ ਚਮਕਦਾ ਹੈ। ਉਸ ਨੇ ਪਰਾਈ ਇਸਤ੍ਰੀ ਦੀ ਇੱਜ਼ਤ ਨੂੰ ਬਚਾਉਣਾ ਆਪਣੇ ਜੀਵਨ ਦਾ ਮੁੱਖ ਆਦਰਸ਼ ਬਣਾਇਆ ਹੋਇਆ ਸੀ। ਜਦ ਵੀ ਕਿਸੇ ਇਸਤ੍ਰੀ ਦੀ ਪਵਿੱਤਰਤਾ ਭੰਗ ਹੋਣ ਦਾ ਖ਼ਤਰਾ ਹੁੰਦਾ ਸੀ, ਤਾਂ ਉਹ ਉਸ ਦੀ ਰੱਖਿਆ ਕਰਨੀ ਆਪਣਾ ਧਰਮ ਸਮਝਦਾ ਸੀ। ਇਕ ਵਾਰੀ ਹਿਸਾਰ ਦੇ ਨੇੜੇ ਇਕ ਬ੍ਰਾਹਮਣ ਨੇ ਜੱਸਾ ਸਿੰਘ ਪਾਸ ਫ਼ਰਯਾਦ ਕੀਤੀ ਕਿ ਉਸ ਦੀਆਂ ਦੋ ਮੁਟਿਆਰ ਧੀਆਂ ਹਿਸਾਰ ਦਾ ਗਵਰਨਰ ਚੁਕ ਕੇ ਲੈ ਗਿਆ ਹੈ। ਇਸ ਉੱਤੇ ਉਸ ਦਾ ਦਿਲ ਅਧੀਰ ਹੋ ਉੱਠਿਆ ਤੇ ਉਸ ਨੇ ਗ਼ਰੀਬ ਬ੍ਰਾਹਮਣ ਦੀ ਸਹਾਇਤਾ ਕਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਝਟ ਪਟ ਹਿਸਾਰ ਉੱਤੇ ਧਾਵਾ ਬੋਲ ਦਿੱਤਾ ਤੇ ਨਾ ਕੇਵਲ ਉਸ ਪਾਸੋਂ ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਦੇ ਪਿਤਾ ਦੇ ਹਵਾਲੇ ਕੀਤਾ ਸਗੋਂ ਉਸ ਨੂੰ ਕਰੜਾ ਦੰਡ ਦਿੱਤਾ। ਇਸ ਤੋਂ ਛੁਟ ਉਸ ਨੇ ਇਕ ਰੌਸ਼ਨ-ਦਿਮਾਗ ਸੁਧਾਰਕ ਵਾਂਗ ਉਸ ਬ੍ਰਾਹਮਣ ਨੂੰ



Sri Satguru Jagjit Singh Ji eLibrary NamdhariElibrary@gmail.com

ਮਜਬੂਰ ਕੀਤਾ ਕਿ ਉਹ ਆਪਣੀਆਂ ਲੜਕੀਆਂ ਨੂੰ ਮੁੜ ਕੇ ਆਪਣੇ ਧਰਮ ਵਿਚ ਅਭੇਦ ਕਰੇ। ਇਸ ਉਦਾਹਰਣ ਤੋਂ ਜੱਸਾ ਸਿੰਘ ਦੇ ਉੱਚ ਆਚਰਣ ਉੱਤੇ ਕਾਫ਼ੀ ਚਾਨਣਾ ਪੈਂਦਾ ਹੈ।

ਜੱਸਾ ਸਿੰਘ ਉਨ੍ਹਾਂ ਵਿਰਲੇ ਸਿੱਖਾਂ ਵਿੱਚੋਂ ਸੀ, ਜੋ ਸਹੀ ਅਰਥਾਂ ਵਿਚ ਆਪਣੇ ਧਰਮ ਦੇ ਸਿਧਾਂਤਾਂ ਨੂੰ ਸਮਝਦੇ ਤੇ ਉਨ੍ਹਾਂ ਉੱਤੇ ਅਮਲ ਕਰਦੇ ਹਨ। ਉਸ ਨੂੰ ਵਾਹਿਗੁਰੂ ਦੀ ਹੋਂਦ ਉੱਤੇ ਅਟੱਲ ਵਿਸ਼ਵਾਸ ਸੀ ਤੇ ਉਹ ਹਰੇਕ ਔਕੜ ਦੇ ਸਮੇਂ ਵਾਹਿਗੁਰੂ ਪਾਸ ਸਹਾਇਤਾ ਲਈ ਅਰਦਾਸ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਆਪਣੀਆਂ ਜੰਗੀ ਮੁਹਿੰਮਾਂ ਵਿਚ ਉਸ ਕੋਲ ਮਾਇਆ ਬਿਲਕੁਲ ਖ਼ਤਮ ਹੋ ਗਈ। ਉਸ ਦੇ ਸਿਪਾਹੀਆਂ ਨੂੰ ਕਈ ਦਿਨਾਂ ਤੋਂ ਤਨਖ਼ਾਹ ਨਹੀਂ ਮਿਲੀ ਸੀ ਤੇ ਉਹ ਬੜੇ ਸੰਕਟ ਵਿਚ ਸੀ। ਇਸ ਔਕੜ ਵਿਚ ਉਸ ਨੇ ਵਾਹਿਗੁਰੂ ਪਾਸ ਸਹਾਇਤਾ ਲਈ ਅਰਦਾਸ ਕੀਤੀ। ਕੁਝ ਚਿਰ ਪਿੱਛੋਂ ਉਸ ਦਾ ਇਕ ਸਿਪਾਹੀ ਪਾਣੀ ਲੈਣ ਵਾਸਤੇ ਖੂਹ ਉੱਤੇ ਗਿਆ। ਪਾਣੀ ਖਿੱਚਣ ਲਗਿਆਂ ਉਸ ਦਾ ਡੋਲ ਖੂਹ ਵਿਚ ਡਿਗ ਪਿਆ, ਜਦ ਉਹ ਡੋਲ ਕਢਣ ਵਾਸਤੇ ਖੂਹ ਵਿਚ ਉਤਰਿਆ, ਤਾਂ ਉਸ ਵਿੱਚੋਂ ਉਸ ਨੂੰ ਅਸ਼ਰਫੀਆਂ ਨਾਲ ਭਰੇ ਹੋਏ ਚਾਰ ਬਰਤਨ ਲੱਭੇ। ਬਾਹਰ ਕੱਢਣ ਉੱਤੇ ਇਨ੍ਹਾਂ ਵਿੱਚੋਂ ਅਸ਼ਰਫ਼ੀਆਂ ਨਿਕਲੀਆਂ। ਜੱਸਾ ਸਿੰਘ ਨੇ ਵਾਹਿਗੁਰੂ ਦਾ ਧੰਨਵਾਦ ਕੀਤਾ ਤੇ ਇਹ ਸਾਰੀ ਮਾਇਆ ਆਪਣੇ ਸਿਪਾਹੀਆਂ ਵਿਚ ਵੰਡ ਦਿੱਤੀ*।

ਸਾਰੀਆਂ ਉੱਚ ਵਿਅਕਤੀਆਂ ਵਾਂਗ ਜੱਸਾ ਸਿੰਘ ਵਿਚ ਮਾਨਸਕ ਦ੍ਰਿੜ੍ਹਤਾ, ਧੀਰਜ ਤੇ ਠਰੰਮ੍ਹੇ ਦੀ ਅੰਸ਼ ਬਹੁਤ ਜ਼ਿਆਦਾ ਸੀ। ਉਸ ਦੇ ਸਾਰੇ ਜੀਵਨ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ, ਜਦ ਕਿ ਜੱਸਾ ਸਿੰਘ ਕ੍ਰੋਧ ਨਾਲ ਆਪੇ ਤੋਂ ਬਾਹਰ ਹੋਇਆ ਹੋਵੇ। ਇਸ ਤੋਂ ਛੁਟ

*ਗਿਆਨ ਸਿਘ : ਰਾਜ ਖ਼ਾਲਸਾ, ੧੧.
ਗ੍ਰਿਫ਼ਨ : ਚੀਫ਼ਸ ਐਂਡ ਫ਼ੈਮੋਲੀਜ਼ ਆਫ਼ ਨੋਟ ਇਨ ਦੀ ਪੰਜਾਬ, I, ਸਫ਼ਾ ੪੨੯.



Sri Satguru Jagjit Singh Ji eLibrary NamdhariElibrary@gmail.com

ਉਹ ਨਾ ਕਦੀ ਚੁਕ-ਚੁਕਾ ਵਿਚ ਆਉਂਦਾ ਸੀ ਤੇ ਨਾ ਕਦੀ ਖ਼ਤਰਿਆਂ ਵਿਚ ਘਬਰਾਉਂਦਾ ਸੀ। ਇਕ ਵਾਰੀ ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੇ ਇਕ ਕਰਮਚਾਰੀ ਨੇ ਜੱਸਾ ਸਿੰਘ ਕੋਲ ਆ ਕੇ ਪਨਾਹ ਲਈ। ਰਾਮਗੜ੍ਹੀਏ ਸਰਦਾਰ ਨੇ ਇਕ ਸਖ਼ੀ ਵਾਂਗ ਉਸ ਦੀ ਰੱਜਵੀਂ ਸਹਾਇਤਾ ਕੀਤੀ ਤੇ ਉਸ ਨੂੰ ਚਾਰ ਪਿੰਡ ਜਾਗੀਰ ਵਿਚ ਦੇ ਦਿੱਤੇ। ਜੱਸਾ ਸਿੰਘ ਦੇ ਸਾਥੀਆਂ ਨੇ ਉਸ ਨੂੰ ਗ਼ੁਲਾਮ ਕਾਦਰ ਦੀ ਸਹਾਇਤਾ ਕਰਨ ਤੋਂ ਰੋਕਿਆ ਅਤੇ ਉਸ ਨੂੰ ਆਖਿਆ ਕਿ ਉਹ ਬਾਦਸ਼ਾਹ ਦਾ ਅਪਰਾਧੀ ਹੈ। ਜੱਸਾ ਸਿੰਘ ਨੇ ਉਨ੍ਹਾਂ ਨੂੰ ਇਹ ਆਖ ਕੇ ਚੁਪ ਕਰਾ ਦਿੱਤਾ, "ਭਈ! ਅਸੀਂ ਸਾਰੇ ਹੀ ਬਾਦਸ਼ਾਹ ਦੇ ਅਪਰਾਧੀ ਹਾਂ। ਬਾਦਸ਼ਾਹ ਨੇ ਸਾਨੂੰ ਆਪ ਤਾਂ ਇਹ ਇਲਾਕੇ ਨਹੀਂ ਦਿੱਤੇ। ਇਸ ਤਰ੍ਹਾਂ ਗ਼ੁਲਾਮ ਕਾਦਰ ਤੇ ਅਸੀਂ ਇੱਕੋ ਸਲੂਕ ਦੇ ਹਕਦਾਰ ਹਾਂ। ਸੋ ਉਸ ਦੀ ਸਹਾਇਤਾ ਕਰਨੀ ਹੀ ਉਚਿਤ ਹੈ*।

ਜੱਸਾ ਸਿੰਘ ਹੋਰ ਕਈ ਵਿਰਲੇ ਗੁਣਾਂ ਦਾ ਮਾਲਕ ਸੀ। ਉਹ ਲੋਭ-ਲਾਲਚ ਤੋਂ ਰਹਿਤ ਸੀ। ਜਦ ਉਸ ਦੇ ਭਰਾ ਮਾਲੀ ਸਿੰਘ ਨੇ ਕ਼ਸੂਰ ਵਿੱਚੋਂ ਬਹੁਤ ਭਾਰੀ ਖ਼ਜ਼ਾਨਾ ਪਰਾਪਤ ਕੀਤਾ, ਤਾਂ ਉਸ ਨੇ ਉਹਨੂੰ ਦਿਆਨਤਦਾਰ ਬਣ ਕੇ ਕੇਵਲ ਆਪਣਾ ਹਿੱਸਾ ਲੈਣ ਦੀ ਪ੍ਰੇਰਨਾ ਕੀਤੀ†। ਜੱਸਾ ਸਿੰਘ ਦੇ ਦਿਲ ਵਿਚ ਆਪਣੇ ਸਾਕਾਂ-ਸੰਬੰਧੀਆਂ ਲਈ ਬੜਾ ਪਿਆਰ ਸੀ। ਮਸ਼ਹੂਰ ਮੁਗ਼ਲ ਬਾਦਸ਼ਾਹ, ਹੁਮਾਯੂੰ ਵਾਂਗ ਜੱਸਾ ਸਿੰਘ ਨੇ ਵੀ ਆਪਣੇ ਭਰਾਵਾਂ ਨਾਲ ਬੜਾ ਨਿੱਘਾ ਵਰਤਾਓ ਕੀਤਾ ਤੇ ਆਪਣੇ ਇਲਾਕਿਆਂ ਨੂੰ ਆਪਣੇ ਭਰਾਵਾਂ ਵਿਚ ਵੰਡ ਦਿੱਤਾ। ਉਸ ਨੇ ਬਟਾਲਾ ਮਾਲੀ ਸਿੰਘ ਦੇ ਤੇ ਕਲਾਨੌਰ ਤਾਰਾ ਸਿੰਘ ਦੇ ਹਵਾਲੇ ਕੀਤਾ। ਪਰ ਹੁਮਾਯੂੰ ਵਾਲੀ ਗ਼ਲਤੀ ਨੂੰ ਜੱਸਾ ਸਿੰਘ ਨੇ ਨਹੀਂ ਦੁਹਰਾਇਆ।

---

*ਖ਼ੁਸ਼ਵਕਤ ਰਾਏ : ਤਾਰੀਖ਼-ਇ-ਸਿੱਖਾਂ, ੧੦੨.

†ਰਤਨ ਸਿੰਘ : ਪੰਥ ਪ੍ਰਕਾਸ਼, ਸਫ਼ਾ ੩੯੫.



Sri Satguru Jagjit Singh Ji eLibrary NamdhariElibrary@gmail.com

ਉਸ ਨੇ ਆਪਣੇ ਭਰਾਵਾਂ ਨੂੰ ਕਾਬੂ ਵਿਚ ਰੱਖਿਆ ਤੇ ਸਭ ਇਲਾਕਿਆਂ ਦੇ ਅੰਤਮ ਅਧਿਕਾਰ ਆਪਣੇ ਹੱਥ ਵਿਚ ਹੀ ਰੱਖੇ।

ਜੱਸਾ ਸਿੰਘ ਇਕ ਸਧਾਰਨ ਕਿਰਤੀ ਘਰਾਣੇ ਵਿੱਚੋਂ ਉਠ ਕੇ ਆਪਣੇ ਸਮੇਂ ਦਾ ਇਕ ਉੱਘਾ ਮਿਸਲਦਾਰ ਬਣਿਆ। ਉਸ ਸਮੇਂ ਦੇ ਹਾਲਾਤ ਵਿਚ ਤੇ ਉਹਦੇ ਤੁਛ ਵਸੀਲਿਆਂ ਦਾ ਖ਼ਿਆਲ ਕਰਦਿਆਂ ਇਹ ਕੋਈ ਛੋਟੀ ਮੋਟੀ ਸਫਲਤਾ ਨਹੀਂ ਸੀ। ਉਸ ਨੂੰ ਇਹ ਮਾਣ ਪਰਾਪਤ ਹੈ ਕਿ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਤੇ ਇਸ ਸ਼ਹਿਰ ਦੀ ਰਖਵਾਲੀ ਲਈ ਲਗਾਤਾਰ ਕਈ ਸਾਲ ਲੜਦਾ ਰਿਹਾ। ਉਸ ਨੇ ਸਿੱਖਾਂ ਦੇ ਪਹਿਲੇ ਤੇ ਕਿੰਨੇ ਚਿਰ ਤਕ ਇੱਕੋ-ਇਕ ਕਿਲ੍ਹੇ ਦੀ ਰੱਖਿਆ ਕੀਤੀ ਤੇ ਇਸ ਨੂੰ ਮੁੜ ਮੁੜ ਕੇ ਉਸਾਰਿਆ। 'ਰਾਮ ਗੜ੍ਹ' ਦੇ ਕਿਲ੍ਹੇ ਲਈ ਅਦੁੱਤੀ ਪਿਆਰ ਦਾ ਸਦਕਾ ਉਸ ਨੂੰ 'ਰਾਮਗੜ੍ਹੀਆ' ਦੀ ਫ਼ਖ਼ਰ-ਯੋਗ ਪਦਵੀ ਮਿਲੀ ਤੇ ਆਪਣੀ ਦ੍ਰਿੜ੍ਹਤਾ, ਹੌਸਲੇ ਤੇ ਹਿੰਮਤ ਨਾਲ ਉਸ ਨੇ ਆਪਣੇ ਆਪ ਨੂੰ ਇਹਦੇ ਯੋਗ ਸਿੱਧ ਕਰ ਵਿਖਾਇਆ। ਉਤਸਾਹੀ ਗਭਰੂਆਂ ਲਈ ਜੱਸਾ ਸਿੰਘ ਰਾਮਗੜ੍ਹੀਆ ਹਮੇਸ਼ਾ ਹੀ ਇਕ ਚਾਨਣ-ਮੁਨਾਰਾ ਬਣਿਆ ਰਹੇਗਾ।

# ਅੰਤਿਕਾ ੧

## ਜੱਸਾ ਸਿੰਘ ਦੇ ਵਾਰਸ

ਜੱਸਾ ਸਿੰਘ ਦੇ ਦੋ ਪੁੱਤਰ ਸਨ : ਜੋਧ ਸਿੰਘ ਤੇ ਵੀਰ ਸਿੰਘ। ਉਸ ਦੇ ਚਲਾਣੇ ਤੋਂ ਪਿੱਛੋਂ ਰਾਮਗੜ੍ਹੀਆ ਮਿਸਲ ਦੀ ਸਰਦਾਰੀ ਉਸ ਦੇ ਵੱਡੇ ਪੁੱਤਰ, ਜੋਧ ਸਿੰਘ ਦੇ ਹਿੱਸੇ ਆਈ। ਜਦੋਂ ਜੱਸਾ ਸਿੰਘ ਨੂੰ ਪੰਜਾਬ ਵਿੱਚੋਂ ਕਢ ਦਿੱਤਾ ਗਿਆ ਸੀ ਤੇ ਉਸ ਨੇ ਹਰਿਆਨੇ ਵਿਚ ਜਾ ਕੇ ਹਿਸਾਰ ਤੇ ਸਰਸਾ ਦੇ ਕੁਝ ਹਿੱਸੇ ਉੱਸੇ ਕਬਜ਼ਾ ਕੀਤਾ ਸੀ, ਤਾਂ ਇਹ ਇਲਾਕਾ ਜੋਧ ਸਿੰਘ ਦੇ ਸਪੁਰਦ ਕੀਤਾ ਗਿਆ ਸੀ। ਇਸ ਦਾ ਪਰਬੰਧ ਉਸ ਨੇ ਬੜੀ ਯੋਗਤਾ ਨਾਲ ਕੀਤਾ। ਇਸ ਤੋਂ ਛੁਟ ਜੋਧ ਸਿੰਘ ਪਟਿਆਲੇ ਦੇ ਰਾਜਾ ਅਮਰ ਸਿੰਘ ਦੀ ਸਹਾਇਤਾ ਲਈ ਕਈ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜਦਾ ਰਿਹਾ ਸੀ।

ਸੁਕਰਚੱਕੀਆਂ, ਕੰਨ੍ਹਈਆਂ ਤੇ ਆਹਲੂਵਾਲੀਆਂ ਨਾਲ ਨਿਤ ਦੀਆਂ ਲੜਾਈਆਂ ਅਤੇ ਜੱਸਾ ਸਿੰਘ ਦੀ ਸਿਹਤ ਦੀ ਖ਼ਰਾਬੀ ਤੇ ਬੁਢੇਪੇ ਦੇ ਕਾਰਨ ਰਾਮਗੜ੍ਹੀਆ ਮਿਸਲ ਬਹੁਤ ਕਮਜ਼ੋਰ ਹੋ ਗਈ ਸੀ। ਪਰ ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਜੱਸਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਟਾਕਰੇ ਵਿਚ ਆਪਣੀ ਸੁਤੰਤਰਤਾ ਨੂੰ ਕਾਇਮ ਰਖਿਆ ਸੀ। ਜੋਧ ਸਿੰਘ ਆਪਣੇ ਪਿਤਾ ਦਾ ਸਯੋਗ ਜਾ-ਨਸ਼ੀਨ ਸਾਬਤ ਹੋਇਆ ਤੇ ਉਸ ਨੇ ਨਾ ਕੇਵਲ ਆਪਣੇ ਪਿਤਾ ਦੇ ਛੱਡੇ ਇਲਾਕਿਆਂ ਉੱਤੇ ਆਪਣਾ ਅਧਿਕਾਰ ਕਾਇਮ ਰੱਖਿਆ, ਸਗੋਂ ਇਨ੍ਹਾਂ ਵਿਚ ਕੁਝ ਵਾਧਾ ਕੀਤਾ। ਉਸ ਨੇ ਰਾਜਾ ਸੰਸਾਰ ਚੰਦ ਦੀ ਸਹਾਇਤਾ ਨਾਲ ਆਹਲੂਵਾਲੀਆਂ ਪਾਸੋਂ ਆਪਣੇ ਖੁੱਸੇ ਹੋਏ ਇਲਾਕੇ ਭੂੰਗਾ ਤੇ ਦੀਪਾਲਪੁਰ ਵੀ ਵਾਪਸ ਲੈ ਲਏ।

ਰਣਜੀਤ ਸਿੰਘ ਆਪਣੇ ਬਲਵਾਨ ਦੁਸ਼ਮਣਾਂ ਨਾਲ ਰਾਜਨੀਤਕ



Sri Satguru Jagjit Singh Ji eLibrary NamdhariElibrary@gmail.com

ਮਿੱਤਰਤਾ ਗੰਢਣ ਦੀ ਪਾਲਿਸੀ ਉੱਤੇ ਚਲਦਾ ਸੀ । ਇਸ ਨੀਤੀ ਅਨੁਸਾਰ ਉਸ ਨੇ ਜੋਧ ਸਿੰਘ ਰਾਮਗੜ੍ਹੀਏ ਨਾਲ ਵੀ ਦੋਸਤੀ ਪਾ ਲਈ ਤੇ ਦੋਹਾਂ ਨੇ ਪ੍ਰਸਪਰ ਸੱਚੀ ਮਿੱਤਰਤਾ ਦੇ ਪ੍ਰਣ ਲਏ । ਇਸ ਮਿੱਤਰਤਾ ਨੂੰ ਪੱਕਿਆਂ ਕਰਨ ਲਈ ਰਣਜੀਤ ਸਿੰਘ ਆਪ ਰਾਮਗੜ੍ਹੀਆਂ ਦੇ ਪਰਸਿਧ ਕਿਲ੍ਹੇ ਰਾਮਗੜ੍ਹ ਵਿਖੇ ਆਇਆ ਤੇ ਉਸ ਨੇ ਜੋਧ ਸਿੰਘ ਦੇ ਜੀਉਂਦੇ-ਜੀਅ ਰਾਮਗੜ੍ਹੀਆਂ ਦੇ ਵਿਰੁੱਧ ਜੰਗ ਨਹੀਂ ਕੀਤਾ । ਇਸ ਤੋਂ ਪਿੱਛੋਂ ਜੋਧ ਸਿੰਘ, ਰਣਜੀਤ ਸਿੰਘ ਦੀਆਂ ਕਈ ਮੁਹਿੰਮਾਂ ਵਿਚ ਉਹਦੀ ਸਹਾਇਤਾ ਕਰਦਾ ਰਿਹਾ । ਕਾਂਗੜਾ, ਮੁਲਤਾਨ ਤੇ ਕਸੂਰ ਦੀਆਂ ਜਿੱਤਾਂ ਵਿਚ ਉਹਦਾ ਹਿੱਸਾ ਵਿਸ਼ੇਸ਼ ਕਰਕੇ ਵਰਣਨ ਯੋਗ ਹੈ* । ਮਹਾਰਾਜਾ ਰਣਜੀਤ ਸਿੰਘ ਸ: ਜੋਧ ਸਿੰਘ ਰਾਮਗੜ੍ਹੀਏ ਦੀ ਬੜੀ ਇੱਜ਼ਤ ਕਰਦਾ ਸੀ ਤੇ ਉਸ ਨੂੰ ਹਮੇਸ਼ਾ 'ਬਾਬਾ ਜੀ' ਆਖ ਕੇ ਸੰਬੋਧਨ ਕਰਦਾ ਸੀ । ਜੋਧ ਸਿੰਘ ਇਸ ਖ਼ੁਸ਼ਾਮਦ ਦੇ ਵਿਚਲੇ ਭਾਵ ਨੂੰ ਜਾਣਦਾ ਸੀ, ਪਰ ਉਹ ਵੀ ਹੁਣ ਮਹਾਰਾਜਾ ਰਣਜੀਤ ਸਿੰਘ ਨਾਲ ਵਿਗਾੜ ਚੰਗਾ ਨਹੀਂ ਸੀ ਸਮਝਦਾ । ਜਦ ਜਨਰਲ ਮੋਹਕਮ ਚੰਦ ਨੇ ਫ਼ੈਜ਼ਲ ਪੁਰੀਆ ਮਿਸਲ ਦੇ ਵਿਰੁੱਧ ਚੜ੍ਹਾਈ ਕੀਤੀ, ਤਾਂ ਜੋਧ ਸਿੰਘ ਵੀ ਉਹਦੇ ਨਾਲ ਗਿਆ । ਮਹਾਰਾਜੇ ਨੇ ਉਸ ਦੀ ਸੂਰਬੀਰਤਾ ਦੀ ਬੜੀ ਸ਼ਲਾਘਾ ਕੀਤੀ । ਸ: ਜੋਧ ਸਿੰਘ ਨੇ ਅਰਥ-ਭਰਪੂਰ ਸ਼ਬਦਾਂ ਵਿਚ ਉੱਤਰ ਦਿੱਤਾ, "ਮੈਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ । ਮੈਂ ਆਪਣੇ ਆਪ ਨੂੰ ਸੁਭਾਗਾ ਸਮਝਾਂਗਾ, ਜੇ ਇਨ੍ਹੀਂ ਦਿਨੀਂ ਮੈਂ ਆਪਣੀ ਪਗੜੀ ਆਪਣੇ ਸਿਰ ਤੇ ਕਾਇਮ ਰਖ ਸਕਾਂ† ।"

ਰਣਜੀਤ ਸਿੰਘ ਦੀ ਰਾਮਗੜ੍ਹੀਆਂ ਨਾਲ ਮਿੱਤਰਤਾ ਜੋਧ ਸਿੰਘ ਦੇ ਜੀਵਨ ਤਕ ਹੀ ਨਿਭ ਸਕੀ । ੧੮੧੬ ਈ: ਵਿਚ ਜੋਧ ਸਿੰਘ ਦੇ ਚਲਾਣੇ ਪਿੱਛੋਂ ਫਿਰ ਉਸ ਦੇ ਰਾਮਗੜ੍ਹੀਆ ਸਰਦਾਰਾਂ ਨਾਲ ਮਤ-ਭੇਦ ਹੋ ਗਏ ਤੇ

---

*ਗ੍ਰਿਫ਼ਨ : ਪੰਜਾਬ ਚੀਫ਼ਸ, ੩੫੯.

†ਪ੍ਰਿੰਸਪ : ਓਰਿਜਨ ਆਫ਼ ਦੀ ਸਿਖ ਪਾਵਰ ਇਨ ਦੀ ਪੰਜਾਬ ਐਂਡ ਪੁਲੀਟੀਕਲ ਲਾਈਫ਼ ਆਫ਼ ਮਹਾਰਾਜਾ ਰਣਜੀਤ ਸਿੰਘ, II, ਪੰਨਾ ੪੧.



Sri Satguru Jagjit Singh Ji eLibrary NamdhariElibrary@gmail.com

ਛੇਤੀ ਹੀ ਉਸਨੇ ਇਨ੍ਹਾਂ ਦੇ ਸਭ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ* ।

ਜੋਧ ਸਿੰਘ ਦੀ ਮੌਤ ਦੇ ਨਾਲ ਹੀ ਰਾਮਗੜ੍ਹੀਆ ਮਿਸਲ ਦਾ ਉਤਾਰ ਅਰੰਭ ਹੋ ਗਿਆ† । ਇਲਾਕਿਆਂ ਦੀ ਵੰਡ ਤੋਂ ਸਰਦਾਰਾਂ ਦੀ ਆਪੋ ਵਿਚ ਹੀ ਅਣ-ਬਣ ਸ਼ੁਰੂ ਹੋ ਗਈ । ਜੋਧ ਸਿੰਘ ਦਾ ਆਪਣਾ ਕੋਈ ਪੁੱਤਰ ਨਹੀਂ ਸੀ । ਰਾਮਗੜ੍ਹੀਆਂ ਦੇ ਇਲਾਕਿਆਂ ਦੇ ਤਿੰਨ ਦਾਅਵੇਦਾਰ ਸਨ : ਇਕ ਜੋਧ ਸਿੰਘ ਦਾ ਸੱਕਾ ਭਰਾ ਵੀਰ ਸਿੰਘ, ਦੂਜਾ ਜੱਸਾ ਸਿੰਘ ਦੇ ਭਰਾ ਖੁਸ਼ਾਲ ਸਿੰਘ ਦਾ ਪੁੱਤਰ ਮਹਿਤਾਬ ਸਿੰਘ ਤੇ ਤੀਜਾ ਜੱਸਾ ਸਿੰਘ ਦੇ ਸਭ ਤੋਂ ਛੋਟੇ ਭਰਾ ਤਾਰਾ ਸਿੰਘ ਦਾ ਪੁੱਤਰ ਦੀਵਾਨ ਸਿੰਘ। ਦੀਵਾਨ ਸਿੰਘ ਇਨ੍ਹਾਂ ਸਾਰਿਆਂ ਵਿੱਚੋਂ ਵਧੀਕ ਉਤਸ਼ਾਹੀ ਸੀ ਤੇ ਉਹ ਸਾਰੇ ਇਲਾਕੇ ਆਪਣੇ ਅਧੀਨ ਕਰਨਾ ਚਾਹੁੰਦਾ ਸੀ । ਉਸ ਨੇ ਜੋਧ ਸਿੰਘ ਦੀ ਜ਼ਿੰਦਗੀ ਵਿਚ ਵੀ ਇਸ ਗੱਲ ਲਈ ਬਥੇਰਾ ਜ਼ੋਰ ਲਾਇਆ ਸੀ‡ ।

ਮਹਾਰਾਜਾ ਰਣਜੀਤ ਸਿੰਘ ਰਾਮਗੜ੍ਹੀਆਂ ਦੇ ਇਲਾਕੇ ਉੱਤੇ ਕਬਜ਼ਾ ਕਰਨ ਲਈ ਕਿਸੇ ਬਹਾਨੇ ਦੀ ਭਾਲ ਵਿਚ ਸੀ । ਜਦ ਉਸ ਨੂੰ ਇਸ ਝਗੜੇ ਦਾ ਪਤਾ ਲੱਗਾ ਤਾਂ ਉਸ ਨੇ ਇਨ੍ਹਾਂ ਤਿੰਨਾਂ ਦਾਅਵੇਦਾਰਾਂ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਤੇ ਸਾਰਿਆਂ ਨੂੰ ਜਾਗੀਰ ਸਵੀਕਾਰ ਕਰ ਲੈਣ ਦੀ ਪ੍ਰੇਰਨਾ ਕੀਤੀ । ਵੀਰ ਸਿੰਘ ਅਤੇ ਮਹਿਤਾਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਇਹ ਪੇਸ਼ਕਸ਼ ਪਰਵਾਨ ਕਰ ਕੇ ਜਾਗੀਰਾਂ ਲੈ ਲਈਆਂ, ਪਰ ਦੀਵਾਨ ਸਿੰਘ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ । ਇਸ ਉੱਤੇ ਮਹਾਰਾਜੇ ਨੇ ਉਸ ਨੂੰ ਕੈਦ ਕਰ ਦਿੱਤਾ, ਜਿਸ ਕਰਕੇ ਉਹ ਵੀ ਉਸ ਦੀਆਂ ਸ਼ਰਤਾਂ ਮੰਨਣ ਲਈ ਮਜਬੂਰ ਹੋ ਗਿਆ । ਇਸ ਤਰ੍ਹਾਂ ਰਣਜੀਤ ਸਿੰਘ ਨੇ ਰਾਮਗੜ੍ਹੀਆਂ ਦੇ ਸਾਰੇ ਇਲਾਕੇ

---

*ਗ੍ਰਿਫ਼ਨ : ਪੰਜਾਬ ਚੀਫ਼ਸ, ੩੫੯.

†ਜੋਧ ਸਿੰਘ ਕੇ ਮਰਨੇ ਬਾਦ ।
ਇਹ ਭੀ ਮਿਸਲ ਭਈ ਬਰਬਾਦ । [ਪੰਥ ਪ੍ਰਕਾਸ਼, ਗਿਆਨ ਸਿੰਘ

‡ਗ੍ਰਿਫ਼ਨ : ਪੰਜਾਬ ਚੀਫ਼ਸ, ੩੫੯.



Sri Satguru Jagjit Singh Ji eLibrary NamdhariElibrary@gmail.com

ਆਪਣੇ ਰਾਜ ਵਿਚ ਸ਼ਾਮਲ ਕਰ ਲਏ* ।

ਜੋਧ ਸਿੰਘ ਦੇ ਪਿੱਛੋਂ ਰਾਮਗੜ੍ਹੀਆ ਘਰਾਣੇ ਵਿੱਚੋਂ ਜੱਸਾ ਸਿੰਘ ਦੇ ਭਰਾ, ਤਾਰਾ ਸਿੰਘ ਦੀ ਸੰਤਾਨ ਨੇ ਉੱਘਾ ਨਾਂ ਖੱਟਿਆ। ਰਣਜੀਤ ਸਿੰਘ ਦੀ ਕੈਦ ਤੋਂ ਰਿਹਾ ਹੋਣ ਤੋਂ ਬਾਅਦ, ਦੀਵਾਨ ਸਿੰਘ ਮਹਾਰਾਜੇ ਪਾਸ ਨੌਕਰ ਹੋ ਗਿਆ। ਉਸ ਨੂੰ ਕਸ਼ਮੀਰ ਵਿਚ ਬਾਰਾਮੂਲੇ ਦੀ ਛਾਉਣੀ ਵਿਚ ਨੀਅਤ ਕੀਤਾ ਗਿਆ ਅਤੇ ੧੮੩੪ ਵਿਚ ਉਹ ਉੱਥੇ ਹੀ ਚਲਾਣਾ ਕਰ ਗਿਆ। ਦੀਵਾਨ ਸਿੰਘ ਦਾ ਪੁੱਤਰ ਮੰਗਲ ਸਿੰਘ ਵੀ ਰਣਜੀਤ ਸਿੰਘ ਦਾ ਇਕ ਉੱਘਾ ਕਰਮਚਾਰੀ ਸੀ। ਉਹ ਹਰੀ ਸਿੰਘ ਨਲੂਏ ਦੇ ਨਾਲ ਪਿਸ਼ਾਵਰ ਦੀਆਂ ਸਿੱਖ ਫ਼ੌਜਾਂ ਵਿਚ ਇਕ ਉੱਚ ਪਦਵੀ ਤੇ ਸਥਾਪਤ ਰਿਹਾ ਤੇ ਉਸ ਨੇ ਨਲੂਏ ਸਰਦਾਰ ਦੀ ਨਿਗਰਾਨੀ ਹੇਠ ਉੱਤਰ-ਪੱਛਮੀ ਸਰਹੱਦ ਉੱਤੇ ਕਈ ਕਿਲ੍ਹੇ ਬਣਵਾਏ। ਇਸ ਤੋਂ ਬਾਅਦ ਉਸ ਨੂੰ ਪੰਜਾਬ ਦੀਆਂ ਪਹਾੜੀ ਰਿਆਸਤਾਂ ਪਾਸੋਂ 'ਕਰ' ਉਗਰਾਹੁਣ ਦਾ ਕੰਮ ਸੌਂਪਿਆ ਗਿਆ। ਅੰਗਰੇਜ਼ੀ ਰਾਜ ਸਮੇਂ ਉਸ ਨੇ ਅੰਗਰੇਜ਼ ਸਰਕਾਰ ਦੀ ਨੌਕਰੀ ਸਵੀਕਾਰ ਕਰ ਲਈ ਤੇ ਕੁਝ ਚਿਰ ਲਈ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸਰਬਰਾਹ ਵੀ ਰਿਹਾ। ਸ: ਮੰਗਲ ਸਿੰਘ ੧੮੭੯ ਈਸਵੀ ਵਿਚ ਚਲਾਣਾ ਕਰ ਗਿਆ।

ਸਰਦਾਰ ਮੰਗਲ ਸਿੰਘ ਦੇ ਪਿੱਛੋਂ ਰਾਮਗੜ੍ਹੀਆਂ ਦੇ ਘਰਾਣੇ ਨੇ ਕੋਈ ਵੀ ਉੱਘੀ ਵਿਅਕਤੀ ਪੈਦਾ ਨਹੀਂ ਕੀਤੀ । ਉਸ ਦੇ ਵਾਰਸਾਂ ਵਿੱਚੋਂ ਇਕ ਸੱਜਣ ਸ: ਤਿਰਲੋਚਨ ਸਿੰਘ ਜੀ ਰਾਮਗੜ੍ਹੀਆ ਬੁੰਗੇ ਵਿਚ ਰਹਿੰਦੇ ਹਨ । ਜੱਸਾ ਸਿੰਘ ਦੇ ਪੁੱਤਰ ਵੀਰ ਸਿੰਘ ਦੇ ਜਾਗੀਰ ਲੈਣ ਪਿੱਛੋਂ ਉਸ ਦੇ ਵਾਰਸਾਂ ਵਿਚ ਵੀ ਕੋਈ ਵਰਣਨ ਯੋਗ ਪੁਰਸ਼ ਨਹੀਂ ਹੋਇਆ। ਜੱਸਾ ਸਿੰਘ ਦੀ ਆਪਣੀ ਸੰਤਾਨ ਵਿੱਚੋਂ ਇਕ ਸਜਣ, ਸ: ਵਾਸਦੇਵ ਸਿੰਘ ਜੀ ਅਜ ਕਲ੍ਹ ਮਿਲਟਰੀ ਅਕਾਊਂਟਸ ਆਫ਼ਸ ਵਿਚ ਕੰਮ ਕਰਦੇ ਹਨ।

*ਗਿਆਨ ਸਿੰਘ : ਰਾਜ ਖ਼ਾਲਸਾ ੧੪-੧੫



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਅੰਤਿਕਾ ੩

## ਪੁਸਤਕ-ਸੂਚੀ

### ਫ਼ਾਰਸੀ

੧. ਤਾਮਾਸ ਨਾਮਾ, ਮਸਕੀਨ (ਹੱਥ-ਲਿਖਤ)–(ਉਲਥਾ ਵੱਲੋਂ ਸਰ ਜੇ. ਐੱਨ. ਸਰਕਾਰ, ਆਰਕਿਆਈਵਜ਼ ਲਾਇਬਰੇਰੀ ਪਟਿਆਲਾ)। ਮਸਕੀਨ ੧੭੪੮ ਤੋਂ ੧੭੫੯ ਈਸਵੀ ਤਕ ਮੀਰ ਮੰਨੂੰ ਅਤੇ ਉਸ ਦੀ ਪਤਨੀ ਮੁਗ਼ਲਾਣੀ ਬੇਗਮ ਪਾਸ ਨੌਕਰੀ ਕਰਦਾ ਰਿਹਾ। ਇਸ ਨੇ ਸਿੱਖਾਂ ਦੇ ਵਿਰੁੱਧ ਕਈ ਮੁਹਿੰਮਾਂ ਵਿਚ ਹਿੱਸਾ ਲਿਆ। ਉਸ ਨੇ ਆਪਣੀ ਇਸ ਪੁਸਤਕ ਵਿਚ ਰਾਮ ਰਾਉਣੀ ਦੇ ਕਿਲ੍ਹੇ ਦੇ ਘੇਰੇ ਸੰਬੰਧੀ ਕਈ ਬਹੁਮੁੱਲੇ ਹਵਾਲੇ ਦਿੱਤੇ ਹਨ।

੨. ਇਬਰਤ ਨਾਮਾ, ਫ਼ਕੀਰ ਖ਼ੈਰ-ਉਦ-ਦੀਨ (ਹੱਥ-ਲਿਖਤ) – (ਅੰਗਰੇਜ਼ੀ ਉਲਥਾ, ਸਰ ਜਾਦੂ ਨਾਥ ਸਰਕਾਰ, ਖ਼ਾਲਸਾ ਕਾਲਜ ਅੰਮ੍ਰਿਤਸਰ)। ਇਹ ਪੁਸਤਕ ਸ਼ਾਹ ਆਲਮ ਬਾਦਸ਼ਾਹ ਦੇ ਪੁੱਤਰ ਦੇ ਇਕ ਕਰਮਚਾਰੀ ਨੇ ਲਿਖੀ। ਇਸ ਲਿਖਾਰੀ ਨੇ ਪੁਸਤਕ ਵਿਚ ਲਿਖੀਆਂ ਕਈ ਘਟਨਾਵਾਂ ਨੂੰ ਆਪਣੀ ਅੱਖੀਂ ਵੇਖਿਆ। ਇਸ ਵਿਚ ਪਟਿਆਲੇ ਪੁਰ ਮਾਜਦ-ਉਦ-ਦੌਲੇ ਦੇ ਹਮਲੇ ਦਾ ਹਾਲ ਬੜੇ ਸ਼ਲਾਘਾ ਯੋਗ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਸ ਵਹੀਰ ਦੇ ਵਿਰੁੱਧ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜਾ ਅਮਰ ਸਿੰਘ ਪਟਿਆਲੀਏ ਦੀ ਸਹਾਇਤਾ ਕੀਤੀ ਸੀ।

੩. ਤਾਰੀਖ਼-ਇ-ਸ਼ਾਹ ਆਲਮ, ਮੁੰਨਾ ਲਾਲ – (ਹੱਥ-ਲਿਖਤ) (ਉਲਥਾ ਸਰ ਜਾਦੂ ਨਾਥ ਸਰਕਾਰ, ਖ਼ਾਲਸਾ ਕਾਲਜ, ਅੰਮ੍ਰਿਤਸਰ)। ਇਸ ਖਰੜੇ ਵਿਚ ਸ਼ਾਹ ਆਲਮ ਦੇ ਰਾਜ ਦੀਆਂ ਘਟਨਾਵਾਂ ਦਾ



Sri Satguru Jagjit Singh Ji eLibrary NamdhariElibrary@gmail.com

ਤਰੀਕਵਾਰ ਵਰਣਨ ਹੈ। ਪਟਿਆਲੇ ਪੁਰ ਮਾਜਦ-ਉਦ-ਦੌਲੇ ਦੇ ਹੱਲੇ ਦਾ ਵਿਸਥਾਰ ਜੱਸਾ ਸਿੰਘ ਦੀ ਜੀਵਣੀ ਲਿਖਣ ਵਿਚ ਸਹਾਇਕ ਹੁੰਦਾ ਹੈ।

੪. **ਇਬਰਤ ਨਾਮਾ, ਅਲੀ-ਉਦ-ਦੀਨ,** (ਹੱਥ-ਲਿਖਤ)—(ਖ਼ਾਲਸਾ ਕਾਲਜ, ਅੰਮ੍ਰਿਤਸਰ)। ਅਲੀ-ਉਦ-ਦੀਨ ਅੰਗਰੇਜ਼ ਸਰਕਾਰ ਦਾ ਕਰਮਚਾਰੀ ਸੀ। ਇਸ ਪੁਸਤਕ ਵਿਚ ਉਸ ਨੇ ਸਿੱਖਾਂ ਦਾ ਇਤਿਹਾਸ ਮੁਢ ਤੋਂ ੧੮੪੯ ਈਸਵੀ ਤਕ ਲਿਖਿਆ ਹੈ। ਜੱਸਾ ਸਿੰਘ ਰਾਮਗੜ੍ਹੀਏ ਦਾ ਹਾਲ ਇਸ ਵਿਚ ਵਿਸਥਾਰ ਪੂਰਬਕ ਦੱਸਿਆ ਗਿਆ ਹੈ।

੫. **ਅਹਿਵਾਲ-ਇ-ਆਦੀਨਾ ਬੇਗ** (ਹੱਥ-ਲਿਖਤ ਉਲਥਾ, ਖ਼ਾਲਸਾ ਕਾਲਜ, ਅੰਮ੍ਰਿਤਸਰ)। ਕਿਹਾ ਜਾਂਦਾ ਹੈ ਕਿ ਇਹ ਹੱਥ-ਲਿਖਤ ਕਰਤਾਰਪੁਰ (ਜਲੰਧਰ) ਦੇ ਕਿਸੇ ਸੋਢੀ ਦੀ ਹੈ। ਇਸ ਵਿਚ ਅਦੀਨਾ ਬੇਗ ਖ਼ਾਂ ਦੀ ਜੀਵਨੀ ਦਾ ਹਾਲ ਹੈ, ਜਿਸ ਤੋਂ ਉਸ ਦੇ ਜੱਸਾ ਸਿੰਘ ਨਾਲ ਸੰਬੰਧਾਂ ਦਾ ਪਤਾ ਲਗਦਾ ਹੈ।

੬. **ਖ਼ਾਲਸਾ ਨਾਮਾ, ਬਖ਼ਤ ਮੱਲ** – (ਹੱਥ ਲਿਖਤ, ਖ਼ਾਲਸਾ ਕਾਲਜ ਅੰਮ੍ਰਿਤਸਰ)। ਇਹ ਇਕ ਵਿਸਥਾਰ ਪੂਰਬਕ ਸਿੱਖ ਇਤਿਹਾਸ ਹੈ ਅਤੇ ਇਸ ਵਿਚ ਜੱਸਾ ਸਿੰਘ ਰਾਮਗੜ੍ਹੀਏ ਦੇ ਰਾਜਾ ਅਮਰ ਸਿੰਘ ਪਟਿਆਲੇ ਨਾਲ ਸੰਬੰਧ ਚੰਗੀ ਤਰ੍ਹਾਂ ਵਰਣਨ ਕੀਤੇ ਗਏ ਹਨ।

੭. **ਤਾਰੀਖ਼-ਇ-ਸਿੱਖਾਂ ਖ਼ੁਸ਼ਵਕਤ ਰਾਇ – ੧੮੧੨,** (ਹੱਥ-ਲਿਖਤ, ਖ਼ਾਲਸਾ ਕਾਲਜ, ਅੰਮ੍ਰਿਤਸਰ)। ਖ਼ੁਸ਼ਵਕਤ ਰਾਇ, ਅੰਗਰੇਜ਼ ਸਰਕਾਰ ਵੱਲੋਂ ਅੰਮ੍ਰਿਤਸਰ ਵਿਖੇ ਏਜੰਟ ਸੀ ਅਤੇ ਉਸ ਨੇ ਇਹ ਪੁਸਤਕ ਸਰ ਚਾਰਲਸ ਮੇਟਕਾਫ਼ ਦੀ ਇੱਛਾ ਅਨੁਸਾਰ ਲਿਖੀ। ਉਸ ਨੇ ੧੮੧੧ ਤਕ ਸਿੱਖਾਂ ਦਾ ਹਾਲ ਲਿਖਿਆ। ਇਸ ਵਿਚ ਉਸ ਨੇ ਜੱਸਾ ਸਿੰਘ ਦਾ ਹਾਲ ਵੀ ਬਹੁਤ ਸੁਚੱਜੇ ਢੰਗ ਨਾਲ ਲਿਖਿਆ ਹੈ ਅਤੇ ਗੰਗਾ ਦੇ ਦੁਆਬੇ ਵਿਚ ਉਸ ਦੇ ਕਾਰਨਾਮੇ ਖ਼ਾਸ ਤੌਰ ਤੇ



Sri Satguru Jagjit Singh Ji eLibrary NamdhariElibrary@gmail.com

ਵਿਸਥਾਰ ਨਾਲ ਵਰਣਨ ਕੀਤੇ ਗਏ ਹਨ।

੮. **ਤਾਰੀਖ਼-ਇ-ਹਿੰਦ, ਅਹਿਮਦ ਸ਼ਾਹ ਬਟਾਲੀਆ** – (ਹੱਥ-ਲਿਖਤ, ਖ਼ਾਲਸਾ ਕਾਲਜ, ਅੰਮ੍ਰਿਤਸਰ)। ਇਹ ਪੰਜਾਬ ਦਾ ਵਿਸਥਾਰ ਪੂਰਵਕ ਇਤਿਹਾਸ ਹੈ। ਕਿਉਂਕਿ ਲਿਖਾਰੀ ਬਟਾਲੇ ਦਾ ਰਹਿਣ ਵਾਲਾ ਸੀ, ਇਸ ਲਈ ਬਟਾਲੇ ਵਿਚ ਰਾਮਗੜ੍ਹੀਆਂ ਅਤੇ ਕੰਨ੍ਹਈਆਂ ਵਿਚਕਾਰ ਹੋਈਆਂ ਲੜਾਈਆਂ ਨੂੰ ਉਸ ਨੇ ਬਹੁਤ ਚੰਗੀ ਤਰ੍ਹਾਂ ਵਰਣਨ ਕੀਤਾ ਹੈ।

੯. **ਬੂਟੇ ਸ਼ਾਹ, ਤਾਰੀਖ਼-ਇ-ਪੰਜਾਬ** – (ਹੱਥ-ਲਿਖਤ, ਖ਼ਾਲਸਾ ਕਾਲਜ, ਅੰਮ੍ਰਿਤਸਰ) ਬੂਟੇ ਸ਼ਾਹ ਲੁਧਿਆਨਵੀ ਲੁਧਿਆਨੇ ਵਿਖੇ ਅੰਗਰੇਜ਼ ਸਰਕਾਰ ਦਾ ਇਕ ਕਰਮਚਾਰੀ ਸੀ। ਉਸ ਨੇ ਇਹ ਪੁਸਤਕ ਕਰਨਲ ਅਖ਼ਤਰ ਲੋਨੀ ਦੇ ਕਹਿਣ ਤੇ ਲਿਖੀ। ਇਸ ਪੁਸਤਕ ਵਿਚ ਰਾਮਗੜ੍ਹੀਆ ਅਤੇ ਸੁਕਰਚੱਕੀਆ ਮਿਸਲ ਦੇ ਆਪਸ ਵਿਚਲੇ ਸੰਬੰਧਾਂ ਨੂੰ ਵਿਸਥਾਰ ਸਹਿਤ ਲਿਖਿਆ ਗਿਆ ਹੈ।

੧੦. **ਜੰਗ ਨਾਮਾ, ਕਾਜ਼ੀ ਨੂਰ ਮੁਹੰਮਦ—੧੭੬੪**, (ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ)। ਅਬਦਾਲੀ ਦੇ ਸਤਵੇਂ ਹਮਲੇ ਸਬੰਧੀ, ਇਹ ਸਭ ਤੋਂ ਵਧ ਭਰੋਸੇ ਯੋਗ ਅਤੇ ਅੱਖੀਂ ਡਿੱਠਾ ਹਾਲ ਹੈ। ਇਸ ਵਿਚ ਜੱਸਾ ਸਿੰਘ ਦੀ ਦਲੇਰੀ ਅਤੇ ਯੁਧ-ਕਲਾ ਦੀ ਸ਼ਲਾਘਾ ਕੀਤੀ ਗਈ ਹੈ। ਕਾਜ਼ੀ ਨੂਰ ਮੁਹੰਮਦ ਇਸ ਸਭ ਹਾਲ ਲਿਖਣ ਲਈ ਅਬਦਾਲੀ ਦੇ ਨਾਲ ਆਇਆ ਸੀ।

੧੧. **ਤਜ਼ਕਰਾ-ਇ-ਖ਼ਾਨਦਾਨ-ਇ-ਰਾਜਾਹਾਏ ਫੂਲਕੀਆਂ–੧੮੨੩**, (ਹੱਥ-ਲਿਖਤ, ਖ਼ਾਲਸਾ ਕਾਲਜ, ਅੰਮ੍ਰਿਤਸਰ)। ਇਹ ਪਟਿਆਲਾ ਰਿਆਸਤ ਦੇ ਇਕ ਕਰਮਚਾਰੀ ਵੱਲੋਂ ਲਿਖਿਆ ਗਿਆ ਪਟਿਆਲਾ ਰਿਆਸਤ ਦਾ ਇਕ ਇਤਿਹਾਸਕ ਖਰੜਾ ਹੈ। ਇਸ ਤੋਂ ਜੱਸਾ ਸਿੰਘ ਅਤੇ ਅਮਰ ਸਿੰਘ ਪਟਿਆਲੇ ਵਾਲੇ ਦੇ ਸੰਬੰਧਾਂ ਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ।



Sri Satguru Jagjit Singh Ji eLibrary NamdhariElibrary@gmail.com

੧੨. ਉਮਦਤ-ਉਤ-ਤਵਾਰੀਖ਼, ਸੋਹਣ ਲਾਲ ਸੂਰੀ–(ਆਰੀਆ ਪ੍ਰੈਸ ਲਾਹੌਰ ਵਲੋਂ ਪ੍ਰਕਾਸ਼ਿਤ) । ਸੋਹਣ ਲਾਲ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਇਤਿਹਾਸਕਾਰ ਸੀ । ਉਸ ਨੇ ਸਿੱਖਾਂ ਦਾ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਦਾ ਹਾਲ ਵੀ ਲਿਖਿਆ ਹੈ, ਜਿਸ ਤੋਂ ਜੱਸਾ ਸਿੰਘ ਦੀ ਜੀਵਨੀ ਲਿਖਣ ਲਈ ਕਾਫ਼ੀ ਸਹਾਇਤਾ ਮਿਲਦੀ ਹੈ ।

## ਉਰਦੂ

੧. ਤਾਰੀਖ਼-ਇ-ਪਟਿਆਲਾ, ਮੁਹੰਮਦ ਹੱਸਨ – ਇਹ ਪੁਸਤਕ ਰਿਆਸਤ ਪਟਿਆਲਾ, ਦੇ ਦਫਤਰੀ ਰੀਕਾਰਡ ਦੇ ਅਧਾਰ ਉੱਤੇ ਲਿਖੀ ਗਈ ਹੈ । ਇਸ ਵਿਚ ਕਈ ਘਟਨਾਵਾਂ ਗ਼ਲਤ ਵੀ ਲਿਖੀਆਂ ਗਈਆਂ ਹਨ । ਇਸ ਵਿਚ ਜੱਸਾ ਸਿੰਘ ਤੇ ਅਮਰ ਸਿੰਘ ਦੇ ਸੰਬੰਧਾਂ ਪੁਰ ਬਹੁਤ ਚਾਨਣ ਪਾਇਆ ਗਿਆ ਹੈ ।

੨. ਤਾਰੀਖ਼-ਇ-ਕਪੂਰਥਲਾ, ਦੀਵਾਨ ਰਾਮਜੱਸ – (੧੮੭੭) । ਇਸ ਪੁਸਤਕ ਵਿਚ ਜੱਸਾ ਸਿੰਘ ਆਹਲੂਵਾਲੀਏ ਤੋਂ ਜਗਜੀਤ ਸਿੰਘ ਤਕ ਰਿਆਸਤ ਕਪੂਰਥਲਾ ਦਾ ਵਿਸਥਾਰ-ਪੂਰਬਕ ਹਾਲ ਦਿੱਤਾ ਗਿਆ ਹੈ । ਇਸ ਵਿੱਚੋਂ ਜੱਸਾ ਸਿੰਘ ਰਾਮਗੜ੍ਹੀਏ ਤੇ ਆਹਲੂਵਾਲੀਆਂ ਦੇ ਸੰਬੰਧਾਂ ਅਤੇ ਲੜਾਈਆਂ ਦਾ ਵਰਣਨ ਮਿਲਦਾ ਹੈ ।

੩. ਤਜ਼ਕਰਾ-ਇ-ਰਊਸਾ-ਇ-ਪੰਜਾਬ, ਸੱਯਦ ਨਵਾਜ਼ਸ਼ ਅਲੀ – ਇਹ ਪੁਸਤਕ ਗ੍ਰਿਫਨ ਦੀ ਅੰਗਰੇਜ਼ੀ ਦੀ ਪੁਸਤਕ, ਚੀਫ਼ਜ਼ ਐਂਡ ਫੈਮਲੀਜ਼ ਆਫ਼ ਨੋਟ ਦੇ ਆਧਾਰ ਤੇ ਲਿਖੀ ਗਈ ਹੈ । ਇਸ ਪੁਸਤਕ ਵਿਚ ਸਭ ਘਰਾਣਿਆਂ ਦਾ ਅਜ ਤਕ ਦਾ ਇਤਿਹਾਸ ਲਿਖਿਆ ਗਿਆ ਹੈ । ਰਾਮਗੜ੍ਹੀਆ ਘਰਾਣੇ ਨਾਲ ਦਿੱਤਾ ਬੰਸਾਵਲੀ-ਨਾਮਾ ਠੀਕ ਪਰਤੀਤ ਹੁੰਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਹੇਠ ਲਿਖੀਆਂ ਪੁਸਤਕਾਂ ਨੂੰ ਹਵਾਲਿਆਂ ਲਈ ਵਰਤਿਆ ਗਿਆ :—

੪. ਤਾਰੀਖ਼-ਇ-ਮਖ਼ਜ਼ਨ-ਇ-ਪੰਜਾਬ, ਮੁਫ਼ਤੀ ਗ਼ੁਲਾਮ ਸਰਵਰ ।
੫. ਤਾਰੀਖ਼-ਇ-ਪੰਜਾਬ, ਕਨ੍ਹਈਆ ਲਾਲ ।
੬. ਤਾਰੀਖ਼-ਇ-ਪੰਜਾਬ, ਪਰਮਾ ਨੰਦ ।
੭. ਤਾਰੀਖ਼-ਇ-ਸਹਾਰਨਪੁਰ, ਨੰਦ ਕਿਸ਼ੋਰ ।
੮. ਤਾਰੀਖ਼-ਇ-ਰਾਜਗਾਨ-ਇ-ਜ਼ਿਲਾ ਕਾਂਗੜਾ, ਦੀਵਾਨ ਸਰਬ ਦਿਆਲ ।
੯. ਰਾਜ ਖ਼ਾਲਸਾ, ਗਿਆਨ ਸਿੰਘ ।
੧੦. ਤਾਰੀਖ਼-ਇ-ਅੰਮ੍ਰਿਤਸਰ, ਗਿਆਨ ਸਿੰਘ ।

## ਪੰਜਾਬੀ (ਗੁਰਮੁਖੀ)

੧. **ਜੱਸਾ ਸਿੰਘ ਬਿਨੋਦ, ਰਾਮਸੁਖ ਰਾਉ** – (ਹੱਥ-ਲਿਖਤ, ਖ਼ਾਲਸਾ ਕਾਲਜ, ਅੰਮ੍ਰਿਤਸਰ) । ਇਹ ਅਠਾਰ੍ਹਵੀਂ ਸਦੀ ਦੇ ਉੱਘੇ ਸਿਖ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜੀਵਨੀ ਹੈ । ਇਹ ਫ਼ਤਹ ਸਿੰਘ ਆਹਲੂਵਾਲੀਏ ਦੇ ਸਮੇਂ (੧੮੦੧–੧੮੩੭) ਵਿਚ ਲਿਖੀ ਗਈ । ਇਸ ਵਿਚ ਜੱਸਾ ਸਿੰਘ ਰਾਮਗੜ੍ਹੀਏ ਦੇ ਮੁਢਲੇ ਜੀਵਨ ਅਤੇ ਜੱਸਾ ਸਿੰਘ ਆਹਲੂਵਾਲੀਏ ਨਾਲ ਸਬੰਧ ਵਿਸਥਾਰ ਸਹਿਤ ਲਿਖੇ ਹੋਏ ਹਨ ।

੨. **ਪ੍ਰਾਚੀਨ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ** – (ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ) ਰਤਨ ਸਿੰਘ ਨੇ ਇਹ ਸਿੱਖ ਇਤਿਹਾਸ ਆਪਣੇ ਪਿਤਾ ਦੀ ਲਿਖਤ ਦੇ ਆਧਾਰ ਉੱਤੇ ੧੮੩੦ ਵਿਚ ਲਿਖਿਆ । ਇਸ ਨੂੰ ਸਮਕਾਲੀ ਲਿਖਤਾਂ ਦੇ ਤੁਲ ਹੀ ਗਿਣਿਆ ਜਾਂਦਾ ਹੈ । ਜਦੋਂ ਬੂਟੇ ਸ਼ਾਹ ਪੰਜਾਬ ਦਾ ਇਤਿਹਾਸ ਲਿਖ ਰਿਹਾ



Sri Satguru Jagjit Singh Ji eLibrary NamdhariElibrary@gmail.com

ਸੀ, ਤਾਂ ਰਤਨ ਸਿੰਘ ਨੇ ਕਪਤਾਨ ਮਰੇ ਨੂੰ ਕਿਸੇ ਸਿਖ ਪਾਸੋਂ ਸਿਖ ਇਤਿਹਾਸ ਲਿਖਾਉਣ ਲਈ ਪ੍ਰੇਰਿਆ। ਇਸ ਤਰ੍ਹਾਂ ਰਤਨ ਸਿੰਘ ਨੇ ਆਪਣਾ ਪੰਥ ਪ੍ਰਕਾਸ਼ ਲਿਖਿਆ। ਰਤਨ ਸਿੰਘ ਦੀਆਂ ਲਿਖੀਆਂ ਹੋਈਆਂ ਤਰੀਕਾਂ ਆਮ ਤੌਰ ਤੇ ਬਿਲਕੁਲ ਸਹੀ ਹਨ। ਇਸ ਨੇ ਪੰਥ ਪ੍ਰਕਾਸ਼ ਵਿਚ ਜੱਸਾ ਸਿੰਘ ਦਾ ਹਾਲ ਵੀ ਖੋਲ੍ਹ ਕੇ ਦੱਸਿਆ ਹੈ। ਰਾਮ ਰਾਉਣੀ ਦੇ ਕਿਲ੍ਹੇ ਦੇ ਘੇਰੇ ਦਾ ਹਾਲ ਵਿਸ਼ੇਸ਼ ਕਰਕੇ ਬਹੁਤ ਹੀ ਚੰਗੇ ਢੰਗ ਨਾਲ ਇਤਿਹਾਸਕਾਰਾਂ ਵਾਂਗ ਪੇਸ਼ ਕੀਤਾ ਹੈ।

੩. **ਇਤਿਹਾਸ ਰਾਮਗੜ੍ਹੀਆ, ਸੂਰਤ ਸਿੰਘ ਅਤੇ ਦਰਬਾਰਾ ਸਿੰਘ**– (ਰਾਮਗੜ੍ਹੀਆ ਸਭਾ, ਸ਼ਿਮਲਾ ਵਲੋਂ ਪ੍ਰਕਾਸ਼ਿਤ) ੧੯੧੫। ਇਹ ਪੁਸਤਕ ਲੈਂਡ ਏਲੀਨੇਸ਼ਨ ਐਕਟ ਦੇ ਪਾਸ ਹੋਣ ਕਰਕੇ ਪੰਜਾਬ ਵਿਚ ਉਪਜੇ ਵਾਦ-ਵਿਵਾਦ ਦਾ ਸਿੱਟਾ ਹੈ। ਲੇਖਕਾਂ ਨੇ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਰਾਮਗੜ੍ਹੀਏ (ਤਰਖਾਣ) ਬਹੁਤ ਪ੍ਰਚੀਨ ਫਿਰਕਾ ਹਨ। ਜੱਸਾ ਸਿੰਘ ਦਾ ਹਾਲ ਕੇਵਲ ਰਵਾਇਤ ਦੇ ਆਧਾਰ ਤੇ ਹੈ ਅਤੇ ਇਤਿਹਾਸਕ ਤੌਰ ਤੇ ਭਰੋਸੇ ਯੋਗ ਨਹੀਂ।

੪. **ਇਤਿਹਾਸ ਰਾਮਗੜ੍ਹੀਆ ਮਿਸਲ, ਸੰਤ ਸਿੰਘ ਕਲਸੀ** — ਇਸ ਵਿਚ ਜੱਸਾ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਗਿਆਨ ਸਿੰਘ ਦੇ 'ਰਾਜ ਖ਼ਾਲਸਾ' ਦੇ ਅਧਾਰ ਤੇ ਲਿਖੀਆਂ ਗਈਆਂ ਹਨ।

੫. **ਰਾਮਗੜ੍ਹੀਏ ਕਿਵੇਂ ਬਣੇ, ਕਰਮ ਸਿੰਘ ਹਿਸਟੋਰੀਅਨ**–(ਫੁਲਵਾੜੀ ਅੰਕ ੪, ਨੰ: ੬)। ਇਹ ਲੇਖ ਇਤਿਹਾਸਕ ਖੋਜ ਦਾ ਸਿੱਟਾ ਹੈ। ਅਹਿਮਦ ਸ਼ਾਹ ਬਟਾਲੀਏ ਦੀ ਤਾਰੀਖ਼-ਇ-ਹਿੰਦ ਦੇ ਆਧਾਰ ਤੇ ਲਿਖਿਆ ਜਾਪਦਾ ਹੈ।

੬. **ਸਿੰਘ ਬਹਾਦਰ ਜੱਸਾ ਸਿੰਘ ਰਾਮਗੜ੍ਹੀਆ; ਹਜ਼ਾਰਾ ਸਿੰਘ ਗੁਰਦਾਸਪੁਰੀ** – (੧੯੫੧)। ਇਹ ਪੁਸਤਕ ਜੱਸਾ ਸਿੰਘ ਦੀਆਂ



Sri Satguru Jagjit Singh Ji eLibrary NamdhariElibrary@gmail.com

ਜੀਵਨ-ਘਟਨਾਵਾਂ ਦਾ ਇਕ ਸੰਖੇਪ ਸੰਗ੍ਰਹਿ ਹੈ ਅਤੇ ਇਕ ਉਤਸ਼ਾਹੀ ਰਾਮਗੜ੍ਹੀਏ ਵੱਲੋਂ ਲਿਖੀ ਗਈ ਹੈ।

ਹੇਠ ਲਿਖੀਆਂ ਪੁਸਤਕਾਂ ਹਵਾਲੇ ਲਈ ਵਰਤੀਆਂ ਗਈਆਂ ਹਨ :–

੭. ਗੁਰਸ਼ਬਦ ਰਤਨਾਕਰ, ਕਾਹਨ ਸਿੰਘ।
੮. ਸ਼ਮਸ਼ੇਰ ਖ਼ਾਲਸਾ, ਗਿਆਨ ਸਿੰਘ।
੯. ਮਹਾਰਾਜਾ ਕੌੜਾ ਮਲ ਬਹਾਦਰ, ਗੰਡਾ ਸਿੰਘ।
੧੦. ਨਵਾਬ ਕਪੂਰ ਸਿੰਘ, ਪ੍ਰੇਮ ਸਿੰਘ ਹੋਤੀ।
੧੧. ਖ਼ਾਲਸਾ ਰਾਜ ਦੇ ਉਸਰਈਏ, ਪ੍ਰੇਮ ਸਿੰਘ ਹੋਤੀ।
੧੨. ਮਹਾਰਾਜਾ ਰਣਜੀਤ ਸਿੰਘ, ਸੀਤਾ ਰਾਮ ਕੋਹਲੀ।

## ਹਿੰਦੀ

੧. ਪੰਜਾਬ ਕਾ ਇਤਿਹਾਸ, ਧਰਮ ਵੀਰ।

## ਅੰਗਰੇਜ਼ੀ

੧. ਹਿਸਟਰੀ ਆਫ਼ ਦੀ ਓਰਿਜਨ ਐਂਡ ਪ੍ਰਾਗਰੈਸ ਆਫ਼ ਦੀ ਸਿਖਸ (ਇੰਨ ਇੰਡੀਆ ਟਰੈਕਟਸ), ਜੇਮਜ਼ ਬਰਾਊਨ — ਸਤੰਬਰ ੧੭੮੭ ਵਿਚ ਲਿਖੀ ਅਤੇ ੧੭੯੮ ਵਿਚ ਛਪੀ)। ਇਹ ਅੰਗਰੇਜ਼ ਲਿਖਾਰੀ ਦਿੱਲੀ ਵਿਖੇ ਸ਼ਾਹ ਆਲਮ ਦੇ ਦਰਬਾਰ ਵਿਚ ਇਕ ਵਜ਼ੀਰ ਸੀ। ਉੱਥੇ ਰਹਿੰਦਿਆਂ ਉਸ ਨੇ ਸਿੱਖਾਂ ਸੰਬੰਧੀ ਕੁਝ ਇਤਿਹਾਸਕ ਮਸਾਲਾ ਇਕੱਠਾ ਕੀਤਾ। ਗੁਰੂਆਂ ਦਾ ਸਮਾਂ ਲਿਖਦਿਆਂ ਲਿਖਾਰੀ ਨੇ ਬਹੁਤ ਗ਼ਲਤੀਆਂ ਕੀਤੀਆਂ ਹਨ। ਪਰ ਮਿਸਲਾਂ ਦੇ ਸਮੇਂ ਦਾ ਇਤਿਹਾਸ ਠੀਕ ਲਿਖਿਆ ਗਿਆ ਹੈ। ਦਲ ਖ਼ਾਲਸਾ ਨੂੰ ਜੱਥੇਬੰਦ ਕਰਨ ਵਾਲੇ ਸਭ ਆਗੂਆਂ ਦਾ ਹਾਲ ਇਸ ਪੁਸਤਕ ਵਿਚ ਮਿਲਦਾ ਹੈ।



Sri Satguru Jagjit Singh Ji eLibrary NamdhariElibrary@gmail.com

੨. **ਏ ਜ਼ਰਨੀ ਫ਼ਰਾਮ ਬੰਗਾਲ ਟੂ ਇੰਗਲੈਂਡ, ਜਾਰਜ ਫ਼ਾਰੈਸਟਰ**– (੧੭੯੮ ਲੰਡਨ ਵਿਚ ਛਪੀ)। ਇਹ ਲਿਖਾਰੀ ਈਸਟ ਇੰਡੀਆ ਕੰਪਨੀ ਦਾ ਇਕ ਨੌਕਰ ਸੀ। ਉਸ ਨੇ ਭਾਰਤ ਵਿਚ ਇਕ ਭਾਰਤੀ ਮੁਸਲਮਾਨ ਦੇ ਭੇਸ ਵਿਚ ਸਫ਼ਰ ਕੀਤਾ। ਉਸ ਨੇ ਸਿੱਖਾਂ ਸੰਬੰਧੀ ਬਹੁਤ ਘਟਨਾਵਾਂ ਇਕੱਤਰ ਕਰਨ ਤੋਂ ਉਪਰੰਤ ਇਕ ਭਰੋਸੇ ਯੋਗ ਇਤਿਹਾਸ ਤਿਆਰ ਕੀਤਾ। ਲਿਖਾਰੀ ਜੱਸਾ ਸਿੰਘ ਦੇ ਤਲਵਾੜੇ ਦੇ ਕਿਲੇ ਦਾ ਹਾਲ ਜੱਸਾ ਸਿੰਘ ਦੇ ਇਲਾਕੇ ਵਿੱਚੋਂ ਲੰਘਦਾ ਹੋਇਆ ਲਿਖਦਾ ਹੈ।

੩. **ਪਰਸ਼ੀਅਨ ਰੀਕਾਰਡਜ਼ ਆਫ਼ ਮਰਾਠਾ ਹਿਸਟਰੀ** – (ਸਰ ਜਾਦੂ ਨਾਥ ਸਰਕਾਰ ਦਾ ਉਲਥਾ ਅਤੇ ਆਰਕਿਆਈਵਜ਼ ਡੀਪਾਰਮੈਂਟ ਬੰਬਈ ਵੱਲੋਂ ਪ੍ਰਕਾਸ਼ਿਤ ੧੯੫੩)। ਇਸ ਵਿਚ ਉੱਤਰ ਵੱਲ ਦੇ ਮਰਹੱਟੇ ਸਿਪਾਹੀਆਂ ਵੱਲੋਂ ਆਪਣੇ ਘਰ ਜਾਂ ਪੇਸ਼ਵਾ ਦੇ ਕਰਮਚਾਰੀਆਂ ਨੂੰ ਲਿਖੇ ਗਏ ਪੱਤਰ ਹਨ। ਇਨ੍ਹਾਂ ਵਿਚ ਅਬਦਾਲੀ ਦੇ ਅੰਤਲੇ ਹੱਲੇ ਦਾ ਹਾਲ ਬਿਲਕੁਲ ਸੱਚਾ ਦਸਿਆ ਗਿਆ ਹੈ। ਜੱਸਾ ਸਿੰਘ ਦੀ ਜਲੰਧਰ ਦੁਆਬ ਦੇ ਸਿੱਖ ਸਰਦਾਰਾਂ ਨਾਲ ਲੜਾਈ ਅਤੇ ਅਹਿਮਦ ਸ਼ਾਹ ਵਿਰੁੱਧ ਜੰਗ ਦਾ ਹਾਲ ਵੀ ਚੰਗਾ ਵਰਣਨ ਕੀਤਾ ਗਿਆ ਹੈ।

੪. **ਹਿਸਟਰੀ ਆਫ਼ ਦੀ ਰੇਨ ਆਫ਼ ਸ਼ਾਹ ਆਲਮ, ਡਬਲਯੂ ਫ਼ਰੈਂਕਲਿਨ** – ਇਸ ਪੁਸਤਕ ਵਿਚ ਮਾਜਦ-ਉਦ-ਦੌਲਾ ਦੇ ਪਟਿਆਲੇ ਉੱਪਰ ਹੱਲੇ ਬਾਰੇ ਵਿਸਥਾਰ-ਪੂਰਬਕ ਹਾਲ ਲਿਖੇ ਹੋਏ ਹਨ ਅਤੇ ਅਠਾਰ੍ਹਵੀਂ ਸਦੀ ਵਿਚ ਰਾਮਗੜ੍ਹੀਆ ਮਿਸਲ ਦੀ ਫੌਜੀ ਤਾਕਤ ਦਾ ਵੀ ਵਰਣਨ ਕੀਤਾ ਗਿਆ ਹੈ।

੫. **ਐਨਲਜ਼ ਆਫ਼ ਰਾਮਗੜ੍ਹੀਆ ਸਰਦਾਰਜ਼, ਸੁੰਦਰ ਸਿੰਘ ਰਾਮਗੜ੍ਹੀਆ** – (੧੯੦੨)। ਸੁੰਦਰ ਸਿੰਘ ਰਾਮਗੜ੍ਹੀਆ ਜੱਸਾ ਸਿੰਘ ਰਾਮਗੜ੍ਹੀਏ ਦੇ ਸਭ ਤੋਂ ਛੋਟੇ ਭਰਾ ਤਾਰਾ ਸਿੰਘ ਦੇ ਖ਼ਾਨਦਾਨ



Sri Satguru Jagjit Singh Ji eLibrary NamdhariElibrary@gmail.com

ਵਿੱਚੋਂ ਹੈ। ਇਹ ਪੁਸਤਕ ਲਿਖਣ ਵਿਚ ਨਵੀਨ ਪੁਸਤਕਾਂ ਤੋਂ ਛੁਟ ਕੁਝ ਘਰੋਗੀ ਕਾਗਜ਼-ਪੱਤਰ ਵੀ ਵਰਤੇ ਗਏ। ਇਹ ਕਾਗਜ਼ ਸ: ਮੰਗਲ ਸਿੰਘ ਰਾਮਗੜ੍ਹੀਏ ਦੇ ਸਮੇਂ ਦੇ ਸਨ। ਜੱਸਾ ਸਿੰਘ ਦੇ ਸਮੇਂ ਦੇ ਹਾਲਾਤ ਨਵੀਨ ਪੁਸਤਕਾਂ ਦੇ ਆਧਾਰ ਤੇ ਹੀ ਲਿਖੇ ਗਏ ਹਨ।

**ਹੇਠ ਲਿਖੀਆਂ ਪੁਸਤਕਾਂ ਹਵਾਲਿਆਂ ਲਈ ਵਰਤੀਆਂ ਹਨ :**


੧. ਕਲੈਂਡਰ ਆਫ਼ ਪਰਸ਼ੀਅਨ ਕਾਰੈਸਪਾਂਡੈਨਸ—ਨੈਸ਼ਨਲ ਆਰਕਿ-ਆਈਵਜ਼ ਵਲੋਂ ਉਲੱਥਾ; ।

੨. ਏ ਗਲਾਸਰੀ ਆਫ਼ ਕਾਸਟਸ ਐਂਡ ਟਰਾਈਬਜ਼ ਇੰਨ ਦੀ ਪੰਜਾਬ ਐਂਡ ਐਨ. ਡਬਲਯੂ. ਐਫ.ਪੀ. ਐੱਚ.ਏ. ਰੋਜ਼ (ਤਿੰਨ ਭਾਗ)।

੩. ਹਿਸਟਰੀ ਆਫ਼ ਪੰਜਾਬ, ਸੱਯਦ ਮੁਹੰਮਦ ਲਤੀਫ਼।

੪. ਅੰਮ੍ਰਿਤਸਰ ਗਜ਼ਟੀਅਰ।

੫. ਗੁਰਦਾਸਪੁਰ ਗਜ਼ਟੀਅਰ।

੬. ਜਾਲੰਧਰ ਗਜ਼ਟੀਅਰ।

੭. ਹੁਸ਼ਿਆਰਪੁਰ ਗਜ਼ਟੀਅਰ।

੮. ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ (ਪ੍ਰਾਂਤਿਕ) ਪੰਜਾਬ (੨ ਭਾਗ)।

੯. ਦੀ ਲੈਂਡ ਆਫ਼ ਫ਼ਾਈਵ ਰਿਵਰਜ਼, ਡੇਵਿਡ ਰਾਸ।

੧੦. ਹਿਸਟਰੀ ਆਫ਼ ਪੰਜਾਬ, ਰਾਈਜ਼, ਪ੍ਰਾਗਰੈਸ ਐਂਡ ਪ੍ਰੈਜ਼ੈਂਟ ਕੰਡੀਸ਼ਨ ਆਫ਼ ਦੀ ਸੈਕਟ ਐਂਡ ਨੇਸ਼ਨ ਆਫ਼ ਦੀ ਸਿਖਸ-(੧੮੪੬) ਐਲਨ ਐਂਡ ਕੰਪਨੀ ਵੱਲੋਂ ਪ੍ਰਕਾਸ਼ਿਤ।

੧੧. ਸਿਖਸ ਇੰਨ ਦੀ ਅਪਰ ਦੁਆਬ, ਵਿਲੀਅਮਜ਼।

੧੨. ਹਿਸਟਰੀ ਆਫ਼ ਸਿਖਸ, ਕਨਿੰਘਮ।

੧੩. ਹਿਸਟਰੀ ਆਫ਼ ਪੰਜਾਬ ਹਿਲ ਸਟੇਟਸ, ਹਚਿਨਸਨ। (੨ ਭਾਗ)

੧੪. ਹਿਸਟਰੀ ਆਫ਼ ਸਿਖਸ ਮੈਕਗਰੈਗਰ।

੧੫. ਉਰਿਜਨ ਆਫ਼ ਦੀ ਸਿਖ ਪਾਵਰ ਇੰਨ ਦੀ ਪੰਜਾਬ ਐਂਡ ਪੋਲੀਟੀਕਲ ਲਾਈਫ਼ ਆਫ਼ ਮਹਾਰਾਜਾ ਰਣਜੀਤ ਸਿੰਘ, ਐੱਚ. ਟੀ. ਪ੍ਰਿੰਸਿਪ।




Sri Satguru Jagjit Singh Ji eLibrary NamdhariElibrary@gmail.com

੧੬. ਰਾਜਾਜ਼ ਆਫ਼ ਦੀ ਪੰਜਾਬ, ਗ੍ਰਿਫਨ।
੧੭. ਰਣਜੀਤ ਸਿੰਘ, ਗ੍ਰਿਫਨ।
੧੮. ਹਿਸਟਰੀ ਆਫ਼ ਸਿਖਸ, ਹੈਨਰੀ ਕੋਰਟ।
੧੯. ਏ ਸ਼ਾਰਟ ਹਿਸਟਰੀ ਆਫ਼ ਸਿਖਸ, ਪੇਨ।
੨੦. ਇਮਪੀਰੀਅਲ ਗਜ਼ਟੀਅਰ ਆਫ਼ ਇੰਡੀਆ, ਹੰਟ੍ਰਰ—(ਭਾਗ ੭ ਤੋਂ ੧੦) ੧੯੧੯।
੨੧. ਜਰਨਲ ਆਫ਼ ਪੰਜਾਬ ਯੂਨੀਵਰਸਿਟੀ ਹਿਸਟਾਰੀਕਲ ਸੋਸਾਇਟੀ—ਅੰਕ ੪, ਭਾਗ ੧, ਅਪਰੈਲ ੧੯੩੫।
੨੨. ਜਰਨਲ ਆਫ਼ ਪੰਜਾਬ ਯੂਨੀਵਰਸਿਟੀ ਹਿਸਟਾਰੀਕਲ ਸੋਸਾਇਟੀ—ਅੰਕ ੩, ਭਾਗ ੧, ਅਪਰੈਲ ੧੯੩੪।
੨੩. ਹਿਸਟਰੀ ਆਫ਼ ਸਿਖਸ, ਗੁਪਤਾ—(੩ ਭਾਗ)।
੨੪. ਟਰਾਂਸਫ਼ਾਰਮੇਸ਼ਨ ਆਫ਼ ਸਿਖਇਜ਼ਮ, ਨਾਰੰਗ।
੨੫. ਹਿਸਟਰੀ ਐਂਡ ਫ਼ਿਲਾਸਫ਼ੀ ਆਫ਼ ਸਿਖ ਰਿਲੀਜਨ, ਖ਼ਜ਼ਾਨ ਸਿੰਘ—(੨ ਭਾਗ)।
੨੬. ਫ਼ਾਲ ਆਫ਼ ਦੀ ਮੁਗ਼ਲ ਐਂਪਾਇਰ, ਸਰਕਾਰ।
੨੭. ਰਾਈਜ਼ ਆਫ਼ ਦੀ ਸਿਖ ਪਾਵਰ, ਸਿਨਹਾ।
੨੮. ਰਣਜੀਤ ਸਿੰਘ, ਸਿਨਹਾ। ੨੯. ਰਣਜੀਤ ਸਿੰਘ, ਬੈਨਰਜੀ।
੩੦. ਏ ਸ਼ਾਰਟ ਹਿਸਟਰੀ ਆਫ਼ ਸਿਖਸ, ਅਬਦੁਲ ਕਾਦਰ।
੩੧. ਏ ਸ਼ਾਰਟ ਹਿਸਟਰੀ ਆਫ਼ ਸਿਖਸ ਤੇਜਾ ਸਿੰਘ, ਗੰਡਾ ਸਿੰਘ।
੩੨. ਅਹਿਮਦ ਸ਼ਾਹ ਦੁਰਾਨੀ, ਗੰਡਾ ਸਿੰਘ (ਅਣ-ਪ੍ਰਕਾਸ਼ਤ)।
੩੩. ਉਰਿਜਨ ਐਂਡ ਫ਼ਾਰਮੇਸ਼ਨ ਆਫ਼ ਦੀ ਰਾਮਗੜ੍ਹੀਆਜ਼, ਟਹਿਲ ਸਿੰਘ ਨਾਰੂ।
੩੪. ਜੱਸਾ ਸਿੰਘ ਰਾਮਗੜ੍ਹੀਆ, ਲਾਇਲ ਐਂਡ ਵੇਲੀਐਂਟ ਸਿਖ; ਕਪੂਰ ਸਿੰਘ (ਆਈ. ਸੀ. ਐਸ.)— ਸਪੋਕਸਮੈਨ, ਅੰਕ ੩, ਨੰ: ੨੮, ਮਿਤੀ ੧੫ ਜੁਲਾਈ ੧੯੫੩।



Sri Satguru Jagjit Singh Ji eLibrary NamdhariElibrary@gmail.com

# ਇੰਡੈਕਸ

### ਅ

ਅਦੀਨਾ ਬੇਗ, ੩੨, ੩੯, ੪੦, ੪੧, ੪੨, ੪੩, ੪੪, ੪੬, ੫੨, ੫੭, ੫੮, ੬੮, ੭੦,
ਅਨੰਦਪੁਰ ਸਾਹਿਬ, ੩੪.
ਅੰਮ੍ਰਿਤਸਰ, ੩੫, ੫੩, ੫੫, ੫੭, ੫੮, ੬੦, ੬੨, ੬੩, ੬੫, ੬੬, ੬੮, ੭੦, ੧੧੫, ੧੧੭, ੧੨੧, ੧੨੮, ੧੩੨.
ਅਹਿਮਦ ਸ਼ਾਹ ਅਬਦਾਲੀ, ੩੭, ੪੭, ੫੧, ੫੪, ੫੯, ੬੨, ੬੩, ੬੪, ੬੬, ੬੭, ੬੮, ੬੯, ੭੨, ੭੫, ੧੨੪, ੧੨੮.
ਆਲਾ ਸਿੰਘ, ਮਹਾਰਾਜਾ, ੫੬, ੬੩.
ਅਜ਼ੀਜ਼ ਬਖ਼ਸ਼ੀ ਮੀਰ, ੫੮, ੫੯.
ਅਫ਼ਗ਼ਾਨਿਸਤਾਨ, ੬੩.
ਅਫ਼ਗਾਨ, ੬੪, ੧੧੭, ੧੧੮.
ਅੰਮ੍ਰਿਤ ਪਾਲ ਜਰਨੈਲ, ੭੭.
ਅਮਰ ਸਿੰਘ, ਮਹਾਰਾਜਾ, ੯੩, ੯੪, ੯੫, ੯੬, ੯੭, ੯੮.

### ੲ

ਈਚੋ ਗਿਲ, ੨੫, ੪੦.

### ਸ

ਸੂਰ ਸਿੰਘ, ੨੬.
ਸੁਖਾ ਸਿੰਘ ਮਾੜੀ ਕੰਬੋ, ੩੫.
ਸਦੀਕ ਬੇਗ, ੫੨.
ਸਰਹਿੰਦ, ੬੦, ੬੪, ੬੯.
ਸਤਲੁਜ, ੬੫, ੯੧, ੯੨, ੧੦੫.



Sri Satguru Jagjit Singh Ji eLibrary NamdhariElibrary@gmail.com

ਸੰਸਾਰ ਚੰਦ, ੮੧, ੮੨, ੧੦੩, ੧੦੪, ੧੦੫, ੧੦੭, ੧੦੮, ੧੦੯, ੧੧੦, ੧੧੨.
ਸਿਆਲਕੋਟ, ੮੪.
ਸਾਫ਼ੀ ਮਿਰਜ਼ਾ, ੯੭.
ਸਦਾ ਕੌਰ, ੧੦੭, ੧੦੮, ੧੧੧, ੧੧੨, ੧੧੪, ੧੧੫, ੧੧੭.
ਸਾਹਿਬ ਸਿੰਘ ਬੇਦੀ, ੧੧੫.

ਹ

ਹਰਦਾਸ ਸਿੰਘ, ੨੬, ੨੭.
ਹਰਿਮੰਦਰ ਸਾਹਿਬ, ੫੫, ੫੭.
ਹਰਗੋਬਿੰਦ ਪੁਰ, ੭੦, ੭੫, ੮੬, ੮੯, ੧੦੭, ੧੧੭.
ਹਿਰਦੇ ਰਾਮ, ੭੯.
ਹਕੀਕਤ ਸਿੰਘ ਕਨ੍ਹਈਆ, ੮੨, ੧੦੭.
ਹਰੀ ਸਿੰਘ ਸਿਆਲਬਾ, ੯੫.
ਹੁਮਾਯੂੰ, ੧੩੧.
ਹਰੀ ਸਿੰਘ ਨਲੂਆ, ੧੩੬.

ਕ

ਕਪੂਰ ਸਿੰਘ (ਨਵਾਬ), ੩੧.
ਕੌੜਾ ਮੱਲ ਦੀਵਾਨ, ੪੧, ੪੩, ੪੭, ੫੦, ੫੧.
ਕੱਜ਼ਾਕ, ੬੬.
ਕਲਾਨੌਰ, ੭੦, ੯੦, ੧੧੩, ੧੧੪, ੧੩੧.
ਕਾਂਗੜਾ, ੭੨, ੭੩, ੭੭, ੮੨, ੧੦੩, ੧੩੪.
ਕਸੂਰ, ੭੮, ੧੧੫, ੧੩੪.

ਖ

ਖ਼ੁਸ਼ਹਾਲ ਸਿੰਘ, ੨੭.
ਖ਼ਵਾਜਾ ਉਬੇਦ, ੬੯.



Sri Satguru Jagjit Singh Ji eLibrary NamdhariElibrary@gmail.com

### ਗ

ਗੁਰੂ ਗ੍ਰੰਥ ਸਾਹਿਬ, ੨੫, ੨੮.
ਗੁਰਦਿਆਲ ਸਿੰਘ ਪੰਜ ਗੜ੍ਹ, ੨੮.
ਗੁਰੂ ਗੋਬਿੰਦ ਸਿੰਘ, ੩੬.
ਗੁਰੂ ਪੰਥ, ੪੬.
ਗੰਡਾ ਸਿੰਘ, ਭੰਗੀ, ੮੨, ੮੩.
ਗੁਰਬਖ਼ਸ਼ ਸਿੰਘ ਕੰਨ੍ਹਈਆ, ੧੦੬, ੧੦੭, ੧੧੧.
ਗੁਜਰਾਂਵਾਲਾ, ੧੧੬.
ਗੁਲਾਬ ਸਿੰਘ ਭੰਗੀ, ੧੨੧.

### ਘ

ਘੱਲੂਘਾਰਾ, ੬੦.
ਘੁਮੰਡ ਚੰਦ ਕਟੋਚ, ੭੨, ੭੭, ੮੧.

### ਚ

ਚੜ੍ਹਤ ਸਿੰਘ ਸੁਕਰਚਕੀਆ, ੬੯, ੮੦, ੮੩, ੮੭, ੮੮.
ਚੰਬਾ, ੭੩, ੧੧੧, ੧੨੫.

### ਜ

ਜੈ ਸਿੰਘ (ਜੱਸਾ ਸਿੰਘ ਦਾ ਭਰਾ), ੨੭.
ਜਲੰਧਰ, ੩੨, ੩੯, ੬੩, ੭੨, ੭੪, ੭੭, ੯੧.
ਜੱਸਾ ਸਿੰਘ ਆਹਲੂਵਾਲੀਆ, ੩੯, ੬੨, ੬੫, ੬੬, ੮੪, ੮੫, ੮੮, ੧੦੪, ੧੨੫, ੧੨੮.
ਜਹਾਨ ਖ਼ਾਂ, ੫੪, ੫੭, ੬੬.
ਜੈ ਸਿੰਘ ਕਨ੍ਹਈਆ, ੫੮, ੬੮, ੭੮, ੮੦, ੮੧, ੮੨, ੮੪, ੮੮, ੯੮, ੧੦੨, ੧੦੪, ੧੦੫, ੧੦੬, ੧੦੭, ੧੦੮, ੧੦੯, ੧੧੦, ੧੧੧, ੧੨੬, ੧੨੭, ੧੨੮.
ਜੰਮੂ, ੭੬, ੭੭, ੮੩, ੧੦੨.



Sri Satguru Jagjit Singh Ji eLibrary NamdhariElibrary@gmail.com

ਜਹਾਂਗੀਰ; ੭੭.
ਜੋਧ ਸਿੰਘ, ੯੪, ੯੫, ੯੬, ੧੨੩, ੧੩੩, ੧੩੪, ੧੩੫.

ਝ

ਝੰਡਾ ਸਿੰਘ ਭੰਗੀ, ੮੩.

ਤ

ਤਾਰਾ ਸਿੰਘ, ੨੭, ੭੪, ੯੦, ੧੩੧, ੧੩੫, ੧੩੬.
ਤੈਮੂਰ ਖ਼ਾਂ, ੫੪, ੫੭, ੫੮.
ਤਲਵਾੜਾ, ੭੫.

ਦ

ਦਲ ਖ਼ਾਲਸਾ, ੩੪, ੩੬, ੪੮; ੫੧; ੮੪.
ਦਰਬਾਰ ਸਾਹਿਬ, ੬੨.
ਦੀਨਾ ਨਗਰ, ੭੦.
ਦਿੱਲੀ, ੯੯.

ਨ

ਨਾਦਰ ਸ਼ਾਹ, ੨੯, ੩੦, ੩੧.
ਨੰਦ ਸਿੰਘ ਸੰਘਾਣੀਆ, ੩੪.
ਨੂਰ ਮੁਹੰਮਦ ਕਾਜ਼ੀ, ੬੪, ੬੫, ੧੨੪.
ਨੂਰਪੁਰ, ੭੩, ੧੧੧.

ਪ

ਪਾਨੀਪਤ; ੫੯, ੬੭, ੯੭.
ਪੀਰ ਮੁਹੰਮਦ ਚੱਠਾ, ੮੩.

ਫ

ਫਗਵਾੜਾ; ੭੧; ੧੧੦, ੧੨੨.

ਬ

ਬਜਵਾੜਾ, ੨੭.



Sri Satguru Jagjit Singh Ji eLibrary NamdhariElibrary@gmail.com

ਬਟਾਲਾ, ੭੦, ੮੯, ੧੦੬, ੧੧੦, ੧੧੧, ੧੧੨.
ਬਘੇਲ ਸਿੰਘ ਕਰੋੜ ਸਿੰਘੀਆ, ੯੬, ੯੮, ੯੯, ੧੦੧, ੧੧੨.

ਭ

ਭਗਵਾਨ ਸਿੰਘ, ੨੫, ੨੬, ੨੭, ੨੮, ੨੯, ੩੧, ੩੨.
ਭੰਗੀ, ੭੧, ੮੩, ੧੦੫, ੧੨੦.
ਭਾਗ ਸਿੰਘ ਆਹਲੂਵਾਲੀਆ, ੯੨, ੧੦੪, ੧੧੦, ੧੧੩, ੧੨੨.

ਮ

ਮਾਲੀ ਸਿੰਘ, ੨੭, ੭੪, ੭੬, ੭੯, ੮੬, ੮੯, ੧੨੮, ੧੩੧.
ਮੁਈਨ-ਉਲ-ਮੁਲਕ ਜਾਂ ਮੀਰ ਮੰਨੂੰ, ੩੭, ੪੧, ੪੪, ੪੭, ੪੮, ੫੧, ੫੨, ੫੩, ੫੫, ੬੮.
ਮੁਗ਼ਲਾਣੀ ਬੇਗਮ, ੫੩, ੫੪, ੬੮.
ਮਲਹਾਰ ਰਾਓ, ੫੬.
ਮਨਸਾ ਸਿੰਘ ਡੱਲੇਵਾਲੀਆ, ੭੧.
ਮਾਜਦ-ਉਦ-ਦੌਲਾ, ਵਜ਼ੀਰ, ੯੬, ੯੭.
ਮਹਾਂ ਸਿੰਘ ਸੁਕਰਚੱਕੀਆ, ੧੦੧, ੧੦੨, ੧੦੪, ੧੦੭, ੧੦੯, ੧੨੭.
ਮਹਿਤਾਬ ਕੋਰ, ੧੦੩. ੧੦੮.
ਮਾਨ ਚੰਦ, ੧੧੨.
ਮਾਹਮੂਦ, ੧੨੬.
ਮੁਹੰਮਦ ਸ਼ਾਹ, ੧੨੯.
ਮੋਹਕਮ ਚੰਦ ਦੀਵਾਨ, ੧੩੪.

ਯ

ਯਾਹਯਾ ਖ਼ਾਂ, ੩੪, ੩੯.

ਰ

ਰਾਮ ਰਾਉਣੀ, ੩੫, ੩੮, ੪੪, ੪੫, ੪੮, ੫੦, ੬੧, ੧੩੨.



Sri Satguru Jagjit Singh Ji eLibrary NamdhariElibrary@gmail.com

ਰਾਮਗੜ੍ਹ, ੪੮, ੫੦, ੫੧, ੫੨, ੫੩, ੫੫, ੫੭, ੫੮, ੫੯, ੬੦, ੬੮.
ਰਘੁਨਾਥ ਰਾਓ ਮਰਹੱਟਾ, ੫੬.
ਰਾਜਾ ਰਾਜ ਸਿੰਘ, ੭੪, ੭੬, ੭੭.
ਰਾਜਾ ਰਣਜੀਤ ਦਿਓ, ੭੬, ੭੭, ੮੩.
ਰਣਜੀਤ ਸਿੰਘ ਮਹਾਰਾਜਾ, ੧੦੩, ੧੧੨, ੧੧੪, ੧੧੬, ੧੧੭, ੧੧੮, ੧੧੯, ੧੨੧, ੧੨੩, ੧੨੭, ੧੨੮, ੧੩੩, ੧੩੪, ੧੩੫, ੧੩੬.

### ਲ

ਲਾਹੌਰ, ੨੫, ੫੩, ੬੫, ੬੬, ੬੯, ੧੧੭, ੧੨੦, ੧੨੧.

### ਵ

ਵਜ਼ੀਰਾਬਾਦ, ੩੨.
ਵੈਲਜ਼ਲੀ ਲਾਰਡ, ੧੧੮, ੧੧੯.

### ਸ਼

ਸ਼ਾਹ ਨਵਾਜ਼ ਖ਼ਾਂ, ੩੪, ੪੭, ੫੧.
ਸ਼ੇਰ ਸ਼ਾਹ ਬਾਦਸ਼ਾਹ, ੬੦.
ਸ਼ਾਹ ਆਲਮ ਬਾਦਸ਼ਾਹ, ੯੬, ੯੭, ੯੮, ੧੦੦.
ਸ਼ਾਹ ਜ਼ਮਾਨ, ੧੧੭, ੧੨੦.

### ਜ਼

ਜ਼ਕਰੀਆ ਖ਼ਾਂ, ੨੬, ੩੦, ੩੧, ੩੨, ੩੩, ੩੯, ੫੮.
ਜ਼ੈਨ ਖ਼ਾਂ, ੬੦ ੬੩, ੬੯.

### ਫ਼

ਫ਼ਰਗੰਦ ਬਖ਼ਤ ਸ਼ਹਿਜ਼ਾਦਾ, ੯੬.

Sri Satguru Jagjit Singh Ji eLibrary NamdhariElibrary@gmail.com

ਟੈਲੀਫੋਨ : 267371

[illegible]

**ਭਾ: ਚਤਰ ਸਿੰਘ ਐਂਡ ਕੋ: ਪੁਸਤਕਾਂ ਵਾਲੇ**

(ਅੰਮ੍ਰਿਤਸਰ ਵਾਲੇ)

1687, ਕੂਚਾ ਸੇਂਟ ਮਲ, ਦਰੀਬਾ ਕਲਾਂ, ਦਿੱਲੀ-6

Sri Satguru Jagjit Singh Ji eLibrary NamdhariElibrary@gmail.com

# ਕੁਝ ਚੋਣਵੀਆਂ ਪੁਸਤਕਾਂ

| | | | |
|---|---|---|---|
| ਉੱਚਾ ਟਿੱਲਾ | (ਕਹਾਣੀਆਂ) | ਭੁਪਿੰਦਰ ਸਿੰਘ P.C.S. | 5-00 |
| ਸਰ ਦਾ ਬੂਝਾ | ,, | ਬਲਬੀਰ ਸਿੰਘ ਮੋਮੀ | 5-00 |
| ਦੁਖ ਸੁਖ | ,, | ਸੁਜਾਨ ਸਿੰਘ | 4-00 |
| ਦੁਖ ਸੁਖ ਤੋਂ ਪਿਛੋਂ | ,, | ,, ,, | 4-00 |
| ਸਭ ਰੰਗ | ,, | ,, ,, | 4-00 |
| ਡੇਢ ਆਦਮੀ | ,, | ,, ,, | 4-50 |
| ਸਵਾਲ ਜਵਾਬ | ,, | ,, ,, | 3-00 |
| ਖੰਭਾਂ ਦਾ ਸ਼ਿਕਾਰ | ,, | ,, ,, | 4-50 |
| ਜੰਮੂ ਜੀ, ਤੁਸੀਂ ਬੜੇ ਰਾਅ | ,, | ,, ,, | 7-00 |
| ਪੱਤਣ ਤੇ ਸਰਾਂ | ,, | ,, ,, | 5-00 |
| ਸੱਤ ਸੁਰਾਂ | ,, | ,, ,, | 6-00 |
| ਮੋਤੀਆਂ ਦੀ ਮਾਲਾ | ,, | ,, ,, | 4-00 |
| ਕਲਗੀ ਦੀਆਂ ਅਣੀਆਂ | ,, | ,, ,, | 5-00 |
| ਲਾਲੀ ਹਰਿਆਲੀ | ,, | ,, ,, | 2-50 |
| ਮੁਲਕ ਮਾਹੀ ਦਾ ਵੱਸੇ | ,, | ਪ੍ਰੋ: ਬੀਰ ਸਿੰਘ | 3-00 |
| ਬਾਬਾ ਹਰੀ ਸਿੰਘ ਉਸਮਾਨ | (ਨਾਵਲ) | ਕੇਸਰ ਸਿੰਘ | 9-00 |
| ਮਦਨ ਲਾਲ ਢੀਂਗਰਾ | ,, | ,, ,, | 9-00 |
| ਸਬਰ ਦੇ ਘੁੱਟ | ,, | ਗਿ: ਤ੍ਰਿਲੋਕ ਸਿੰਘ | 3-00 |
| ਪੁੰਨਿਆ ਦਾ ਚੰਨ | | ਡਾ: ਹਰਚਰਨ ਸਿੰਘ | 3-00 |
| ਮਿਟੀ ਧੁੰਦ ਜਗਿ ਚਾਨਣ ਹੋਆ | | ,, ,, | 6-00 |
| ਚਮਕੌਰ ਦੀ ਗੜ੍ਹੀ | | ,, ,, | 6-50 |
| ਸਦਾਚਾਰਕ ਲੇਖ | | ਪ੍ਰਿੰ: ਸਾਹਿਬ ਸਿੰਘ | 6-00 |
| ਮੇਰੀ ਜੀਵਨ-ਕਹਾਣੀ (ਸਚਿੱਤਰ) | | ,, ,, | 10-00 |
| ਗੁਰਦਾਸ ਨੰਗਲ ਦੇ ਸ਼ਹੀਦ | | ਗਿ: ਤ੍ਰਿਲੋਕ ਸਿੰਘ | 6-00 |
| ਨਵਾਂ ਜੁਗ | | ਪ੍ਰਿੰ: ਨਿਰੰਜਨ ਸਿੰਘ | 10-00 |
| ਸ਼ਕਰ-ਗੰਜ ਦੀ ਕਹਾਣੀ | | ,, ,, | 6-00 |
| ਜੀਵਨ ਯਾਤਰਾ ਮਾ: ਤਾਰਾ ਸਿੰਘ | | ,, ,, | 6-00 |
| ਜੀਵਨ-ਜੁਗਤਿ | | ,, ,, | 6-00 |
| ਮਾਸਟਰ ਤਾਰਾ ਸਿੰਘ (ਇਤਿਹਾਸਕ ਪੱਖ) | | ਪ੍ਰਿੰਸੀਪਲ ਕਪੂਰ | 1-25 |
| ਜੱਸਾ ਸਿੰਘ ਰਾਮਗੜ੍ਹੀਆ | | ,, ,, | 4-00 |
| ਭਾਈ ਕਾਨ੍ਹ ਸਿੰਘ ਨਾਭਾ | | ਸ਼ਮਸ਼ੇਰ ਸਿੰਘ ਅਸ਼ੋਕ | 5-00 |
| ਬੱਬਰ ਅਕਾਲੀ ਲਹਿਰ | | ਡਾ: ਸੁੰਦਰ ਸਿੰਘ ਬੱਬਰ | 7-50 |
| ਨਰੋਈ ਅੱਖ (ਸਚਿੱਤਰ) | | ਡਾ: ਦਲਜੀਤ ਸਿੰਘ | 6-50 |
| ਬ੍ਰਹਿਮੰਡ ਦੀ ਰਚਨਾ | | ਹਰਦੇਵ ਸਿੰਘ ਵਿਰਕ | 6-75 |
| ਗੁਰਬਾਣੀ ਸਿੱਖਿਆ ਕੋਸ਼ | | ਸੇਵਾ ਸਿੰਘ ਸੇਵਕ | 3-00 |
| ਗੁਰਮਤਿ ਸਿਧਾਂਤ ਤੇ ਦਰਸ਼ਨ | | ਪ੍ਰੋ: ਕੁਲਦੀਪ ਸਿੰਘ ਹਓਰਾ | 4-50 |
| ਜ਼ਫ਼ਰਨਾਮਾ : ਕਾਵਿ ਅਨੁਵਾਦ | | ਸ਼ਹਰਯਾਰ | 3-50 |

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕੋਊ ਕਿਸੀ ਕੋ ਰਾਜ ਨ ਦੇ ਹੈ ॥
ਜੋ ਲੇ ਹੈ, ਨਿਜ ਬਲ ਸੇ ਲੇ ਹੈ ॥

ਅਠਾਰ੍ਹਵੀਂ ਸਦੀ ਦਾ ਸਿੱਖ ਯੋਧਾ

# ਸ: ਜੱਸਾ ਸਿੰਘ ਰਾਮਗੜ੍ਹੀਆ

[੧੭੨੩–੧੮੦੨]

ਪ੍ਰਿੰ: ਪ੍ਰਿਥੀਪਾਲ ਸਿੰਘ ਕਪੂਰ, ਐਮ. ਏ.
ਗੁਰੂ ਨਾਨਕ ਨਵ ਭਾਰਤ ਕਾਲਜ, ਨਰੂੜ ਪਾਂਛਟ (ਕਪੂਰਥਲਾ)

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com